@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖਣਡ ਸੇ ਪ੍ਰਸਾਰਿਤ। (दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।)

Saturday, 2 March 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 2 ਮਾਰਚ 2024, 16 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 92, qpatrika@gmail.com ਫੋਨ : 9971359517 www.qaumipatrika.org

## ਮਹਾਦੇਵ ਐਪ : ਈ. ਡੀ. ਨੇ ਦੁਬਈ ਸਥਿਤ ਹਵਾਲਾ ਕਾਰੋਬਾਰੀ ਦੀ 580 ਕਰੋੜ ਦੀ ਜਾਇਦਾਦ ਕੀਤੀ ਜਬਤ

ਨਵੀਂ ਦਿੱਲੀ 1 ਮਾਰਚ। ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਮਹਾਦੇਵ ਐਪ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਮਾਮਲੇ




'ਚ ਆਪਣੀ ਤਾਜਾ ਛਾਪੇਮਾਰੀ ਦੌਰਾਨ ਦੁਬਈ ਦੇ ਇਕ ਹਵਾਲਾ ਵਪਾਰੀ ਦੀ 580 ਕਰੋੜ ਰੁਪਏ ਦੀ ਜਾਇਦਾਦ ਜਬਤ ਕੀਤੀ ਹੈ। ਨਾਲ ਹੀ 3.64 ਕਰੋੜ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਸ਼ੁੱਕਰਵਾਰ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਇਸ ਮਾਮਲੇ 'ਚ 28 ਫਰਵਰੀ ਨੂੰ ਕੋਲਕਾਤਾ, ਗੁਰੂਗ੍ਰਾਮ, ਦਿੱਲੀ, ਇੰਦੌਰ, ਮੁੰਬਈ ਤੇ ਰਾਏਪੁਰ ਦੀਆਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਸੀ। ਮਹਾਦੇਵ ਆਨਲਾਈਨ ਗੇਮਿੰਗ ਤੇ ਸੱਟੇਬਾਜੀ ਐਪ ਮਾਮਲੇ ਦੀ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਜਾਂਚ ਨੇ ਛੱਤੀਸਗੜ੍ਹ ਦੇ ਵੱਖ-ਵੱਖ ਨੇਤਾਵਾਂ ਤੇ ਨੌਕਰਸਾਹਾਂ ਦੀ ਕਥਿਤ ਸਮੂਲੀਅਤ ਦੇ ਸੰਕੇਤ ਦਿੱਤੇ ਹਨ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਏਜੰਸੀ ਨੇ ਇਸ ਮਾਮਲੇ 'ਚ ਇਕ 'ਹਵਾਲਾ ਕਾਰੋਬਾਰੀ' ਹਰੀ ਸੰਕਰ ਟਿਬਰੇਵਾਲ ਦੀ ਪਛਾਣ ਕੀਤੀ ਹੈ, ਜੋ ਕੋਲਕਾਤਾ ਦਾ ਰਹਿਣ ਵਾਲਾ ਹੈ ਪਰ ਫਿਲਹਾਲ ਦੁਬਈ 'ਚ ਰਹਿ ਰਿਹਾ ਹੈ।

## ਭਾਜਪਾ 'ਚ ਸ਼ਾਮਲ ਹੋਏ ਬੀ.ਆਰ.ਐੱਸ ਸੰਸਦ ਮੈਂਬਰ ਬੀ.ਬੀ. ਪਾਟਿਲ

ਨਵੀਂ ਦਿੱਲੀ 1 ਮਾਰਚ। ਤੇਲੰਗਾਨਾ ਦੇ ਜਹੀਰਾਬਾਦ ਸੰਸਦੀ ਖੇਤਰ ਤੋਂ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਦੇ ਸੰਸਦ ਮੈਂਬਰ ਭੀਮ ਰਾਵ ਬਸਵੰਤ ਰਾਵ ਪਾਟਿਲ ਸ਼ੁੱਕਰਵਾਰ ਨੂੰ ਭਾਜਪਾ 'ਚ ਸ਼ਾਮਲ ਹੋ ਗਏ। ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ, ਭਾਜਪਾ ਸੰਸਦੀ ਬੋਰਡ




ਦੇ ਮੈਂਬਰ ਕੇ. ਲਕਸ਼ਮਣ ਅਤੇ ਰਾਸ਼ਟਰੀ ਜਨਰਲ ਸਕੱਤਰ ਅਤੇ ਤੇਲੰਗਾਨਾ ਦੇ ਇੰਚਾਰਜ ਤਰੁਣ ਚੁਘ ਦੀ ਮੌਜੂਦਗੀ 'ਚ ਪਾਟਿਲ ਦੀ ਮੈਂਬਰਸ਼ਿਪ ਲਈ। ਪਿਛਲੇ 2 ਦਿਨਾਂ ਅੰਦਰ ਬੀ.ਆਰ.ਐੱਸ. ਲਈ ਇਹ ਦੂਜਾ ਝਟਕਾ ਲੱਗਾ ਹੈ। ਤੇਲੰਗਾਨਾ ਦੇ ਨਗਰਕੁਰਨੂਲ (ਰਾਖਵੀਂ) ਸੀਟ ਤੋਂ ਬੀ.ਆਰ.ਐੱਸ. ਸੰਸਦ ਮੈਂਬਰ ਅਤੇ ਦਲਿਤ ਨੇਤਾ ਪੀ. ਰਾਮੁਲੁ ਭਾਜਪਾ 'ਚ ਸ਼ਾਮਲ ਹੋਏ ਸਨ। 2 ਵਾਰ ਦੇ ਸੰਸਦ ਮੈਂਬਰ ਪਾਟਿਲ ਨੇ ਪਿਛਲੀਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਉਮੀਦਵਾਰ ਕੇ. ਮਦਨ ਮੋਹਨ ਰਾਵ ਨੂੰ 6 ਹਜਾਰ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ।

## ਸਿਲਕਿਆਰਾ ਸੁਰੰਗ ਦੇ ਨਾਇਕ ਨੂੰ ਪੀ. ਐੱਮ. ਏ. ਵਾਈ. ਯੋਜਨਾ ਅਧੀਨ ਦਿੱਤਾ ਜਾਵੇਗਾ ਘਰ

ਨਵੀਂ ਦਿੱਲੀ 1 ਮਾਰਚ। ਉੱਤਰ-ਪੂਰਬੀ ਦਿੱਲੀ ਦੇ ਸੰਸਦ ਮੈਂਬਰ ਮਨੋਜ ਤਿਵਾੜੀ ਨੇ ਵੀਰਵਾਰ ਨੂੰ ਕਿਹਾ ਕਿ ਸਿਲਕਿਆਰਾ ਸੁਰੰਗ ਤੋਂ ਮਜਦੂਰਾਂ ਨੂੰ ਕੱਢਣ ਵਾਲੀ ਟੀਮ ਦਾ ਹਿੱਸਾ ਰਹੇ ਵਕੀਲ ਹਸਨ ਦਾ ਘਰ




ਕੁਝ 'ਕਾਨੂੰਨੀ ਮੁੱਦਿਆਂ' ਨਾਲ ਜੁੜਿਆ ਹੋਇਆ ਸੀ। ਤਿਵਾੜੀ ਨੇ ਭਰੋਸਾ ਦਿਵਾਇਆ ਕਿ ਜਲਦੀ ਹੀ ਹਸਨ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀ. ਐੱਮ. ਏ. ਵਾਈ.) ਤਹਿਤ ਘਰ ਦਿੱਤਾ ਜਾਵੇਗਾ। ਉੱਤਰ-ਪੂਰਬੀ ਦਿੱਲੀ ਦੇ ਖਜੂਰੀ ਖਾਸ ਇਲਾਕੇ 'ਚ ਦਿੱਲੀ ਵਿਕਾਸ ਅਥਾਰਟੀ (ਡੀ. ਡੀ. ਏ.) ਵਲੋਂ ਚਲਾਈ ਗਈ ਕਾਰਵਾਈ 'ਚ ਹਸਨ ਦੇ ਘਰ ਨੂੰ ਢਾਹ ਦਿੱਤਾ ਗਿਆ ਸੀ। ਮੁਹਿੰਮ ਦੌਰਾਨ ਕਈ ਹੋਰ ਮਕਾਨ ਵੀ ਢਾਹ ਦਿੱਤੇ ਗਏ ਸਨ। ਇਸ ਤੋਂ ਬਾਅਦ ਹਸਨ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਫੁੱਟਪਾਥ 'ਤੇ ਰਾਤ ਕੱਟਣ ਲਈ ਮਜਬੂਰ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਸਿੰਦਰੀ ਖਾਦ ਪਲਾਂਟ ਦਾ ਕੀਤਾ ਉਦਘਾਟਨ

**ਸਿੰਮੀ ਕੌਰ ਬੱਬਰ**

ਧਨਬਾਦ 1 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਝਾਰਖੰਡ ਵਿੱਚ 35,700 ਕਰੋੜ ਰੁਪਏ ਦੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਨੇ ਧਨਬਾਦ ਜ਼ਿਲ੍ਹੇ ਦੇ ਸਿੰਦਰੀ ਵਿਖੇ ਸਥਿਤ ਹਿੰਦੁਸਤਾਨ ਫਰਟੀਲਾਈਜਰਜ ਐਂਡ ਕੈਮੀਕਲਜ ਲਿਮਟਿਡ (ਐਚਯੂਆਰਐਲ) ਦਾ 8,900 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਵਿਕਸਤ ਖਾਦ ਪਲਾਂਟ ਨੂੰ ਰਾਸਟਰ ਨੂੰ ਸਮਰਪਿਤ ਕੀਤਾ। ਇਹ ਪਲਾਂਟ ਦੇਸ ਵਿੱਚ ਦੇਸੀ ਯੂਰੀਆ ਉਤਪਾਦਨ ਵਿੱਚ ਪ੍ਰਤੀ ਸਾਲ ਲਗਭਗ 12.7



ਐੱਲ.ਐੱਮ.ਟੀ. (ਲੱਖ ਮੀਟ੍ਰਿਕ ਟਨ) ਦਾ ਵਾਧਾ ਕਰੇਗਾ ਜਿਸਦਾ ਦੇਸ ਦੇ ਕਿਸਾਨਾਂ ਨੂੰ ਫਾਇਦਾ ਹੋਵੇਗਾ। ਗੋਰਖਪੁਰ ਅਤੇ ਰਾਮਾਗੁੰਡਮ ਵਿਖੇ ਖਾਦ ਪਲਾਂਟਾਂ ਦੀ ਤਬਦੀਲੀ ਤੋਂ ਬਾਅਦ ਦੇਸ ਵਿੱਚ ਮੁੜ ਚਾਲੂ ਹੋਣ ਵਾਲਾ ਇਹ ਤੀਜਾ ਖਾਦ ਪਲਾਂਟ ਹੈ। ਪ੍ਰਧਾਨ ਮੰਤਰੀ ਨੇ ਦਸੰਬਰ 2021 ਅਤੇ ਨਵੰਬਰ 2022 ਵਿੱਚ ਕ੍ਰਮਵਾਰ ਗੋਰਖਪੁਰ ਅਤੇ ਰਾਮਗੁੰਡਮ ਵਿੱਚ ਖਾਦ ਪਲਾਂਟ ਰਾਸਟਰ ਨੂੰ ਸਮਰਪਿਤ ਕੀਤੇ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਯੂਰੀਆ ਦਾ ਉਤਪਾਦਨ 2014 ਵਿੱਚ 225 ਲੱਖ ਟਨ ਤੋਂ ਵਧ ਕੇ ਹੁਣ 310 ਲੱਖ ਟਨ ਹੋ ਗਿਆ ਹੈ, ਜੋ ਖਾਦ ਖੇਤਰ ਵਿੱਚ ਸਵੈ-ਨਿਰਭਰਤਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪੀ.ਐੱਮ. ਮੋਦੀ ਨੇ ਝਾਰਖੰਡ ਵਿੱਚ 26,000 ਕਰੋੜ ਰੁਪਏ ਤੋਂ ਵੱਧ ਦੇ ਰੇਲ, ਬਿਜਲੀ ਅਤੇ ਕੋਲੇ ਦੇ ਪ੍ਰੋਜੈਕਟ ਵੀ ਲਾਂਚ ਕੀਤੇ। ਉਨ੍ਹਾਂ ਕਿਹਾ ਕਿ ਝਾਰਖੰਡ ਨੂੰ 35 ਹਜਾਰ ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਦੀ ਸੌਗਾਤ ਮਿਲੀ ਹੈ। ਸਿੰਦਰੀ ਖਾਦ ਪਲਾਂਟ ਨੂੰ ਮੁੜ ਸੁਰਜੀਤ ਕਰਨ ਦੀ ਮੋਦੀ ਦੀ ਗਰੰਟੀ ਅੱਜ ਪੂਰੀ ਹੋ ਗਈ। ਇਸ ਪਲਾਂਟ ਦੇ ਰਾਸਟਰ ਨੂੰ ਸਮਰਪਿਤ ਹੋਣ ਨਾਲ ਭਾਰਤ ਯੂਰੀਆ ਵਿੱਚ ਆਤਮਨਿਰਭਰ ਹੋ ਜਾਵੇਗਾ।

# 'ਆਪ' ਸਰਕਾਰ ਦੀਆਂ ਯੋਜਨਾਵਾਂ ਬੰਦ ਕਰਨ 'ਤੇ ਉੱਪ ਰਾਜਪਾਲ 'ਤੇ ਭੜਕੇ ਕੇਜਰੀਵਾਲ

**ਏਜੰਸੀਆਂ**

ਨਵੀਂ ਦਿੱਲੀ 1 ਮਾਰਚ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਨੂੰ ਦੋਸ਼ ਲਗਾਇਆ ਕਿ ਉੱਪ ਰਾਜਪਾਲ ਵੀ.ਕੇ. ਸਕਸੈਨਾ ਨੇ ਅਧਿਕਾਰੀਆਂ ਨੂੰ ਬੱਸ ਮਾਰਸ਼ਲ ਯੋਜਨਾ ਸਮੇਤ ਸੂਬਾ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਰੋਕਣ ਲਈ ਕਿਹਾ ਹੈ। ਮੁੱਖ ਮੰਤਰੀ ਨੇ ਇਸ ਦੋਸ਼ 'ਤੇ ਉੱਪ ਰਾਜਪਾਲ ਦਫਤਰ ਵਲੋਂ ਫ਼ਿਲਹਾਲ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਦਿੱਲੀ ਟਰਾਂਸਪੋਰਟ ਨਿਗਮ (ਡੀਟੀਸੀ) ਅਤੇ ਕਲਸਟਰ ਬੱਸ 'ਚ ਮਾਰਸ਼ਲ ਵਜੋਂ ਤਾਇਨਾਤ ਨਾਗਰਿਕ ਸੁਰੱਖਿਆ ਸਵੈਮ ਸੇਵੀਆਂ ਨੂੰ ਹਟਾਉਣ ਦੇ ਮੁੱਦੇ 'ਤੇ ਦਿੱਲੀ ਵਿਧਾਨ ਸਭਾ 'ਚ ਕੇਜਰੀਵਾਲ ਨੇ ਕਿਹਾ ਕਿ ਇਹ ਯੋਜਨਾ 2015 ਤੋਂ 2022 ਤੱਕ ਸਹੀ ਤਰ੍ਹਾਂ ਚੱਲੀ। ਮੁੱਖ ਮੰਤਰੀ ਨੇ ਕਿਹਾ,"ਅਸੀਂ ਔਰਤਾਂ ਦੀ ਸੁਰੱਖਿਆ ਯਕੀਨੀ ਕਰਨ ਦੇ ਵਾਅਦੇ ਨਾਲ 2015 'ਚ ਸਰਕਾਰ ਬਣਾਈ ਸੀ। ਅਸੀਂ 5 ਸਾਲ 'ਚ ਸੀਸੀਟੀਵੀ ਕੈਮਰੇ ਲਗਾਏ, ਹਨ੍ਹੇਰੇ ਵਾਲੀਆਂ ਥਾਵਾਂ 'ਤੇ ਸਟ੍ਰੀਟ ਲਾਈਟ ਲਗਾਈਆਂ ਅਤੇ ਬੱਸਾਂ 'ਚ ਸੀਸੀਟੀਵੀ ਕੈਮਰੇ ਅਤੇ 'ਪੈਨਿਕ ਬਟਨ' ਲਗਾਏ ਅਤੇ ਮਾਰਸ਼ਲ



ਤਾਇਨਾਤ ਕੀਤੇ। ਬੱਸ ਮਾਰਸ਼ਲ ਵਲੋਂ ਕੀਤੇ ਗਏ ਚੰਗੇ ਕੰਮ ਦੇ ਕਈ ਉਦਾਹਰਣ ਮੌਜੂਦ ਹਨ।" ਉਨ੍ਹਾਂ ਕਿਹਾ ਕਿ ਬੱਸ ਮਾਰਸ਼ਲ ਯੋਜਨਾ ਦੇ ਅਧੀਨ 8 ਸਾਲਾਂ ਤੱਕ ਸਹੀ ਢੰਗ ਨਾਲ ਕੰਮ ਹੋਇਆ ਪਰ 2023 'ਚ ਅਧਿਕਾਰੀਆਂ ਨੇ ਇਹ ਕਹਿੰਦੇ ਹੋਏ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਗਏ ਨਾਗਰਿਕ ਸੁਰੱਖਿਆ ਸਵੈਮ ਸੇਵੀ ਮਾਰਸ਼ਲ ਵਜੋਂ ਕੰਮ ਨਹੀਂ ਕਰ ਸਕਦੇ। ਕੇਜਰੀਵਾਲ ਨੇ ਦੋਸ਼ ਲਗਾਇਆ,"ਉੱਪ ਰਾਜਪਾਲ ਨੇ ਅਧਿਕਾਰੀਆਂ ਨੇ ਬੱਸ ਮਾਰਸ਼ਲ ਯੋਜਨਾ ਰੋਕਣ ਲਈ ਕਿਹਾ ਹੈ। ਉੱਪ ਰਾਜਪਾਲ ਨੇ ਇਹ ਕਹਿੰਦੇ ਹੋਏ ਮਾਰਸ਼ਲ ਦੀ ਨਿਯੁਕਤੀ 'ਤੇ ਸਵਾਲ ਚੁੱਕੇ ਕਿ ਉੱਥੇ (ਬੱਸ 'ਚ) ਸੀ.ਸੀ.ਟੀ.ਵੀ. ਕੈਮਰੇ ਅਤੇ 'ਪੈਨਿਕ ਬਟਨ' ਹਨ।" ਉਨ੍ਹਾਂ ਨੇ ਭਾਜਪਾ 'ਤੇ ਦੋਸ਼ ਲਗਾਇਆ ਕਿ ਉਹ ਇਸ ਮੁੱਦੇ 'ਤੇ ਸਿਰਫ ਮਗਰਮੱਛ ਦੇ ਹੰਝੂ ਵਹਾ ਰਹੀ ਹੈ। ਉਨ੍ਹਾਂ ਨੇ ਪਾਣੀ 'ਤੇ ਵਧੇ ਹੋਏ ਬਿੱਲਾਂ ਲਈ ਇਕਮੁਸ਼ਤ ਹੱਲ ਯੋਜਨਾ 'ਤੇ ਸਕਸੈਨਾ ਦੀ ਚਿੱਠੀ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ,"ਉੱਪ ਰਾਜਪਾਲ ਦੀ ਚਿੱਠੀ 'ਚ ਸਹੀ ਭਾਸ਼ਾ ਦਾ ਇਸਤੇਮਾਲ ਨਹੀਂ ਕੀਤਾ ਗਿਆ ਸੀ।" ਉਨ੍ਹਾਂ ਕਿਹਾ ਕਿ ਅਜਿਹੀ ਭਾਸ਼ਾ ਦਾ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ।

## ਪੰਜਾਬ ਸਰਕਾਰ ਨੇ ਵੱਡਾ ਫੈਸਲਾ ਲੈਂਦਿਆਂ ਜਾਰੀ ਕੀਤੇ ਹੁਕਮ

ਚੰਡੀਗੜ੍ਹ/ਹੁਸ਼ਿਆਰਪੁਰ 1 ਮਾਰਚ। ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸੂਬਾ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਹੁਸ਼ਿਆਰਪੁਰ ਸਹਿਰ ਅਤੇ ਨਾਲ ਲੱਗਦੇ ਕੰਢੀ ਖੇਤਰਾਂ ਦੇ ਪਿੰਡਾਂ ਨੂੰ ਨਹਿਰੀ ਪਾਣੀ ਪ੍ਰੋਜੈਕਟ ਮੁਹੱਇਆ ਕਰਵਾਉਣ ਲਈ ਕਿਹਾ ਹੈ। ਆਪਣੇ ਦਫਤਰ ਵਿਚ ਜਲ ਸਪਲਾਈ ਤੇ ਸੈਨੀਟੇਸਨ, ਸਥਾਨਕ ਸਰਕਾਰਾਂ ਅਤੇ ਜਲ ਸ੍ਰੋਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੰਤਰੀ ਵੱਲੋਂ ਵਿਸ਼ੇਸ਼ ਰੂਪ ਵਿਚ ਹੁਸ਼ਿਆਰਪੁਰ ਸ਼ਹਿਰ ਵਿਚ ਪਾਣੀ ਦੇ ਲਗਾਤਾਰ ਡਿੱਗ ਰਹੇ



ਪੱਧਰ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਹਾਲਾਤ ਨੂੰ ਮੱਦੇਨਜਰ ਰੱਖਦੇ ਹੋਏ ਹੁਸ਼ਿਆਰਪੁਰ ਅਤੇ ਨਾਲ ਲੱਗਦੇ ਕੰਢੀ ਖੇਤਰਾਂ ਦੇ ਪਿੰਡਾਂ ਨੂੰ ਨਹਿਰੀ ਪਾਣੀ ਦੀ ਸੁਵਿਧਾ ਦਿੱਤੀ ਜਾਵੇ। ਜਿੰਪਾ ਵੱਲੋਂ ਨਹਿਰੀ ਪਾਣੀ ਪ੍ਰੋਜੈਕਟ ਦੀ ਤਜਵੀਜ ਨੂੰ ਸਥਾਨਕ ਸਰਕਾਰਾਂ, ਜਲ ਸ੍ਰੋਤ ਵਿਭਾਗ ਅਤੇ ਜਲ ਸਪਲਾਈ ਵਿਭਾਗ ਨਾਲ ਵਿਸਥਾਰਪੂਰਵਕ ਵਿਚਾਰਿਆ ਗਿਆ ਅਤੇ ਇਸਨੂੰ ਜਲਦ ਅਮਲੀ ਜਾਮਾ ਪਹਿਨਾਉਣ ਲਈ ਵੀ ਕਿਹਾ ਗਿਆ। ਮੀਟਿੰਗ ਦੌਰਾਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਅਵਹਾੜ, ਵਿਭਾਗ ਮੁਖੀ ਅਮਿਤ ਤਲਵਾੜ, ਸਥਾਨਕ ਸਰਕਾਰ ਵਿਭਾਗ ਦੀ ਪ੍ਰਮੁੱਖ ਸਕੱਤਰ ਦੀਪਤੀ ਉੱਪਲ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੁੱਖ ਇੰਜੀਨੀਅਰ (ਉੱਤਰ) ਜਸਬੀਰ ਸਿੰਘ ਅਤੇ ਜਲ ਸ੍ਰੋਤ ਵਿਭਾਗ ਦੇ ਮੁੱਖ ਇੰਜੀਨੀਅਰ ਸ਼ੇਰ ਸਿੰਘ ਸਮੇਤ ਵੱਖ-ਵੱਖ ਅਧਿਕਾਰੀ ਸ਼ਾਮਿਲ ਸਨ।

## ਸ਼ੰਭੂ ਬਾਰਡਰ ਤੋਂ ਕਿਸਾਨ ਆਗੂਆਂ ਦੀ ਪ੍ਰੈੱਸ ਕਾਨਫਰੰਸ, ਬਾਰਡਰ ਵਧਾਉਣ ਬਾਰੇ ਕੀਤਾ ਵੱਡਾ ਐਲਾਨ

ਨੈਸ਼ਨਲ ਡੈਸਕ 1 ਮਾਰਚ। ਕਿਸਾਨ ਆਗੂਆਂ ਵੱਲੋਂ ਦਿੱਲੀ ਕੂਚ ਬਾਰੇ ਸ਼ੰਭੂ ਬਾਰਡਰ ਤੋਂ ਇਕ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਲੀ ਕੂਚ ਦੌਰਾਨ ਰਸਤੇ 'ਚ ਆਉਣ ਵਾਲੇ ਬਾਰਡਰਾਂ ਦੀ ਗਿਣਤੀ 'ਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਹਰਿਆਣਾ ਪੁਲਸ ਦੀ ਗੋਲੀਬਾਰੀ 'ਚ ਮਾਰੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਅੰਤਿਮ ਅਰਦਾਸ ਦੇ ਭੋਗ ਤੋਂ ਬਾਅਦ ਬਾਰਡਰਾਂ 'ਚ ਵਾਧਾ ਕਰਦੇ ਹੋਏ ਡੱਬਵਾਲੀ ਬਾਰਡਰ 'ਤੇ ਵੀ ਮੋਰਚਾ ਖੋਲ੍ਹਣ ਦਾ ਐਲਾਨ ਕੀਤਾ ਹੈ। ਇਸ ਤੋਂ ਬਾਅਦ ਆਉਣ ਵਾਲੇ ਦਿਨਾਂ 'ਚ ਵੀ ਬਾਰਡਰਾਂ ਦੀ ਗਿਣਤੀ 'ਚ ਵਾਧਾ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਬਾਰਡਰਾਂ 'ਤੇ ਕਿਸਾਨ ਵੱਡੀ ਗਿਣਤੀ 'ਚ ਹਾਜਰ ਹੋਣਗੇ ਤੇ ਇਸ ਦੌਰਾਨ ਜੇਕਰ ਪੁਲਸ ਉਨ੍ਹਾਂ ਨੂੰ ਰੋਕੇਗੀ ਤਾਂ ਉਹ ਰੁਕਣਗੇ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਨਾਲ ਹੋਈਆਂ ਮੀਟਿੰਗਾਂ ਦੇਰ ਰਾਤ ਦੇ ਸਮੇਂ ਰੱਖੀਆਂ ਗਈਆਂ ਤਾਂ ਜੋ ਮੀਟਿੰਗ ਦੀ ਖਬਰ ਜ਼ਿਆਦਾ ਲੋਕਾਂ ਤੱਕ ਨਾ ਪਹੁੰਚ ਸਕੇ। ਉਨ੍ਹਾਂ ਸ਼ੁੱਭਕਰਨ ਦੀ ਮੌਤ ਬਾਰੇ ਬੋਲਦਿਆਂ ਵੀ ਕਿਹਾ ਕਿ ਕੇਂਦਰ ਸਰਕਾਰ ਨੂੰ ਪਤਾ ਸੀ ਕਿ ਕਿਸਾਨ ਆਗੂਆਂ ਵੱਲੋਂ




29 ਫਰਵਰੀ ਨੂੰ ਵੱਡਾ ਐਲਾਨ ਕੀਤਾ ਜਾਣਾ ਸੀ, ਇਸ ਕਾਰਨ ਉਨ੍ਹਾਂ ਨੇ ਸ਼ੁੱਭਕਰਨ ਦੀ ਮੌਤ ਬਾਰੇ ਐੱਫ.ਆਈ.ਆਰ. ਦਰਜ ਕਰ ਕੇ ਉਸ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਨੌਜਵਾਨ ਸ਼ੁੱਭਕਰਨ ਦੀ ਮੌਤ ਨੂੰ ਵਿਅਰਥ ਨਹੀਂ ਜਾਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਕੇਂਦਰ ਸਰਕਾਰ ਤੋਂ ਮੰਨਵਾ ਕੇ ਹੀ ਪਿੱਛੇ ਮੁੜਨਗੇ।

## ਗ੍ਰਹਿ ਮੰਤਰਾਲਾ ਦਾ ਸੂਬਿਆਂ ਨੂੰ ਹੁਕਮ, ਜਾਤੀ ਤੇ ਧਰਮ ਦੇ ਆਧਾਰ 'ਤੇ ਨਾ ਕੀਤਾ ਜਾਵੇ ਕੈਦੀਆਂ ਨੂੰ ਸ਼੍ਰੇਣੀਬੱਧ

ਨਵੀਂ ਦਿੱਲੀ, 1 ਮਾਰਚ। ਕੇਂਦਰ ਸਰਕਾਰ ਨੇ ਸੂਬਿਆਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਨੂੰ ਕਿਹਾ ਹੈ ਕਿ ਉਹ ਕੈਦੀਆਂ ਨੂੰ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਆਧਾਰ 'ਤੇ ਅਲੱਗ ਨਾ ਕਰਨ ਅਤੇ ਜੇਲ ਦੀ ਰਸੋਈ ਦਾ ਕੰਮ ਸੰਭਾਲਣ ਵਰਗੇ ਕੰਮ ਸੌਂਪਣ ਵਿਚ ਇਸ ਆਧਾਰ 'ਤੇ ਉਨ੍ਹਾਂ ਨਾਲ ਭੇਦਭਾਵ ਬੰਦ ਹੋਣਾ ਚਾਹੀਦਾ ਹੈ। ਗ੍ਰਹਿ ਮੰਤਰਾਲਾ ਨੇ ਇਕ ਬਿਆਨ ਵਿਚ ਕਿਹਾ ਕਿ ਕੁਝ ਸੂਬਿਆਂ ਦੇ ਜੇਲ 'ਮੈਨੂਅਲ' ਵਿਚ ਕੈਦੀਆਂ ਨੂੰ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਆਧਾਰ 'ਤੇ ਵੱਖ-ਵੱਖ ਰੱਖਣ ਦਾ ਜ਼ਿਕਰ ਹੈ ਅਤੇ ਇਸ ਆਧਾਰ 'ਤੇ ਉਨ੍ਹਾਂ ਨੂੰ ਜੇਲ ਵਿਚ ਕੰਮ ਸੌਂਪਿਆ ਜਾ ਰਿਹਾ ਹੈ। ਰੀਲੀਜ ਵਿਚ ਕਿਹਾ ਗਿਆ ਹੈ ਕਿ ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦਾ ਸੰਵਿਧਾਨ ਧਰਮ, ਨਸਲ, ਜਾਤ ਜਾਂ ਜਨਮ ਸਥਾਨ ਦੇ ਆਧਾਰ 'ਤੇ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕਰਦਾ ਹੈ। ਗ੍ਰਹਿ ਮੰਤਰਾਲਾ ਵੱਲੋਂ ਤਿਆਰ ਅਤੇ ਮਈ 2016 ਵਿਚ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡੇ ਗਏ ਮਾਡਲ ਜੇਲ ਮੈਨੂਅਲ, 2016 ਵਿਚ ਰਸੋਈ ਦਾ ਪ੍ਰਬੰਧਨ ਜਾਂ ਖਾਣਾ ਬਣਾਉਣ ਵਿਚ ਕੈਦੀਆਂ ਨਾਲ ਜਾਤ ਅਤੇ ਧਰਮ-ਆਧਾਰਿਤ ਭੇਦਭਾਵ 'ਤੇ ਸਪੱਸਟ ਤੌਰ 'ਤੇ ਪਾਬੰਦੀ ਲਗਾਈ ਗਈ ਹੈ।

# ਸੁਪਰੀਮ ਕੋਰਟ ਤੋਂ ਆਸਾਰਾਮ ਨੂੰ ਝਟਕਾ, ਸਜਾ ਮੁਅੱਤਲ ਕੀਤੇ ਜਾਣ ਸੰਬੰਧੀ ਪਟੀਸ਼ਨ ਖਾਰਜ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 1 ਮਾਰਚ। ਸੁਪਰੀਮ ਕੋਰਟ ਨੇ ਜਬਰ ਜ਼ਿਨਾਹ ਦੇ ਦੋਸ਼ 'ਚ ਉਮਰ ਕੈਦ ਦੀ ਸਜਾ ਕੱਟ ਰਹੇ ਆਸਾਰਾਮ ਦੀ ਉਸ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਸ਼ੁੱਕਰਵਾਰ ਨੂੰ ਇਨਕਾਰ ਕਰ ਦਿੱਤਾ, ਜਿਸ 'ਚ ਉਸ ਨੇ ਸਿਹਤ ਸੰਬੰਧੀ ਕਾਰਨਾਂ ਕਰ ਕੇ ਸਜਾ ਮੁਅੱਤਲ ਕਰਨ ਦੀ ਬੇਨਤੀ ਕੀਤੀ ਸੀ। ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਨੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਰਾਹਤ ਲਈ ਰਾਜਸਥਾਨ ਹਾਈ ਕੋਰਟ ਦਾ ਰੁਖ ਕਰਨ ਲਈ ਕਿਹਾ। ਰੋਹਤਗੀ ਨੇ ਅਦਾਲਤ ਨੂੰ ਸੂਚਿਤ ਕੀਤਾ ਸੀ ਕਿ ਆਸਾਰਾਮ ਸਰਕਾਰੀ ਵਕੀਲ ਦੇ ਇਸ ਬਿਆਨ ਨੂੰ ਮੰਨਣ ਲਈ ਤਿਆਰ ਹੈ ਕਿ ਉਹ ਮਹਾਰਾਸ਼ਟਰ ਦੇ ਖੋਪੋਲੀ 'ਚ ਮਾਧਵਬਾਗ ਹਾਰਟ ਹਸਪਤਾਲ 'ਚ ਪੁਲਸ ਹਿਰਾਸਤ 'ਚ ਰਹਿੰਦੇ ਹੋਏ ਇਲਾਜ ਕਰਵਾ ਸਕਦਾ ਹੈ। ਇਸ 'ਤੇ ਬੈਂਚ ਨੇ ਆਸਾਰਾਮ ਨੂੰ ਕਿਹਾ ਕਿ ਉਹ ਮਾਧਵਬਾਗ ਹਾਰਟ ਹਸਪਤਾਲ 'ਚ ਇਲਾਜ ਕਰਵਾਉਣ ਦੇ ਸੰਬੰਧ 'ਚ ਰਾਜਸਥਾਨ ਹਾਈ ਕੋਰਟ ਦੇ ਸਾਹਮਣੇ ਅਰਜੀ ਦਾਖਲ ਕਰਨ ਅਤੇ ਇਸ 'ਤੇ ਕਾਨੂੰਨ ਅਨੁਸਾਰ ਵਿਚਾਰ ਕੀਤਾ ਜਾਵੇਗਾ।



ਜੱਜ ਖੰਨਾ ਨੇ ਮਾਮਲੇ 'ਚ ਦੋਸ਼ਸਿੱਧੀ ਅਤੇ ਸਜਾ ਖ਼ਿਲਾਫ ਹਾਈ ਕੋਰਟ ਦੇ ਸਾਹਮਣੇ ਅਪੀਲ 'ਤੇ ਸੁਣਵਾਈ 'ਚ ਦੇਰੀ ਲਈ ਆਸਾਰਾਮ ਵਲੋਂ ਜਾਣਬੁੱਝ ਕੇ ਕੀਤੀਆਂ ਗਈਆਂ ਕੋਸ਼ਿਸ਼ਾਂ 'ਤੇ ਵੀ ਸਖਤ ਰੁਖ ਅਪਣਾਇਆ। ਰੋਹਤਗੀ ਨੇ ਕਿਹਾ ਕਿ ਆਸਾਰਾਮ ਨੂੰ ਦਿਲ ਦੇ ਕਈ ਦੌਰੇ ਪੈ ਚੁੱਕੇ ਹਨ ਅਤੇ ਬੁਢਾਪੇ ਨਾਲ ਜੁੜੀਆਂ ਕਈ ਬੀਮਾਰੀਆਂ ਵੀ ਹਨ, ਇਸ 'ਤੇ ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਅਪੀਲ 'ਤੇ ਜਲਦ ਸੁਣਵਾਈ ਕਰਨ ਦੇ ਨਿਰਦੇਸ਼ ਦਿੱਤੇ। ਵਕੀਲ ਰਾਜੇਸ਼ ਗੁਲਾਬ ਇਨਾਮਦਾਰ ਦੇ ਮਾਧਿਅਮ ਨਾਲ ਦਾਇਰ ਆਪਣੀ ਪਟੀਸ਼ਨ 'ਚ ਆਸਾਰਾਮ ਨੇ ਕਿਹਾ ਕਿ ਉਹ ਇਸ ਮਾਮਲੇ 'ਚ 11 ਸਾਲ 7 ਮਹਨੇ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਹੈ। ਆਸਾਰਾਮ ਨੂੰ ਜੋਧਪੁਰ ਦੀ ਵਿਸ਼ੇਸ਼ ਪੋਕਸੋ ਅਦਾਲਤ ਨੇ ਜਬਰ ਜ਼ਿਨਾਹ ਸਮੇਤ ਜਿਨਸੀ ਸ਼ੋਸ਼ਣ ਦੀਆਂ ਵੱਖ-ਵੱਖ ਅਪਰਾਧਾਂ ਲਈ 2018 'ਚ ਦੋਸ਼ੀ ਠਹਿਰਾਇਆ ਸੀ ਅਤੇ ਉਸ ਨੂੰ ਉਮਰ ਕੈਦ ਦੀ ਸਜਾ ਸੁਣਾਈ ਸੀ। ਉਸ ਨੂੰ ਆਪਣੇ ਆਸ਼ਰਮ 'ਚ ਇਕ ਨਾਬਾਲਗ ਨਾਲ ਜਬਰ ਜ਼ਿਨਾਹ ਦੇ ਦੋਸ਼ 'ਚ ਇੰਦੌਰ 'ਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਜੋਧਪੁਰ ਲਿਆਂਦਾ ਗਿਆ ਸੀ।

## ਨਫੇ ਸਿੰਘ ਰਾਠੀ ਦੇ ਕਤਲ ਮਗਰੋਂ ਹੁਣ ਪਰਿਵਾਰ ਨੂੰ ਵੀ ਮਿਲੀ ਧਮਕੀ

ਚੰਡੀਗੜ੍ਹ 1 ਮਾਰਚ। ਹਰਿਆਣਾ 'ਚ ਇਕ ਹਮਲੇ ਵਿਚ ਮਾਰੇ ਗਏ ਇੰਡੀਅਨ ਨੈਸ਼ਨਲ ਲੋਕਦਲ ਆਗੂ ਨਫੇ ਸਿੰਘ ਰਾਠੀ ਦੇ 2 ਪੁੱਤਰਾਂ ਨੂੰ ਕਥਿਤ ਤੌਰ 'ਤੇ ਵੀਰਵਾਰ ਨੂੰ ਇਕ ਅਣਪਛਾਤੇ ਨੰਬਰ ਤੋਂ ਧਮਕੀ ਭਰੀ ਫੋਨ ਕਾਲ ਆਈ, ਜਿਸ ਵਿਚ ਉਨ੍ਹਾਂ ਨੂੰ ਕਤਲ ਬਾਰੇ ਮੀਡੀਆ ਨਾਲ ਗੱਲ ਨਾ ਕਰਨ ਨੂੰ ਕਿਹਾ ਗਿਆ। ਪੁਲਸ ਨੇ ਕਿਹਾ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਦੀ ਹਰਿਆਣਾ ਇਕਾਈ ਦੇ ਪ੍ਰਧਾਨ ਰਾਠੀ ਤੇ ਪਾਰਟੀ ਵਰਕਰ ਜੈਕਿਸ਼ਨ ਦੀ ਐਤਵਾਰ ਨੂੰ ਝੱਜਰ ਦੇ ਬਹਾਦੁਰਗੜ੍ਹ ਵਿਚ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਦੇ ਵਾਹਨ 'ਤੇ ਅੰਨ੍ਹੇਵਾਹ ਗੋਲੀਬਾਰੀ ਕਰ ਕੇ ਹੱਤਿਆ ਕਰ ਦਿੱਤੀ ਸੀ। ਨਫੇ ਸਿੰਘ ਦੇ ਭਤੀਜੇ ਕਪੂਰ ਸਿੰਘ ਰਾਠੀ ਨੇ ਕਿਹਾ ਕਿ ਉਨ੍ਹਾਂ ਦੇ ਚਾਚੇ ਦੇ ਵੱਡੇ ਮੁੰਡੇ ਭੂਪਿੰਦਰ ਤੇ ਛੋਟੇ ਮੁੰਡੇ ਜਤਿੰਦਰ ਨੂੰ ਅਣਪਛਾਤੇ ਨੰਬਰ ਤੋਂ 18 ਧਮਕੀ ਭਰੇ ਫੋਨ ਆਏ ਹਨ। ਉਨ੍ਹਾਂ ਨੇ ਬਹਾਦੁਰਗੜ੍ਹ ਤੋਂ ਫੋਨ ਕਰ ਕੇ ਕਿਹਾ, "ਫੋਨ ਕਰਨ ਵਾਲੇ ਨੇ ਸਾਨੂੰ ਇਕ ਹਥਿਆਰ ਦੀ ਤਸਵੀਰ ਵੀ ਭੇਜੀ, ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਜੇਕਰ ਅਸੀਂ ਮੀਡੀਆ ਨਾਲ ਗੱਲ ਕਰਨੀ ਬੰਦ ਨਹੀਂ ਕੀਤੀ ਤਾਂ ਉਹ ਪਰਿਵਾਰ ਨੂੰ ਖਤਮ ਕਰਨ ਲਈ ਇਸ ਦੀ ਵਰਤੋਂ ਕਰੇਗਾ।" ਕਪੂਰ ਸਿੰਘ ਰਾਠੀ ਨੇ ਕਿਹਾ ਕਿ ਭੂਪਿੰਦਰ ਦੀ ਪਤਨੀ ਕੌਂਸਲਰ ਹੈ ਤੇ ਜਤਿੰਦਰ ਵੀ ਬਹਾਦੁਰਗੜ੍ਹ ਵਿਚ ਕੌਂਸਲਰ ਹੈ।

# ਅਕਾਲੀ ਦਲ ਦਾ ਭਾਜਪਾ ਨਾਲ ਨਹੀਂ ਹੋਵੇਗਾ ਗਠਜੋੜ !

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 1 ਮਾਰਚ। ਕਿਸਾਨ ਅੰਦੋਲਨ ਦਰਮਿਆਨ ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਸ੍ਰੋਮਣੀ ਅਕਾਲੀ ਦਲ ਦੇ ਆਗੂ ਸੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ 'ਤੇ ਹੋਏ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਉਸ ਤੋਂ ਬਾਅਦ ਸਿਆਸੀ ਹਲਕਿਆਂ 'ਚ ਚਰਚਾ ਹੋ ਰਹੀ ਹੈ ਕਿ ਸ੍ਰੋਮਣੀ ਅਕਾਲੀ ਦਲ ਨੂੰ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨਾਲ ਗਠਜੋੜ ਕਰਨਾ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ। ਹਾਲਾਂਕਿ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਦੇ ਬਾਵਜੂਦ ਅਕਾਲੀ ਦਲ ਭਾਜਪਾ ਖ਼ਿਲਾਫ ਬਚ ਕੇ ਬੋਲ ਰਿਹਾ ਸੀ। ਅਕਾਲੀ ਆਗੂਆਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਬਾਅਦ ਚਰਚਾ ਚੱਲ ਪਈ ਹੈ ਕਿ ਅਕਾਲੀ ਦਲ ਇਹ ਜਾਹਰ ਕਰਨ ਲੱਗ ਪਿਆ ਹੈ ਕਿ ਉਸ ਦਾ ਭਾਜਪਾ ਨਾਲ ਗਠਜੋੜ ਨਹੀਂ ਹੋ ਰਿਹਾ। ਸ੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਜਰਾ ਨੇ ਬਿਆਨ ਦਿੱਤਾ ਹੈ ਕਿ ਖਨੌਰੀ ਅਤੇ ਸੰਭੂ ਬਾਰਡਰ 'ਤੇ ਕਿਸਾਨਾਂ 'ਤੇ ਤਸੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਾਰਨ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ। ਇਸ ਤੋਂ ਇਲਾਵਾ ਸੰਸਦ ਮੈਂਬਰ



ਹਰਸਿਮਰਤ ਕੌਰ ਬਾਦਲ ਨੇ ਵੀ ਏਮਜ ਬਠਿੰਡਾ ਦੇ ਉਦਘਾਟਨੀ ਸਮਾਰੋਹ ਦੌਰਾਨ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਨਲਾਈਨ ਜੁੜੇ ਸਨ। ਇਸ ਤੋਂ ਪਹਿਲਾਂ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਬਿਆਨ ਦੇ ਚੁੱਕੇ ਹਨ ਕਿ ਸ੍ਰੋਮਣੀ ਅਕਾਲੀ ਦਲ ਸਮਝਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਅਤੇ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਕਰ ਕੇ ਨਿਰਦੋਸ ਅਤੇ ਸਾਂਤਮਈ ਢੰਗ ਨਾਲ ਪ੍ਰਦਰਸਨ ਕਰ ਰਹੇ ਕਿਸਾਨਾਂ 'ਤੇ ਜਬਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਕਿਸਾਨਾਂ ਨਾਲ ਅਪਰਾਧੀਆਂ ਵਾਂਗ ਸਲੂਕ ਕਰਨ ਲਈ ਕੇਂਦਰ ਨਾਲ ਰਲ ਕੇ ਸਾਜ਼ਿਸ ਰਚਣਾ ਬੰਦ ਕਰਨ ਅਤੇ ਡਾ. ਐੱਮ. ਐੱਸ. ਸਵਾਮੀਨਾਥਨ ਦੀ ਧੀ ਮਧੁਰਾ ਸਵਾਮੀਨਾਥਨ ਦੀ ਸਲਾਹ ਮੰਨਣੀ ਚਾਹੀਦੀ ਹੈ। ਸ੍ਰੋਮਣੀ ਅਕਾਲੀ ਦਲ ਵਲੋਂ ਜਦੋਂ ਪੰਜਾਬ ਬਚਾਓ ਯਾਤਰਾ ਸੁਰੂ ਕੀਤੀ ਗਈ ਤਾਂ ਉਸ ਸਮੇਂ ਇਹ ਚਰਚਾ ਜੋਰਾਂ 'ਤੇ ਸੀ ਕਿ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਕੁਝ ਦਿਨਾਂ 'ਚ ਹੋਣ ਵਾਲਾ ਹੈ ਅਤੇ ਇਹ ਕਿਹਾ ਜਾ ਰਿਹਾ ਸੀ ਕਿ ਜੇ ਕਾਂਗਰਸ ਅਤੇ 'ਆਪ' ਦਾ ਗਠਜੋੜ ਹੋ ਸਕਦਾ ਹੈ ਤਾਂ ਅਕਾਲੀ ਭਾਜਪਾ ਦਾ ਵੀ ਗਠਜੋੜ ਹੋ ਸਕਦਾ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਪਾਰਟੀ ਹਾਈ ਕਮਾਂਡ ਵਲੋਂ ਫੈਸਲਾ ਲਿਆ ਜਾਣਾ ਹੈ। ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਹੀ ਕੋਈ ਵੀ ਫੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਮੁੱਦੇ, ਘੱਟ ਗਿਣਤੀਆਂ ਦੇ ਮੁੱਦੇ ਨੂੰ ਅਣਗੌਲਾ ਨਹੀਂ ਕੀਤਾ ਜਾਵੇਗਾ। ਅਰਸਦੀਪ ਸਿੰਘ ਕਲੇਰ ਨੇ ਕਿਹਾ ਕਿ ਸਾਡਾ ਪਹਿਲਾਂ ਵੀ ਭਾਜਪਾ ਨਾਲ ਗਠਜੋੜ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਸੀ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਗਠਜੋੜ ਟੁੱਟਿਆ ਸੀ। ਜੇ ਪੰਜਾਬ ਦੇ ਅਹਿਮ ਮੁੱਦੇ ਭਾਵੇਂ ਉਹ ਬੰਦੀ ਸਿੰਘਾਂ ਦਾ ਹੋਵੇ ਜਾਂ ਕਿਸਾਨਾਂ ਦਾ, ਜੇ ਉਨ੍ਹਾਂ ਦਾ ਹੱਲ ਨਹੀਂ ਹੋਵੇਗਾ ਤਾਂ ਗਠਜੋੜ ਕਿਵੇਂ ਹੋ ਸਕਦਾ ਹੈ।

## ਭਾਜਪਾ ਦੀ 'ਡਬਲ ਇੰਜਣ ਦੀ ਸਰਕਾਰ' ਜੰਗਲਰਾਜ ਦੀ ਗਾਰੰਟੀ : ਰਾਹੁਲ ਗਾਂਧੀ

ਨਵੀਂ ਦਿੱਲੀ 1 ਮਾਰਚ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਭਾਰਤੀ ਜਨਤਾ ਪਾਰਟੀ ਦੀ 'ਡਬਲ ਇੰਜਣ' ਸਰਕਾਰ ਦੇ ਨਾਅਰੇ ਦੀ ਹਵਾ ਕੱਢਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਉੱਤਰ ਪ੍ਰਦੇਸ਼ 'ਚ ਆਏ ਦਿਨ ਜਿਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ, ਉਸ ਤੋਂ ਸਾਬਿਤ ਹੁੰਦਾ ਹੈ ਕਿ ਭਾਜਪਾ ਦੀ 'ਡਬਲ ਇੰਜਣ' ਸਰਕਾਰ ਜੰਗਲਰਾਜ ਦੀ ਗਾਰੰਟੀ ਹੈ। ਰਾਹੁਲ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ,"ਭਾਜਪਾ ਅਤੇ ਮੋਦੀ ਮੀਡੀਆ ਮਿਲ ਕੇ ਕਿਵੇਂ 'ਝੂਠ ਦਾ ਕਾਰੋਬਾਰ' ਕਰ ਰਹੇ ਹਨ, ਉੱਤਰ ਪ੍ਰਦੇਸ਼ ਦੀ ਕਾਨੂੰਨ ਵਿਵਸਥਾ ਉਸ ਦਾ ਸਭ ਤੋਂ ਵੱਡਾ ਉਦਾਹਰਣ ਹੈ। ਕਿਤੇ ਦਰੱਖਤ ਨਾਲ ਲਟਕੀਆਂ ਨਾਬਾਲਗ ਭੈਣਾਂ ਦੀਆਂ ਲਾਸ਼ਾਂ ਤਾਂ ਕਿਤੇ ਇੱਟਾਂ ਨਾਲ ਕੁਚਲ ਕੇ ਕਤਲ ਦੀ ਵਾਰਦਾਤ। ਕਿਤੇ ਭਾਜਪਾਈਆਂ ਵਲੋਂ ਆਈ.ਆਈ.ਟੀ.-ਬੀ.ਐੱਚ.ਯੂ. ਕੈਂਪਸ 'ਚ ਗੈਂਗਰੇਪ ਤਾਂ ਕਿਤੇ ਨਿਆਂ ਨਾ ਮਿਲਣ 'ਤੇ ਖੁਦਕੁਸ਼ੀ ਲਈ ਮਜਬੂਰ ਮਹਿਲਾ ਜੱਜ।" ਉਨ੍ਹਾਂ ਕਿਹਾ,"ਇਹ ਉਸ ਪ੍ਰਦੇਸ਼ ਦਾ ਹਾਲ ਹੈ, ਜਿਸ ਦੀ ਕਾਨੂੰਨ ਵਿਵਸਥਾ ਦੀ ਤਾਰੀਫ ਕਰ ਕੇ ਮੋਦੀ ਮੀਡੀਆ ਥੱਕਦਾ ਨਹੀਂ ਹੈ। ਹਾਲ ਹੀ 'ਚ ਰਾਮਪੁਰ 'ਚ ਅੰਬੇਡਕਰ ਸਮਾਰਕ ਦੀ ਮੰਗ 'ਤੇ 10ਵੀਂ ਦੀ ਪ੍ਰੀਖਿਆ ਦੇ ਕੇ ਪਰਤਦੇ ਦਲਿਤ ਵਿਦਿਆਰਥੀ ਦਾ ਕਤਲ ਉੱਤਰ ਪ੍ਰਦੇਸ਼ ਦੀ ਕਾਨੂੰਨ ਵਿਵਸਥਾ ਦਾ ਸਭ ਤੋਂ ਭਿਆਨਕ ਉਦਾਹਰਣ ਹੈ। ਉੱਤਰ ਪ੍ਰਦੇਸ਼ ਕਾਂਗਰਸ ਵਰਕਰ ਭਾਜਪਾਈ ਤੰਤਰ ਅਤੇ ਅਪਰਾਧੀਆਂ ਦੇ



ਇਸ ਗਠਜੋਰ ਖ਼ਿਲਾਫ ਹਰ ਜ਼ਿਲ੍ਹੇ ਹਰ ਤਹਿਸੀਲ 'ਚ ਅੱਜ ਵਿਰੋਧ ਪ੍ਰਦਰਸ਼ਨ ਕਰ ਕੇ ਨਿਆਂ ਦੀ ਆਵਾਜ ਬੁਲੰਦ ਕਰਨਗੇ।" ਰਾਹੁਲ ਗਾਂਧੀ ਨੇ ਮੀਡੀਆ ਨੂੰ ਕਟਹਿਰੇ 'ਚ ਖੜ੍ਹਾ ਕਰਦੇ ਹੋਏ ਮੋਦੀ ਮੀਡੀਆ ਵਲੋਂ ਦੱਸੀ ਗਈ ਝੂਠੀ ਅਕਸ ਤੋਂ ਬਾਹਰ ਕੱਢ ਕੇ ਹੁਣ ਸੱਚਾਈ ਦੇਖਣ ਦਾ ਸਮਾਂ ਹੈ, ਡਬਲ ਇੰਜਣ ਸਰਕਾਰ 'ਜੰਗਲਰਾਜ ਦੀ ਗਾਰੰਟੀ' ਹੈ।

# ਵੀ. ਆਈ. ਪੀ. ਸੁਰੱਖਿਆ ’ਚ ਤਾਇਨਾਤ ਇੰਸਪੈਕਟਰ ਜੋੜੇ ਨੂੰ ਲੈ ਕੇ ਇਕ ਹੋਰ ਵੱਡਾ ਖੁਲਾਸਾ

ਚੰਡੀਗੜ੍ਹ 1 ਮਾਰਚ। ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਵੀ. ਆਈ. ਪੀ. ਸੁਰੱਖਿਆ ’ਚ ਤਾਇਨਾਤ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਅਤੇ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਦੀ ਸੀ. ਬੀ. ਆਈ. ਵੱਲੋਂ ਚੱਲ ਅਤੇ ਅਚੱਲ ਜਾਇਦਾਦ ਦੇ ਰਿਕਾਰਡ ਦੀ ਪੜਤਾਲ ਕੀਤੀ ਜਾ ਰਹੀ ਹੈ। ਐੱਫ.ਆਈ.ਆਰ. ਦਰਜ ਕਰਨ ਤੋਂ ਬਾਅਦ ਸੀ.ਬੀ.ਆਈ. ਟੀਮਾਂ ਛੋਟੀਆਂ-ਛੋਟੀਆਂ ਗੱਲਾਂ ’ਤੇ ਵੀ ਰਿਕਾਰਡ ਹਾਸਿਲ ਕਰ ਰਹੀਆਂ ਹਨ। ਇੰਸਪੈਕਟਰ ਜੋੜੇ ਦੀ ਆਮਦਨ ਤੋਂ ਇਕ ਕਰੋੜ 47 ਲੱਖ 26 ਹਜਾਰ 128 ਰੁਪਏ ਵੱਧ ਮਿਲੇ ਹਨ। ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਦੀ 30 ਲੱਖ ਦੀ ਆਮਦਨ ਵਿਚੋਂ 10 ਲੱਖ ਰੁਪਏ ਰਸੋਈ ਦਾ ਖਰਚ ਪਾਇਆ ਗਿਆ ਹੈ। ਸੀ. ਬੀ. ਆਈ. ਨੇ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਅਤੇ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਦੀ 1 ਜਨਵਰੀ 2017 ਤੋਂ 1 ਮਾਰਚ 2021 ਤੱਕ ਦੀ ਜਾਇਦਾਦ ਦਾ ਰਿਕਾਰਡ ਹਾਸਲ ਕੀਤਾ ਹੈ। ਪਹਿਲੀ ਜਨਵਰੀ 2017 ਤੱਕ ਚੱਲ-ਅਚੱਲ ਜਾਇਦਾਦ 13 ਲੱਖ 22 ਹਜਾਰ 772 ਰੁਪਏ ਸੀ, ਜਿਸ ਵਿਚ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਦੀ ਐੱਚ. ਡੀ. ਐੱਫ. ਸੀ. ਬੈਂਕ ਬੈਲੇਂਸ 3 ਲੱਖ 83 ਹਜਾਰ 80 ਰੁਪਏ, ਗਹਿਣੇ ਦਾ ਸਾਮਾਨ 3 ਲੱਖ 50 ਹਜਾਰ ਰੁਪਏ ਅਤੇ ਪਤਨੀ ਪਰਮਜੀਤ ਕੌਰ ਦਾ ਪਿਛਲਾ ਬਕਾਇਆ 5 ਲੱਖ 89 ਹਜਾਰ 692 ਰੁਪਏ ਸੀ। 1 ਮਾਰਚ 2021 ਤੱਕ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਅਤੇ ਉਨ੍ਹਾਂ ਦੀ ਪਤਨੀ ਨੇ ਸੈਕਟਰ-36ਬੀ ਸਥਿਤ ਮਕਾਨ ਨੰਬਰ 555/2 ਵਿਚ 2017 ਵਿਚ 20 ਫੀਸਦੀ ਹਿੱਸੇਦਾਰੀ ਲਈ ਸੀ, ਜਿਸ ਦੀ ਕੀਮਤ 1 ਕਰੋੜ 28 ਲੱਖ 62 ਹਜਾਰ 500 ਰੁਪਏ ਸੀ। 15 ਜੁਲਾਈ 2021 ਨੂੰ ਸੇਖੋਂ ਨੇ ਘਰ ਨੂੰ ਆਪਣੀ ਪਤਨੀ



ਦੇ ਨਾਮ ਟ੍ਰਾਂਸਫਰ ਕਰਵਾਇਆ ਸੀ। ਇਸ ਤੋਂ ਇਲਾਵਾ ਮੁੱਲਾਂਪੁਰ ਗਰੀਬਦਾਸ ਵਿਚ ਉਸ ਦੀ ਪਤਨੀ ਅਤੇ ਰੌਸਨੀ ਅਰੋੜਾ ਦੇ ਨਾਮ ’ਤੇ 40 ਲੱਖ 56 ਹਜਾਰ ਰੁਪਏ ਦਾ ਸਾਂਝਾ ਪਲਾਟ ਲਿਆ ਹੋਇਆ ਸੀ। ਸੇਖੋਂ ਨੇ ਪਲਾਟ ਦੀ ਅੱਧੀ ਕੀਮਤ 20 ਲੱਖ 28 ਹਜਾਰ ਰੁਪਏ ਦਿੱਤੀ ਸੀ। 1 ਮਾਰਚ, 2021 ਨੂੰ ਇੰਸਪੈਕਟਰ ਹਰਿੰਦਰ ਸੇਖੋਂ ਦੇ ਬੈਂਕ ਖਾਤੇ ਵਿਚ 14 ਲੱਖ 10 ਹਜਾਰ 88 ਰੁਪਏ, ਗਹਿਣੇ ਸਾਢੇ ਚਾਰ ਲੱਖ ਰੁਪਏ, ਹਾਊਸਹੋਲਡ ਆਰਟੀਕਲ ਪੰਜ ਲੱਖ ਰੁਪਏ ਅਤੇ ਇੰਸਪੈਕਟਰ ਪਰਮਜੀਤ ਕੌਰ ਦੇ ਬੈਂਕ ਖਾਤੇ ਵਿਚ 13 ਲੱਖ 17 ਹਜਾਰ 472 ਰੁਪਏ ਮਿਲੇ ਸਨ। ਸੀ.ਬੀ.ਆਈ. ਨੇ 14 ਫਰਵਰੀ ਨੂੰ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) 13(1)(ਈ), 13(2), 13(1)(ਬੀ), 12 ਅਤੇ ਆਈ.ਪੀ.ਸੀ. ਦੀ ਧਾਰਾ 109 ਤਹਿਤ ਕੇਸ ਦਰਜ ਕੀਤਾ ਸੀ। ਸੀ. ਬੀ. ਆਈ. ਦੀ ਟੀਮ ਨੇ ਲਗਭਗ 7 ਘੰਟੇ ਤੱਕ ਇੰਸਪੈਕਟਰ ਸੇਖੋਂ ਦੇ ਧਾਰਾ 109 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੀ.ੈਕਟਰ ਹਰਿੰਦਰ ਸਿੰਘ ਸੇਖੋਂ ਦੀ 30 ਲੱਖ ਦੀ ਆਮਦਨ ਵਿਚੋਂ 10 ਲੱਖ ਰੁਪਏ ਰਸੋਈ ਦਾ ਖਰਚ ਪਾਇਆ ਗਿਆ ਹੈ। ਸੀ. ਬੀ. ਆਈ. ਨੇ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਅਤੇ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਦੀ 1 ਜਨਵਰੀ 2017 ਤੋਂ 1 ਮਾਰਚ 2021 ਤੱਕ ਦੀ ਜਾਇਦਾਦ ਦਾ ਰਿਕਾਰਡ ਹਾਸਲ ਕੀਤਾ ਹੈ। ਪਹਿਲੀ ਜਨਵਰੀ 2017 ਤੱਕ ਚੱਲ-ਅਚੱਲ ਜਾਇਦਾਦ 13 ਲੱਖ 22 ਹਜਾਰ 772 ਰੁਪਏ ਸੀ, ਜਿਸ ਵਿਚ ਇੰਸਪੈਕਟਰ ਹਰਿੰਦਰ ਸਿੰਘ ਸੇਖੋਂ ਦੀ ਐੱਚ. ਡੀ. ਐੱਫ. ਸੀ. ਬੈਂਕ ਬੈਲੇਂਸ 3 ਲੱਖ 83 ਹਜਾਰ 80 ਰੁਪਏ, ਗਹਿਣੇ ਬੀ. ਆਈ. ਟੀਮ ਨੇ ਸੈਕਟਰ-36ਬੀ ਸਥਿਤ ਘਰ ਵਿਚ ਸਰਚ ਕੀਤੀ। ਸੀ. ਬੀ. ਆਈ. ਸੇਖੋਂ ਦੇ ਚੰਡੀਗੜ੍ਹ ਪੁਲਸ ਵਿਚ ਭਰਤੀ ਹੋਣ ਤੋਂ ਲੈ ਕੇ ਤਰੱਕੀ ਅਤੇ ਤਾਇਨਾਤੀ ਤੱਕ ਦਾ ਰਿਕਾਰਡ ਇਕੱਠਾ ਕੀਤਾ ਹੈ, ਜਿਸ ਵਿਚ ਮਹੱਤਵਪੂਰਨ ਤਾਇਨਾਤੀਆਂ, ਤਰੱਕੀਆਂ ਅਤੇ ਤਨਖਾਹ ਸਕੇਲਾਂ ਨਾਲ ਸਬੰਧਤ ਵੇਰਵੇ ਹਨ। ਹਰਿੰਦਰ ਸੇਖੋਂ 5 ਅਕਤੂਬਰ 1997 ਨੂੰ ਸਹਾਇਕ ਸਬ-ਇੰਸਪੈਕਟਰ ਵਜੋਂ ਭਰਤੀ ਹੋਏ ਸਨ। ਉਹ 2005 ਵਿਚ ਸਬ-ਇੰਸਪੈਕਟਰ ਵਜੋਂ ਤਰੱਕੀ ਪ੍ਰਾਪਤ ਕਰ ਕੇ 2015 ਵਿਚ ਇੰਸਪੈਕਟਰ ਬਣਿਆ। ਉਸ ਨੂੰ ਜੁਲਾਈ 2023 ਵਿਚ ਆਪਰੇਸਨ ਸੈੱਲ ਦਾ ਇੰਚਾਰਜ ਬਣਾਇਆ ਗਿਆ ਸੀ ਅਤੇ ਉਸੇ ਮਹੀਨੇ ਉਨ੍ਹਾਂ ਦਾ ਨਾਮ 7 ਲੱਖ ਰੁਪਏ ਦੇ ਰਿਸਵਤ ਦੇ ਕੇਸ ਵਿਚ ਸਾਹਮਣੇ ਆਇਆ ਸੀ। ਇਸ ਤੋਂ ਬਾਅਦ ਹੀ ਚੰਡੀਗੜ੍ਹ ਪੁਲਸ ਦੇ ਸੀਨੀਅਰ ਅਧਿਕਾਰੀਆਂ ਨੇ ਉਸ ਨੂੰ ਆਪਰੇਸਨ ਸੈੱਲ ਤੋਂ ਹਟਾ ਕੇ ਸੁਰੱਖਿਆ ਵਿੰਗ ਵਿਚ ਭੇਜ ਦਿੱਤਾ। ਹਾਲਾਂਕਿ ਉਸ ਸਮੇਂ ਵੀ ਪੁਲਸ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੇ ਉਨ੍ਹਾਂ ਦੇ ਤਬਾਦਲੇ ਨੂੰ ਰੁਟੀਨ ਦੀ ਪ੍ਰਕਿਰਿਆ ਦੱਸਿਆ ਸੀ।

## ਇਲੈਕਟ੍ਰਿਕ ਦੋ-ਪਹੀਆ ਵਾਹਨ ਖਰੀਦਣ ਵਾਲੇ ਲੋਕਾਂ ਲਈ ਖਾਸ ਖਬਰ, ਕੀਮਤਾਂ ‘ਚ ਹੋਈ 25000 ਰੁਪਏ ਤੱਕ ਦੀ ਕਟੌਤੀ

ਬਿਜਨੈੱਸ ਡੈਸਕ 1 ਮਾਰਚ। ਦੇਸ ‘ਚ ਇਲੈਕਟ੍ਰਿਕ ਦੋਪਹੀਆ ਵਾਹਨ ਖਰੀਦਣ ਵਾਲੇ ਲੋਕਾਂ ਲਈ ਖਾਸ ਖਬਰ ਸਾਹਮਣੇ ਆਈ ਹੈ। ਇਲੈਕਟ੍ਰਿਕ ਦੋਪਹੀਆ ਵਾਹਨ ਹੁਣ ਹੋਰ ਵੀ ਸਸਤਾ ਹੋ ਗਿਆ ਹੈ। ਕਈ ਇਲੈਕਟ੍ਰਿਕ ਦੋਪਹੀਆ ਵਾਹਨ ਨਿਰਮਾਤਾ ਕੰਪਨੀਆਂ ਨੇ 2-3 ਮਹੀਨਿਆਂ ਵਿੱਚ ਆਪਣੇ ਫਲੈਗਸਿ?ਪ ਮਾਡਲਾਂ ਦੀਆਂ ਕੀਮਤਾਂ ਵਿੱਚ 20-25 ਹਜਾਰ ਰੁਪਏ (25%) ਦੀ ਕਟੌਤੀ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਐਂਟਰੀ ਲੈਵਲ ਮਾਡਲਾਂ ਦੀਆਂ ਕੀਮਤਾਂ ਵਿੱਚ ਔਸਤਨ 15-17% ਦੀ ਕਟੌਤੀ ਕੀਤੀ ਹੈ। ਦੱਸ ਦੇਈਏ ਕਿ ਉਕਤ ਵਾਹਨਾਂ ਦੀਆਂ ਕੀਮਤ ਘਟਾਉਣ ਦਾ ਮੁੱਖ ਕਾਰਨ ਇਹ ਹੈ ਕਿ ਦੋਪਹੀਆ ਵਾਹਨ ਈਵੀ ਦੀ ਵਿਕਰੀ ਨੂੰ ਹੋਰ ਕਿਫਾਇਤੀ ਬਣਾਉਣਾ ਚਾਹੁੰਦਾ ਹੈ ਤਾਂਕਿ ਇਸ ਦੀ ਮੰਗ ਜ?ਿਆਦਾ ਕੀਤੀ ਜਾਵੇ। ਦੇਸ ਵਿੱਚ ਪਹਿਲਾਂ ਹੀ ਸਥਾਪਤ ਪੈਟਰੋਲ ਦੋਪਹੀਆ ਵਾਹਨ





ਨਿਰਮਾਤਾਵਾਂ ਨੇ ਵੀ ਇਲੈਕਟ੍ਰਿਕ ਦੋਪਹੀਆ ਵਾਹਨ ਨਿਰਮਾਣ ਵਿੱਚ ਹਮਲਾਵਰ ਵਾਲੀ ਨੀਤੀ ਅਪਣਾਈ ਹੈ। ਇਸ ਕਾਰਨ ਇਸ ਖੇਤਰ ਵਿੱਚ ਮੁਕਾਬਲਾ ਵਧ ਰਿਹਾ ਹੈ। ਇਸ ਦੇ ਨਾਲ ਹੀ ਨਿਰਮਾਤਾ ਵੀ ਗਾਹਕਾਂ ਨੂੰ ਵਾਹਨਾਂ ਦੀਆਂ ਬੈਟਰੀ ਦੀਆਂ ਕੀਮਤਾਂ ‘ਚ ਗਿਰਾਵਟ ਦਾ ਫਾਇਦਾ ਦੇ ਰਹੇ ਹਨ। ਇਲੈਕਟ੍ਰਿਕ ਦੋਪਹੀਆ ਵਾਹਨ ਦੀਆਂ ਕੀਮਤਾਂ ਵਿਚ 40 ਫੀਸਦੀ ਤੋਂ ਵੱਧ ਲਾਗਤ ਬੈਟਰੀ ਦੀ ਹੁੰਦੀ ਹੈ। ਪਿਛਲੇ 5-6 ਮਹੀਨਿਆਂ ‘ਚ ਚੀਨੀ ਬੈਟਰੀਆਂ ਦੀਆਂ ਕੀਮਤਾਂ ‘ਚ ਕਰੀਬ 40 ਤੋਂ 50 ਫੀਸਦੀ ਤੱਕ ਦੀ ਕਮੀ ਆਈ ਹੈ। ਦੂਜੇ ਪਾਸੇ ਪੈਟਰੋਲ ਦੋਪਹੀਆ ਵਾਹਨ ਨਿਰਮਾਤਾ ਵੀ ਈ-ਟੂ-ਵ੍ਹੀਲਰ ਮਾਡਲਾਂ ਦੀ ਗਿਣਤੀ ਵਧਾ ਰਹੇ ਹਨ। ਫਿਲਹਾਲ ਉਨ੍ਹਾਂ ਦੀ ਹਿੱਸੇਦਾਰੀ ਲਗਭਗ 5 ਫੀਸਦੀ ਹੈ। ਇਹ ਹਿੱਸੇਦਾਰੀ 2-3 ਸਾਲਾਂ ਵਿੱਚ ਕਈ ਗੁਣਾ ਵੱਧ ਜਾਣ ਦੀ ਸੰਭਾਵਨਾ ਹੈ। ਪੈਟਰੋਲ ਦੋਪਹੀਆ ਵਾਹਨਾਂ ਦੇ ਨੇੜੇ ਵੀ ਕੀਮਤਾਂ ਘੱਟ ਸਕਦੀਆਂ ਹਨ।

## ਆਮ ਆਦਮੀ ਪਾਰਟੀ ਤੇ ਕਾਂਗਰਸ ਦਾ ਗੱਠਜੋੜ ਹੋਇਆ ਬੇਨਕਾਬ :ਨੈਣੇਵਾਲ

ਚੰਡੀਗੜ੍ਹ 1 ਮਾਰਚ।( Sanjay Arora) ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਤੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਪੰਜਾਬ ਭਾਜਪਾ ਕਿਸਾਨ ਮੋਰਚਾ ਦੇ ਸੂਬਾ ਪ੍ਰਧਾਨ ਦਰਸਨ ਸਿੰਘ ਨੈਣੇਵਾਲ ਨੇ ਕਿਹਾ ਕਿ ਹੁਣ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਲੀਡਰ ਹੁਣ ਕਿਸ ਮੂੰਹ ਨਾਲ ਦੇਸ ਦੀ ਜਨਤਾ ਤੋਂ ਵੋਟਾਂ ਮੰਗਣਗੇ ।ਦੇਸ ਦੀ ਜਨਤਾ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਹੁਣ ਮੂੰਹ ਨਹੀਂ ਲਗਾਉਣਗੇ ਕਿਉਂਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਗੱਠਜੋੜ ਬੇਨਕਾਬ ਹੋ ਚੁੱਕਾ ਹੈ ।ਇਹ ਗੱਲਾਂ ਉਹਨਾਂ ਭਾਜਪਾ ਦੇ ਸੂਬਾ ਪ੍ਰੈੱਸ ਸਕੱਤਰ ਹਰਦੇਵ ਸਿੰਘ ਉੱਭਾ ਦੇ ਮੋਹਾਲੀ ਗ੍ਰਹਿ ਵਿਖੇ ਕਹੇ ।ਇਸ ਮੌਕੇ ਤੇ ਉਹਨਾਂ ਦਾ ਨਾਲ ਕਿਸਾਨ ਮੋਰਚਾ ਦੇ ਸੂਬਾ ਪ੍ਰੈੱਸ ਸਕੱਤਰ ਐਡਵੋਕੇਟ ਡੀਐਸ ਵਿਰਕ ਮੌਜੂਦ ਸਨ ।ਦਰਸਨ ਸਿੰਘ ਨੈਣੇਵਾਲ ਨੇ ਕਿਹਾ ਕਿ ਜਿਸ ਕਾਂਗਰਸ ਪਾਰਟੀ ਨੇ ਦੇਸ ਨੂੰ ਲੁੱਟਿਆ ਰੱਜ ਕੇ ਭ੍ਰਿਸਟਾਚਾਰ ਕੀਤਾ,ਦੇਸ ਨੂੰ ਬਰਬਾਦ ਕੀਤਾ,ਜਿਸ



ਕੇਜਰੀਵਾਲ ਨੇ ਕਾਂਗਰਸ ਤੋਂ ਦੇਸ ਬਚਾਉਣ ਦੀ ਲੜਾਈ ਦੱਸ ਕੇ ਦੇਸ ਨੂੰ ਭ੍ਰਿਸਟਾਚਾਰ ਮੁਕਤ ਕਰਨ ਦਾ ਸੱਦਾ ਦੇਕੇ ਦਿੱਲੀ ਦੀ ਸੱਤਾ ਹਾਂਸਲ ਕੀਤੀ ਹੁਣ ਕੇਜਰੀਵਾਲ ਦੇਸ ਦੇ ਲੋਕਾਂ ਨੂੰ ਕੀ ਜਵਾਬ ਦੇਣਗੇ? ਲੋਕ ਪੁੱਛਣਗੇ ਕਿ ਕੀ ਹੁਣ ਕਾਂਗਰਸ ਪਾਰਟੀ ਭ੍ਰਿਸਟ ਨਹੀਂ ਹੈ ?ਕੀ ਮਜਬੂਰੀ ਹੈ ਕਿ ਕਾਂਗਰਸ ਨਾਲ ਗੱਠਜੋੜ ਕਰਨਾ ਪਿਆ ?ਉਹਨਾ ਕਿਹਾ ਕਿ ਭਾਜਪਾ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੇ ਜਿੱਤ ਪ੍ਰਾਪਤ ਕਰੇਗੀ । ਉਹਨਾਂ ਕਿਹਾ ਕਿ ਕੇਜਰੀਵਾਲ ਪਹਿਲਾਂ ਵੱਡੇ ਵੱਡੇ ਝੂਠ ਬੋਲਦਾ ,ਝੂਠੇ ਦੋਸ ਲਗਾਉਂਦਾ ਹੈ ਤੇ ਬਾਅਦ ਵਿੱਚ ਅਦਾਲਤਾਂ ਵਿੱਚ ਮੁਆਫੀਆਂ ਮੰਗਦਾਂ ਹੈ ।ਦਰਸਨ ਸਿੰਘ ਨੈਣੇਵਾਲ ਨੇ ਕਿਹਾ ਭਾਜਪਾ ਤੇ ਐਨਡੀਏ 400 ਤੋਂ ਵੱਧ ਲੋਕ ਸਭਾ ਦੀਆਂ ਸੀਟਾਂ ਤੇ ਜਿੱਤ ਪ੍ਰਾਪਤ ਕਰਕੇ ਤੀਸਰੀ ਵਾਰ ਨਰਿੰਦਰ ਮੋਦੀ ਜੀ ਦੇਸ ਦੇ ਪ੍ਰਧਾਨ ਮੰਤਰੀ ਬਣਨਗੇ ।

## ਮਰੀਜ ਨੂੰ ਦੂਜੀ ਵਾਰ ਕੈਂਸਰ ਹੋਣ ਤੋਂ ਬਚਾਏਗੀ 100 ਰੁਪਏ ਦੀ ਇਹ ਗੋਲੀ, ਟਾਟਾ ਇੰਸਟੀਚਿਊਟ ਦੇ ਡਾਕਟਰਾਂ ਦਾ ਦਾਅਵਾ

ਨੈਸਨਲ ਡੈਸਕ 1 ਮਾਰਚ। ਭਾਰਤ ਵਿੱਚ ਪ੍ਰਮੁੱਖ ਕੈਂਸਰ ਖੋਜ ਅਤੇ ਇਲਾਜ ਸਹੂਲਤ, ਮੁੰਬਈ ਵਿੱਚ ਟਾਟਾ ਇੰਸਟੀਚਿਊਟ ਨੇ ਇੱਕ ਅਜਿਹਾ ਇਲਾਜ ਖੋਜਣ ਦਾ ਦਾਅਵਾ ਕੀਤਾ ਹੈ, ਜੋ ਦੂਜੀ ਵਾਰ ਕੈਂਸਰ ਦੇ ਦੁਬਾਰਾ ਹੋਣ ਤੋਂ ਰੋਕ ਸਕਦਾ ਹੈ। ਸੰਸਥਾ ਦੇ ਖੋਜਕਰਤਾਵਾਂ ਅਤੇ ਡਾਕਟਰਾਂ ਨੇ 10 ਸਾਲਾਂ ਤੱਕ ਕੰਮ ਕੀਤਾ ਹੈ ਅਤੇ ਹੁਣ ਇੱਕ ਗੋਲੀ ਵਿਕਸਿਤ ਕੀਤੀ ਹੈ। ਇਸ ਬਾਰੇ ਉਹਨਾਂ ਨੇ ਦਾਅਵਾ ਕੀਤਾ ਕਿ ਇਹ ਮਰੀਜਾਂ ਨੂੰ ਦੂਜਾ ਕੈਂਸਰ ਹੋਣ ਤੋਂ ਰੋਕੇਗੀ ਅਤੇ ਰੇਡੀਏਸਨ ਅਤੇ ਕੀਮੋਥੈਰੇਪੀ ਵਰਗੇ ਇਲਾਜਾਂ ਦੇ ਮਾੜੇ ਪ੍ਰਭਾਵਾਂ ਨੂੰ ਵੀ 50 ਫੀਸਦੀ ਤੱਕ ਘਟਾ ਦੇਵੇਗੀ। ਡਾਕਟਰਾਂ ਦੀ ਇਸ ਗੋਲੀ ਨਾਲ ਕੈਂਸਰ ਮੁੜ ਨਹੀਂ ਹੋਵੇਗਾ ਅਤੇ ਕੀਮੋ-ਰੇਡੀਏਸਨ ਦੇ ਮਾੜੇ ਪ੍ਰਭਾਵਾਂ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਟਾਟਾ ਮੈਮੋਰੀਅਲ ਹਸਪਤਾਲ ਦੇ ਸੀਨੀਅਰ ਕੈਂਸਰ ਸਰਜਨ ਅਤੇ ਖੋਜ ਸਮੂਹ ਦੇ ਮੈਂਬਰ ਡਾ: ਰਾਜਿੰਦਰ ਬਡਵੇ ਨੇ ਇਸ ਖੋਜ ਦੇ ਪਿੱਛੇ ਦੀ ਪ੍ਰਕਿਰਿਆ ਬਾਰੇ ਦੱਸਿਆ ਹੈ। ਦੱਸ ਦੇਈਏ ਕਿ ਇਸ “ਖੋਜ ਲਈ ਚੂਹਿਆਂ ਵਿੱਚ ਮਨੁੱਖੀ ਕੈਂਸਰ ਸੈੱਲਾਂ ਨੂੰ ਦਾਖਲ ਕੀਤਾ ਗਿਆ, ਜਿਸ ਨਾਲ ਉਨ੍ਹਾਂ ਵਿੱਚ ਇੱਕ ਟਿਊਮਰ ਬਣ ਗਿਆ। ਇਸ ਤੋਂ ਬਾਅਦ ਚੂਹਿਆਂ ਦਾ ਇਲਾਜ ਰੇਡੀਏਸਨ ਥੈਰੇਪੀ, ਕੀਮੋਥੈਰੇਪੀ ਅਤੇ ਸਰਜਰੀ ਨਾਲ ਕੀਤਾ ਗਿਆ ਸੀ। ਇਸ ਨਾਲ ਇਹ ਪਤਾ ਲੱਗਾ ਕਿ ਜਦੋਂ ਇਹ ਕੈਂਸਰ ਸੈੱਲ ਮਰ ਜਾਂਦੇ ਹਨ ਤਾਂ ਛੋਟੇ-ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦੇ ਹਨ। ਇਨ੍ਹਾਂ ਨੂੰ ਕ੍ਰੋਮੈਟਿਨ ਕਣ ਕਿਹਾ ਜਾਂਦਾ ਹੈ। ਡਾ. ਬਡਵੇ ਨੇ ਕਿਹਾ ਕਿ, “ਇਹ ਕਣ ਖੂਨ ਦੇ ਪ੍ਰਵਾਹ ਰਾਹੀਂ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਜਾ ਸਕਦੇ ਹਨ। ਜਦੋਂ ਇਹ ਸਿਹਤਮੰਦ ਸੈੱਲਾਂ ਵਿੱਚ ਦਾਖਲ ਹੁੰਦੇ ਹਨ, ਤਾਂ ਇਹ ਉਹਨਾਂ ਨੂੰ ਕੈਂਸਰ ਵਿੱਚ ਬਦਲ ਸਕਦੇ ਹਨ।“ ਇਸ ਸਮੱਸਿਆ ਦੇ ਜਵਾਬ ਵਿੱਚ ਖੋਜਕਰਤਾਵਾਂ ਨੇ ਚੂਹਿਆਂ ਨੂੰ ਰੇਸਵੇਰਾਟ੍ਰੋਲ ਅਤੇ ਕਾਪਰ (+) ਵਾਲੀਆਂ ਪ੍ਰੋ-ਆਕਸੀਡੈਂਟ ਗੋਲੀਆਂ ਦਿੱਤੀਆਂ। + ਗੋਲੀਆਂ ਆਕਸੀਜਨ ਰੈਡੀਕਲ ਪੈਦਾ ਕਰਦੀਆਂ ਹਨ, ਜੋ ਕ੍ਰੋਮੈਟਿਨ ਕਣਾਂ ਨੂੰ ਪ੍ਰਭਾਵਸਾਲੀ ਢੰਗ ਨਾਲ ਨਸਟ ਕਰਨ ਦਾ ਕੰਮ ਕਰਦੀਆਂ ਹਨ। ਜਦੋਂ ਇਸ ਦਵਾਈ ਨੂੰ ਮੂੰਹ ਰਾਹੀਂ ਲਿਆ ਜਾਂਦਾ ਹੈ, ਤਾਂ ਇਹ ਗੋਲੀਆਂ ਢਿੱਡ ਵਿੱਚ ਆਕਸੀਜਨ ਰੈਡੀਕਲਸ ਛੱਡਦੀਆਂ ਹਨ, ਜੋ ਤੇਜੀ ਨਾਲ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੁੰਦੀਆਂ ਹਨ। ਇਹ ਪ੍ਰਕਿਰਿਆ ਸੈੱਲ-ਮੁਕਤ ਕ੍ਰੋਮੈਟਿਨ ਕਣਾਂ ਨੂੰ ਸਰਕੂਲੇਸਨ ਵਿੱਚ ਛੱਡਣ ਤੋਂ ਰੋਕਦੀ ਹੈ ਅਤੇ ਕੈਂਸਰ ਸੈੱਲਾਂ ਦੀ ਗਤੀ ਨੂੰ ਰੋਕਦੀ ਹੈ। ਇਸ ਪ੍ਰਕਿਰਿਆ ਨੂੰ ਮੈਟਾਸਟੈਸਿਸ ਕਿਹਾ ਜਾਂਦਾ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਹ ਗੋਲੀ ਪੈਨਕ੍ਰੀਅਸ, ਫੇਫੜਿਆਂ ਅਤੇ ਮੂੰਹ ਦੇ ਖੇਤਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਕੈਂਸਰ ਦੇ ਵਿਰੁੱਧ ਪ੍ਰਭਾਵਸਾਲੀ ਹੋਵੇਗੀ। ਡਾਕਟਰ ਫਿਲਹਾਲ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ () ਤੋਂ ਮਨਜੂਰੀ ਦੀ ਉਡੀਕ ਕਰ ਰਹੇ ਹਨ। ਇੱਕ ਵਾਰ ਮਨਜੂਰੀ ਮਿਲਣ ਤੋਂ ਬਾਅਦ, ਟੈਬਲੇਟ ਦੇ ਜੂਨ-ਜੁਲਾਈ ਤੱਕ ਬਾਜਾਰ ਵਿੱਚ ਉਪਲਬਧ ਹੋਣ ਦੀ ਉਮੀਦ ਹੈ। ਟੈਬਲੇਟ ਦੀ ਅਨੁਮਾਨਿਤ ਕੀਮਤ ਸਿਰਫ 100 ਰੁਪਏ ਹੈ, ਜਿਸ ਨਾਲ ਇਹ ਹਰ ਕਿਸੇ ਲਈ ਆਸਾਨੀ ਨਾਲ ਉਪਲਬਧ ਹੈ। ਡਾਕਟਰ ਬਡਵੇ ਨੇ ਕਿਹਾ, “ਹਾਲਾਂਕਿ ਇਲਾਜ ਦਾ ਬਜਟ ਲੱਖਾਂ ਤੋਂ ਕਰੋੜਾਂ ਤੱਕ ਹੈ, ਪਰ ਇਹ ਗੋਲੀ ਹਰ ਥਾਂ ਸਿਰਫ 100 ਰੁਪਏ ਵਿੱਚ ਉਪਲਬਧ ਹੋਵੇਗੀ।“

## ਰੂਪਨਗਰ ਵਿਖੇ ਨਹਿਰ ’ਚ ਡਿੱਗੀ ਟਰੈਕਟਰ-ਟਰਾਲੀ

ਰੂਪਨਗਰ 1 ਮਾਰਚ। ਰੂਪਨਗਰ ਸ਼ਹਿਰ ਦੇ ਨਾਲ ਲੱਗਦੇ ਪਿੰਡ ਮਾਜਰੀ ਠੇਕੇਦਾਰਾਂ ਕੋਲੋਂ ਲੰਘਦੀ ਐੱਸ. ਵਾਈ. ਐੱਲ. ਨਹਿਰ ’ਚ ਇਕ ਟਰੈਕਟਰ ਟਰਾਲੀ ਡਿੱਗਣ ਕਾਰਨ ਇਕ ਵਿਅਕਤੀ ਦੀ ਮੌਤ ਅਤੇ ਚਾਰ ਵਿਅਕਤੀਆਂ ਦੇ ਜਖਮੀ ਹੋਣ ਦੀ ਖਬਰ ਮਿਲੀ ਹੈ। ਮਿਲੀ ਜਾਣਕਾਰੀ ਮੁਤਾਬਕ ਐੱਮ. ਬੀ. ਡਬਲਿਊ. ਭੱਠੇ ’ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਨਮ ਦਿਨ ਮਨਾਉਣ ਉਪਰੰਤ ਪ੍ਰਵਾਸੀ ਮਜਦੂਰ ਟੈਂਟ ਆਦਿ ਦਾ ਸਾਮਾਨ ਵਾਪਸ ਕਰਨ ਲਈ ਜਾ ਰਹੇ ਸਨ ਅਤੇ ਜਦੋਂ ਇਹ ਮਾਜਰੀ ਠੇਕੇਦਾਰਾਂ ਕੋਲ ਐੱਸ. ਵਾਈ. ਐੱਲ. ਨਹਿਰ ’ਤੇ ਪਹੁੰਚੇ ਤਾਂ ਟਰੈਕਟਰ ਟਰਾਲੀ ਨਹਿਰ ’ਚ ਡਿੱਗ ਗਿਆ। ਇਸ ਹਾਦਸੇ ਦੌਰਾਨ ਇਕ ਵਿਅਕਤੀ ਦੀ ਮੌਤ ਹੋਣ ਅਤੇ ਚਾਰ ਵਿਅਕਤੀਆਂ ਦੇ ਜਖਮੀ ਹੋਣ ਬਾਰੇ ਪਤਾ ਚੱਲਿਆ ਹੈ। ਜ?ਿਕਰਯੋਗ ਹੈ ਕਿ ਪਿੰਡ ਮਾਜਰੀ ਠੇਕੇਦਾਰਾਂ ਕੋਲੋਂ ਲੰਘਦੀ ਐੱਸ. ਵਾਈ. ਐੱਲ. ਨਹਿਰ ਦਾ ਪੁਲ ਖਸਤਾ ਹਾਲਤ ’ਚ ਹੈ ਅਤੇ ਅਗਲੇ ਪਿੰਡਾਂ ਨੂੰ ਜਾਣ ਵਾਲੀ ਰੋਡ ’ਤੇ ਨਹਿਰ ਦੇ ਕਿਨਾਰੇ ਵਿਭਾਗ ਵੱਲੋਂ ਰੋਕਾਂ ਦੇ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ, ਜਿਸ ਕਾਰਨ ਹਾਦਸਾ ਵਾਪਰਨ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ ਜਦਕਿ ਰਾਤ ਸਮੇਂ ਇਥੋਂ ਲੰਘਣਾ ਕਾਫੀ ਜੋਖਮ ਭਰਿਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਥਾਂ ’ਤੇ ਪਹਿਲਾਂ ਵੀ ਹਾਦਸੇ ਵਾਪਰ ਚੁੱਕੇ ਹਨ। ਉਨ੍ਹਾਂ ਮੰਗ ਕੀਤੀ ਕਿ ਨਹਿਰ ਦੇ ਕਿਨਾਰੇ ਪੂਰੀ ਤਰ੍ਹਾਂ ਉੱਚੀਆਂ ਕਰਕੇ ਰੋਕਾਂ ਲਾਈਆਂ ਜਾਣ ਤਾਂ ਜੋ ਲੋਕਾਂ ਅਤੇ ਪਸ਼ੂਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

## ਭਾਰਤੀ ਹੋਟਲ ਉਦਯੋਗ ਅਗਲੇ ਵਿੱਤੀ ਸਾਲ ’ਚ 7 ਤੋਂ 9 ਫੀਸਦੀ ਮਾਲੀਆ ਵਾਧਾ ਕਰੇਗਾ ਦਰਜ : ਇਕ੍ਰਾ

ਕੋਲਕਾਤਾ 1 ਮਾਰਚ। ਭਾਰਤੀ ਹੋਟਲ ਉਦਯੋਗ ਨੂੰ ਅਗਲੇ ਵਿੱਤੀ ਸਾਲ (2024-25) ’ਚ 7 ਤੋਂ 9 ਫੀਸਦੀ ਦਾ ਮਾਲੀਆ ਵਾਧਾ ਦਰਜ




ਕਰਨ ਦੀ ਉਮੀਦ ਹੈ। ਕ੍ਰੈਡਿਟ ਰੇਟਿੰਗ ਏਜੰਸੀ ਇਕ੍ਰਾ ਦੀ ਇਕ ਰਿਪੋਰਟ ’ਚ ਇਹ ਅਨੁਮਾਨ ਲਾਇਆ ਗਿਆ ਹੈ। ਇਕ੍ਰਾ ਨੇ ਕਿਹਾ ਕਿ ਘਰੇਲੂ ਛੁੱਟੀਆਂ ਦੀ ਯਾਤਰਾ ਦਾ ਰੱਖ-ਰਖਾਅ, ਬੈਠਕਾਂ, ਇਨਸੈਂਟਿਵ, ਸੰਮੇਲਨ ਅਤੇ ਪ੍ਰਦਰਸ਼ਨੀਆਂ (ਐੱਮ. ਆਈ. ਸੀ. ਈ.) ਦੀ ਮੰਗ ਅਜਿਹੇ ਕਾਰਕ ਹਨ, ਜੋ ਆਗਾਮੀ ਆਮ ਚੋਣਾਂ ਦੌਰਾਨ ਅਸਥਾਈ ਸ਼ਾਂਤੀ ਦੇ ਬਾਵਜੂਦ ਅਗਲੇ ਵਿੱਤੀ ਸਾਲ ’ਚ ਮੰਗ ਨੂੰ ਵਧਾਉਣਗੇ। ਸੋਧ ਕੰਪਨੀ ਨੇ ਕਿਹਾ ਕਿ ਅਗਲੇ ਵਿੱਤੀ ਸਾਲ ’ਚ ਅਧਿਆਤਮਿਕ ਸੈਰ-ਸਪਾਟੇ ਅਤੇ ਦੂਜੀ ਸ਼੍ਰੇਣੀ ਦੇ ਸ਼ਹਿਰਾਂ ਤੋਂ ਸਮੁੱਚੇ ਤੌਰ ’ਤੇ ਮੰਗ ’ਚ ਸਾਰਥਕ ਯੋਗਦਾਨ ਮਿਲ ਸਕਦਾ ਹੈ। ਇਕ੍ਰਾ ਅਨੁਸਾਰ ਚਾਲੂ ਵਿੱਤੀ ਸਾਲ ਅਤੇ ਅਗਲੇ ਵਿੱਤੀ ਸਾਲ ’ਚ ਆਲ ਇੰਡੀਆ ਹੋਟਲ ਆਕੂਪੈਂਸੀ ਦਾ ਅਨੁਮਾਨ ਦਹਾਕੇ ਦੇ ਉੱਚ ਪੱਧਰ 70 ਫੀਸਦੀ ਤੋਂ 72 ਫੀਸਦੀ ਤੱਕ ਪਹੁੰਚ ਗਿਆ

## ਜਮੀਨ ਝਗੜੇ ਦੇ ਚੱਲਦਿਆਂ ਕੀਤੇ ਹਵਾਈ ਫਾਇਰ, ਇਕ ਦਰਜਨ ਤੋਂ ਵੱਧ ਵਿਅਕਤੀਆਂ ‘ਤੇ ਮਾਮਲਾ ਦਰਜ

ਦੀਨਾਨਗਰ 1 ਮਾਰਚ। ਦੀਨਾਨਗਰ ਪੁਲਸ ਵੱਲੋਂ ਇੱਕ ਜਮੀਨੀ ਝਗੜੇ ਨੂੰ ਲੈ ਕੇ ਤਿੰਨ ਵਿਅਕਤੀਆਂ ਸਮੇਤ 10 ਤੋਂ 12 ਅਣਪਛਾਤੇ ਵਿਅਕਤੀਆਂ ਖ?ਿਲਾਫ ਧਾਰਾ 323, 336, 148, 149, 447, 511 ਤੇ 25\54 ਅਸਲਾ ਐਕਟ ਤਹਿਤ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਦੇ ਜਾਂਚ ਅਧਿਕਾਰੀ ਗੁਰਬਖਸਪਾਲ ਸਿੰਘ ਨੇ ਦੱਸਿਆ ਕਿ 26.02.2024 ਨੂੰ ਵਰੁਣ ਮਹਾਜਨ ਪੁੱਤਰ ਰਾਜੇਸ਼ ਮਹਾਜਨ ਵਾਸੀ ਕੋਠੈ ਭੀਮ ਸੈਣ ਦੀਨਾਨਗਰ ਨੇ ਪੁਲਸ ਨੂੰ ਦਿੱਤੀ ਸ?ਿਕਾਇਤ ਵਿੱਚ ਕਿਹਾ ਕਿ 9\10 ਕਨਾਲਾਂ ਜਗ੍ਹਾ ਬੇਅਬਾਦ ਪਈ ਹੈ ਅਤੇ ਇਸ ਜਗ੍ਹਾ ਦਾ ਕੋਰਟ ਕੇਸ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੂਜੇ ਧਿਰਾਂ ਦੇ ਕੁਝ ਵਿਅਕਤੀ ਗੱਡੀਆਂ ‘ਤੇ ਸਵਾਰ ਹੋ ਕੇ ਝਗੜੇ ਵਾਲੀ ਜਗ੍ਹਾ ‘ਤੇ ਆਏ ਅਤੇ ਕਬਜਾ ਕਰਨ ਦੀ ਨੀਅਤ ਨਾਲ ਟਰੈਕਟਰ ਨਾਲ ਵਹਾਉਣ ਲੱਗ ਪਏ। ਜਿਸ ‘ਤੇ ਜਦੋਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਸਾਨੂੰ ਜਖਮੀ ਕਰ ਦਿੱਤਾ ਅਤੇ ਅਣਪਛਾਤੇ



ਵਿਅਕਤੀ ਨੇ ਡਰਾਉਣ ਲਈ ਦਸਤੀ ਪਿਸਤੌਲ ਨਾਲ 2 ਰੌਂਦ ਹਵਾਈ ਫਾਇਰ ਕੀਤੇ ਅਤੇ ਮੌਕੇ ਤੋਂ ਫਰਾਰ ਗਏ। ਇਹ ਸਾਰੀ ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਸਾਰੀ ਘਟਨਾ ਦੀ ਜਾਂਚ ਪੜਤਾਲ ਕਰਨ ਉਪਰੰਤ ਮੁਦਈ ਵਰੁਣ ਮਹਾਜਨ ਦੇ ਬਿਆਨਾਂ ਦੇ ਆਧਾਰ ‘ਤੇ ਦਿਨੇਸ ਮਹਾਜਨ ਪੁੱਤਰ ਜਗਦੀਸ ਮਹਾਜਨ, ਸ?ਿਵਮ ਪੁੱਤਰ ਸੁਰੇਸ ਕੁਮਾਰ ਵਾਸੀਆਂਨ ਮਾਸਟਰ ਕਲੋਨੀ ਦੀਨਾਨਗਰ ਤੇ ਅਜੈ ਕੁਮਾਰ ਉਰਫ ਕਾਲਾ ਪੁੱਤਰ ਰਾਜ ਕੁਮਾਰ ਵਾਸੀ ਬਹਿਰਾਮਪੁਰ ਰੋਡ ਦੀਨਾਨਗਰ ਸਮੇਤ 10\12 ਅਣਪਛਾਤੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਸਾਨੂੰ ਜਖਮੀ ਕਰ ਦਿੱਤਾ ਅਤੇ ਅਣਪਛਾਤੇ ਵਿਅਕਤੀ ਨੇ ਡਰਾਉਣ ਲਈ ਦਸਤੀ ਪਿਸਤੌਲ ਨਾਲ 2 ਰੌਂਦ ਹਵਾਈ ਫਾਇਰ ਕੀਤੇ ਅਤੇ ਮੌਕੇ ਤੋਂ ਫਰਾਰ ਗਏ। ਇਹ ਸਾਰੀ ਘਟਨਾ ਦੀ ਵਿਅਕਤੀ ਖਿਲਾਫ ਵੱਖ-ਵੱਖ ਧਾਰਾ ਤਹਿਤ ਅਸਲਾ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

### ਸੁਲਤਾਨਪੁਰ ਲੋਧੀ ਤੋਂ ਵੱਡੀ ਖਬਰ, ਸ੍ਰੀ ਬੇਰ ਸਾਹਿਬ ਮੱਥਾ ਟੇਕਣ ਆਈ ਔਰਤ ਨੇ ਗੁਰਦੁਆਰਾ ਸਾਹਿਬ ’ਚ ਤਿਆਗੇ ਪ੍ਰਾਣ

ਸੁਲਤਾਨਪੁਰ ਲੋਧੀ 1 ਮਾਰਚ। ਸੁਲਤਾਨਪੁਰ ਲੋਧੀ ਤੋਂ ਵੱਡੀ ਖਬਰ ਸਾਹਮਣੇ ਆਈ ਹੈ। ਇਥੋਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਣ ਆਈ ਇਕ 65 ਸਾਲਾ ਔਰਤ ਦੀ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ। ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਬਜੁਰਗ ਮਾਤਾ ਆਪਣੇ ਪਰਿਵਾਰ ਸਮੇਤ ਦਰਬਾਰ ਸਾਹਿਬ ਦੇ ਅੰਦਰ ਜਦੋਂ ਦਾਖਲ ਹੋਣ ਲੱਗਦੀ ਹੈ ਤਾਂ ਉਸ ਵੇਲੇ ਉਹ ਚੱਕਰ ਖਾ ਕੇ ਡਿੱਗ ਜਾਂਦੀ ਹੈ। ਬਾਅਦ ਵਿੱਚ ਜਦੋਂ ਪਰਿਵਾਰ ਵੱਲੋਂ ਉਸ ਬਜੁਰਗ ਮਾਤਾ ਨੂੰ ਕੁਝ ਨੇੜਲੇ ਲੋਕਾਂ ਦੀ ਸਹਾਇਤਾ ਨਾਲ ਹਸਪਤਾਲ ਲਿਜਾਇਆ ਜਾਂਦਾ ਹੈ ਤਾਂ ਪਤਾ ਚੱਲਦਾ ਹੈ ਕਿ ਉਸ ਬਜੁਰਗ ਮਾਤਾ ਦੀ ਹਾਰਟ ਅਟੈਕ ਆਉਣ ਕਾਰਨ ਮੌਤ ਹੋ ਜਾਂਦੀ ਹੈ। ਮੌਕੇ ‘ਤੇ ਮੌਜੂਦ ਲੋਕਾਂ ਵੱਲੋਂ ਦੱਸਿਆ ਗਿਆ ਕਿ ਇਸ ਬਜੁਰਗ ਮਾਤਾ ਦੇ ਨਾਲ ਉਸ ਦਾ ਪਰਿਵਾਰ ਵੀ ਨਤਮਸਤਕ ਹੋਣ ਲਈ ਆਇਆ ਹੋਇਆ ਸੀ ਅਤੇ ਕਿਸੇ ਕੇਸ ਵਿੱਚੋਂ ਬਰੀ ਹੋਣ ਦੀ ਖੁਸੀ ਵਿੱਚ ਉਹ ਮਾਲਕ ਦੇ ਦਰਬਾਰ ‘ਤੇ ਸੁਕਰਾਨਾ ਕਰਨ ਲਈ ਆਏ ਹੋਏ ਸਨ। ਸ੍ਰੀ ਗੁਰਦੁਆਰਾ ਸੁਲਤਾਨਪੁਰ ਸਾਹਿਬ ਵਿਚ ਵਾਪਰੀ ਇਸ ਘਟਨਾ ਦੀਆਂ ਤਸਵੀਰਾਂ ਵੀ ਸੀ. ਸੀ. ਟੀ. ਵੀ. ਵਿੱਚ ਕੈਦ ਹੋ ਗਈਆਂ ਹਨ।

## ਬੇਕਾਬੂ ਹੋ ਕੇ ਖੱਡ ‘ਚ ਡਿੱਗੀ ਆਲਟੋ ਕਾਰ, 2 ਬੱਚਿਆਂ ਤੇ ਪਤੀ-ਪਤਨੀ ਸਣੇ 6 ਦੀ ਮੌਤ

ਦੇਹਰਾਦੂਨ 1 ਮਾਰਚ। ਉੱਤਰਾਖੰਡ ਦੇ ਦੇਹਰਾਦੂਨ ਜ?ਿਲ੍ਹੇ ‘ਚ ਹਿਮਾਚਲ ਪ੍ਰਦੇਸ ਦੇ ਸੀਮਾਂਤ ਥਾਣਾ ਤਿਊਨੀ ਇਲਾਕੇ ‘ਚ ਬੁੱਧਵਾਰ ਨੂੰ ਇਕ ਬੇਕਾਬੂ ਆਲਟੋ ਕਾਰ ਡੂੰਘੀ ਖੱਡ ‘ਚ ਡਿੱਗ ਗਈ। ਇਸ ਕਾਰਨ ਗੱਡੀ ‘ਚ ਸਵਾਰ ਪਤੀ-ਪਤਨੀ ਅਤੇ ਦੋ ਮਾਸੂਮ ਬੱਚਿਆਂ ਸਮੇਤ ਕੁੱਲ 6 ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਜਦਕਿ ਇਕ ਵਿਅਕਤੀ ਨੂੰ ਜਖਮੀ ਹਾਲਤ ‘ਚ ਹਸਪਤਾਲ ਲਿਜਾਇਆ ਗਿਆ ਹੈ। ਸੂਬਾ ਆਫਤ ਮੋਚਨ ਬਲ () ਦੇ ਬੁਲਾਰੇ ਨੇ ਕਿਹਾ ਕਿ ਅੱਜ ਤਿਊਨੀ ਖੇਤਰ ‘ਚ ਇਕ ਆਲਟੋ ਗੱਡੀ, ਜਿਸ ਦੀ ਰਜਿਸਟਰੇਸਨ ਨੰਬਰ: ਯੂਕੇ-07-ਡੀਯੂ-4719, ਕੰਟਰੋਲ ਗੁਆ ਬੈਠੀ ਅਤੇ ਹੈਨਸਯੂ ਪਿੰਡ ਨੇੜੇ ਡੂੰਘੀ ਖੱਡ ਵਿੱਚ ਡਿੱਗ ਗਈ। ਸੂਚਨਾ ਮਿਲਣ ‘ਤੇ ਬਚਾਅ ਟੀਮ ਨੇ ਸਥਾਨਕ ਪੁਲਿਸ ਦੀ ਮਦਦ ਨਾਲ ਸਾਰੀਆਂ ਲਾਸਾਂ ਨੂੰ ਖੱਡ ‘ਚੋਂ ਕੱਢ ਕੇ ਅਗਲੇਰੀ ਕਾਰਵਾਈ ਲਈ ਸਰਕਾਰੀ ਪ੍ਰਾਇਮਰੀ ਹੈਲਥ ਸੈਂਟਰ ਤਿਊਨੀ ਭੇਜ ਦਿੱਤਾ। ਉਕਤ ਵਾਹਨ ਪੰਦਰਨੂ (ਹਿਮਾਚਲ) ਤੋਂ ਦਸੌਂ (ਉਤਰਾਖੰਡ) ਜਾ ਰਿਹਾ ਸੀ। ਬੁਲਾਰੇ ਨੇ ਦੱਸਿਆ ਕਿ ਹਾਦਸੇ ‘ਚ ਕਾਰ ਵਿਚ ਸਵਾਰ 6 ਵਿਅਕਤੀਆਂ ‘ਚੋਂ ਸੰਜੂ, ਉਮਰ 35 ਸਾਲ, ਸੂਰਜ, ਉਮਰ 35 ਸਾਲ, ਸੀਤਲ ਪਤਨੀ ਸੂਰਜ ਉਮਰ 25 ਸਾਲ, ਸਜਨਾ ਪੁੱਤਰੀ ਸਵਿਤਾ ਦੇਵੀ, ਉਮਰ 21 ਸਾਲ, ਦਿਵਿਆਂਸ ਪੁੱਤਰ ਜੀਤ ਬਹਾਦੁਰ, ਉਮਰ 10 ਸਾਲ, ਯਸ ਪੁੱਤਰ ਸੂਰਜ, ਉਮਰ 5 ਸਾਲ, ਵਾਸੀ ਪਿੰਡ ਸੇਂਜ, ਪੋਸਟ ਪੰਦਰਨੂ, ਤਹਿਸੀਲ ਜੁਬਲ, ਜ?ਿਲ੍ਹਾ ਸ?ਿਮਲਾ, ਹਿਮਾਚਲ ਪ੍ਰਦੇਸ ਦੇ ਵਸਨੀਕ ਸਨ। ਉਨ੍ਹਾਂ ਦੀ ਘਟਨਾ ਵਾਲੀ ਥਾਂ ‘ਤੇ ਮੌਤ ਹੋ ਗਈ, ਜਦੋਂਕਿ ਜੀਤ ਬਹਾਦਰ ਪੁੱਤਰ ਸੁੱਖ ਬਹਾਦਰ, ਉਮਰ 36 ਸਾਲ ਵਾਸੀ ਪਿੰਡ ਸੇਂਜ, ਪੋ. ਪੰਦਰਨੂ, ਤਹਿਸੀਲ ਜੁਬਲ, ਜ?ਿਲ੍ਹਾ ਸ?ਿਮਲਾ, ਹਿਮਾਚਲ ਪ੍ਰਦੇਸ ਨੂੰ ਗੰਭੀਰ ਜਖਮੀ ਹਾਲਤ ਵਿਚ ਸਰਕਾਰੀ ਪ੍ਰਾਇਮਰੀ ਹੈਲਥ ਸੈਂਟਰ ਤਿਊਨੀ ਭੇਜਿਆ ਗਿਆ ਹੈ।

### ਮਾਡਰਨ ਜੇਲ੍ਹ ਦੀ ਬਾਹਰਲੀ ਕੰਧ ਤੋਂ ਇਤਰਾਜਯੋਗ ਸਮਗਰੀ ਸੁੱਟਣ ਆਏ 2 ਨੌਜਵਾਨ ਸਣੇ ਹਵਾਲਾਤੀ ‘ਤੇ ਮਾਮਲਾ ਦਰਜ

ਫਰੀਦਕੋਟ 1 ਮਾਰਚ। ਫਰੀਦਕੋਟ ਦੀ ਮਾਡਰਨ ਜੇਲ੍ਹ ‘ਚ ਅਕਸਰ ਹੀ ਮੋਬਾਇਲ ਮਿਲਣ ਦਾ ਸਿਲਸਿਲਾ ਜਾਰੀ ਹੈ। ਕਈ ਵਾਰ ਜੇਲ੍ਹ ‘ਚੋਂ ਸਾਮਾਨ ਬਰਾਮਦ ਕੀਤਾ ਗਿਆ ਹੈ। ਜਿਸ ਵਿੱਚ ਮੋਬਾਇਲ, ਚਾਰਜਰ, ਸਿਮ ਇਤਰਾਜਯੋਗ ਸਮਗਰੀ ਆਦਿ ਮਿਲਦੀ ਹੈ। ਹਾਲ ਹੀ ‘ਚ ਇਕ ਵਾਰ ਫਿਰ ਥਰੋ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ‘ਚ ਜੇਲ੍ਹ ਦੀ ਬਾਹਰਲੀ ਕੰਧ ਤੋਂ ਥਰੋ ਕਰਕੇ ਸਾਮਾਨ ਸੁੱਟਣ ਵਾਲੇ ਦੋ ਨੌਜਵਾਨ ਨੇ 13 ਗੇਂਦਾਂ ਸੁੱਟੀਆਂ, ਜਿਸ ‘ਚ 47 ਜਰਦੇ ਦੀਆਂ ਦੇ ਪੁੜੀਆਂ ਅਤੇ ਚਾਰ ਬੀੜੀਆਂ ਦੇ ਬੰਡਲ ਬਰਾਮਦ ਕੀਤੇ ਗਏ।

# ਐਡੀਸ਼ਨਲ ਬੈਸਾਖੀਆਂ ਦੇ ਸਹਾਰੇ ਚੱਲ ਰਿਹੈ ਜਿਲ੍ਹਾ ਪ੍ਰਸ਼ਾਸਨ

ਜਲੰਧਰ 1 ਮਾਰਚ। ਪੰਜਾਬ ਸਰਕਾਰ ਦੇ ਕਾਰਜਕਾਲ ਦਾ ਲਗਭਗ 2 ਸਾਲ ਦਾ ਸਮਾਂ ਪੂਰਾ ਹੋਣ ਜਾ ਰਿਹਾ ਹੈ ਪਰ ਇਨ੍ਹਾਂ 2 ਸਾਲਾਂ ਵਿਚ ਇਕ ਵੀ ਅਜਿਹਾ ਮੌਕਾ ਨਹੀਂ ਆਇਆ ਕਿ ਜ?ਿਲ੍ਹਾ ਪ੍ਰਸ਼ਾਸਨ ਦੇ ਸਾਰੇ ਵਿਭਾਗਾਂ ਵਿਚ ਸਥਾਈ ਤੌਰ ’ਤੇ ਅਧਿਕਾਰੀ ਤਾਇਨਾਤ ਰਹੇ ਹੋਣ। ਪੰਜਾਬ ਸਰਕਾਰ ਦੇ ਨਿੱਤ ਜਾਰੀ ਹੋਣ ਵਾਲੇ ਹੁਕਮਾਂ ’ਤੇ ਅਧਿਕਾਰੀਆਂ ਦੀ ਚੁੱਕ-ਥੱਲ ਤਾਂ ਕਰ ਦਿੱਤੀ ਜਾਂਦੀ ਹੈ ਪਰ ਉਨ੍ਹਾਂ ਦੀ ਥਾਂ ’ਤੇ ਨਵੇਂ ਅਧਿਕਾਰੀ ਦੀ ਟਰਾਂਸਫਰ ਕਰਨਾ ਸ਼ਾਇਦ ਸਰਕਾਰ ਭੁੱਲ ਜਾਂਦੀ ਹੈ, ਜਿਸ ਕਾਰਨ ਜ?ਿਲ੍ਹੇ ਵਚ ਪ੍ਰਸ਼ਾਸਨਿਕ ਕੰਮਕਾਜ ਪੂਰੀ ਤਰ੍ਹਾਂ ਨਾਲ ਪਟੜੀ ਤੋਂ ਉਤਰ ਚੁੱਕਾ ਹੈ। ਇਕ ਪਾਸੇ ਸਰਕਾਰ ਨੇ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ‘ਸਰਕਾਰ ਤੁਹਾਡੇ ਦੁਆਰ’ ਵਰਗੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਅਤੇ ਦੂਜੇ ਪਾਸੇ ਅਧਿਕਾਰੀ ਵਿਹੂਣੇ ਪ੍ਰਸ਼ਾਸਨਿਕ ਕੰਪਲੈਕਸ ਵਿਚ ਆਉਣ ਵਾਲੇ ਲੋਕਾਂ ਨੂੰ ਧੱਕੇ ਖਾਣ ’ਤੇ ਮਜਬੂਰ ਹੋਣਾ ਪੈ ਰਿਹਾ ਹੈ। ਜ?ਿਲ੍ਹੇ ਵਿਚ ਜਿਹੜੇ ਸੀਨੀਅਰ ਅਧਿਕਾਰੀ ਤਾਇਨਾਤ ਵੀ ਹਨ, ਉਹ ਵੀ ਪਿਛਲੇ ਕਈ ਦਿਨਾਂ ਤੋਂ ਵੀ. ਆਈ. ਪੀ. ਦੌਰਿਆਂ ਨੂੰ ਲੈ ਕੇ ਉਨ੍ਹਾਂ ਦੀ ਆਓ-ਭਗਤ ਵਿਚ ਜੁਟੇ ਹੋਏ ਹਨ, ਜਿਸ ਕਾਰਨ ਪਿਛਲੇ ਲੰਮੇ ਸਮੇਂ ਤੋਂ ਪ੍ਰਸ਼ਾਸਨਿਕ ਕੰਪਲੈਕਸ ਵਿਚ ਸੁੰਨਸਾਨ ਦੇਖਣ ਨੂੰ ਮਿਲਦੀ ਹੈ। ਆਮ ਜਨਤਾ ਸਾਰਾ ਦਿਨ ਅਧਿਕਾਰੀਆਂ ਦੇ ਆਉਣ ਦੀ ਉਡੀਕ ਕਰਦੀ ਰਹਿੰਦੀ ਹੈ ਜਾਂ ਫਿਰ ਅਧਿਕਾਰੀਆਂ ਦੇ ਨਾ ਆਉਣ ਦਾ ਪਤਾ ਲੱਗਣ ’ਤੇ ਮਨ ਮਾਰ ਕੇ ਵਾਪਸ ਮੁੜਨ ’ਤੇ ਮਜਬੂਰ ਹੋ ਰਹੀ ਹੈ। ਅੱਜ ਵੀ ਪ੍ਰਸ਼ਾਸਨਿਕ ਵਿਭਾਗਾਂ ਵਿਚ ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ), ਐਡੀਸ਼ਨਲ ਡਿਪਟੀ ਕਮਿਸ਼ਨਰ (ਰੂਰਲ ਡਿਵੈੱਲਪਮੈਂਟ), ਮੁੱਖ ਮੰਤਰੀ ਫੀਲਡ ਅਧਿਕਾਰੀ, ਅਸਿਸਟੈਂਟ ਕਮਿਸ਼ਨਰ (ਜਨਰਲ), ਕਾਰਜਕਾਰੀ ਮੈਜਿਸਟਰੇਟ (ਈ. ਐੱਮ.), ਤਹਿਸਲੀਦਾਰ ਨਕੋਦਰ, ਤਹਿਸੀਲਦਾਰ ਸ਼ਾਹਕੋਟ ਦੀ ਪੋਸਟ ਪਿਛਲੇ ਲੰਮੇ ਸਮੇਂ ਤੋਂ ਖਾਲੀ ਹੈ ਜਾਂ ਇਨ੍ਹਾਂ ਸੀਟਾਂ ’ਤੇ ਦੂਜੇ ਵਿਭਾਗਾਂ ਵਿਚ ਤਾਇਨਾਤ ਅਧਿਕਾਰੀਆਂ ਨੂੰ ਐਡੀਸ਼ਨਲ ਚਾਰਜ ਦੇ ਕੇ ਵਿਭਾਗ ਨੂੰ ਬੈਸਾਖੀਆਂ ਦੇ ਸਹਾਰੇ ਚਲਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ, ਰਿਜਨਲ ਟਰਾਂਸਪੋਰਟ ਅਧਿਕਾਰੀ (ਆਰ. ਟੀ. ਓ.) ਆਦਿੱਤਿਆ ਗੁਪਤਾ ਦੀ ਪਿਛਲੇ ਕਈ ਦਿਨਾਂ ਤੋਂ ਛੁੱਟੀ ’ਤੇ ਚੱਲ ਰਹੇ ਹਨ। ਸਰਕਾਰ ਨੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਕੰਮਾਂ ਦੀ ਪੈਂਡੈਂਸੀ ਘੱਟ ਕਰਨ ਲਈ ਸੈਕਟਰੀ ਰਿਜਨਲ ਟਰਾਂਸਪੋਰਟ ਅਥਾਰਿਟੀ ਮੇਜਰ ਅਮਿਤ ਮਹਾਜਨ ਨੂੰ ਆਰ. ਟੀ. ਓ. ਦਾ ਐਡੀਸ਼ਨਲ ਕਾਰਜਭਾਰ ਸੌਂਪਿਆ ਹੈ ਪਰ ਮੇਜਰ ਅਮਿਤ ਮਹਾਜਨ ਕੋਲ ਏ. ਡੀ. ਸੀ. (ਜਨਰਲ) ਦਾ ਵੀ ਐਡੀਸ਼ਨਲ ਚਾਰਜ ਹੈ, ਜਿਸ ਕਾਰਨ 3-3 ਵਿਭਾਗਾਂ ਦੀ ਕਮਾਨ ਸੰਭਾਲ ਪਾਉਣਾ ਸ਼ਾਇਦ ਕਿਸੇ ਵੀ ਅਧਿਕਾਰੀ ਦੇ ਵੱਸ ਦੀ ਗੱਲ ਨਾ ਹੋਣ ਕਾਰਨ ਉਨ੍ਹਾਂ ਆਰ. ਟੀ. ਓ. ਦੇ ਕੰਮਕਾਜ ਤੋਂ ਪੂਰੀ ਤਰ੍ਹਾਂ ਕਿਨਾਰਾ ਕੀਤਾ ਹੋਇਆ ਹੈ, ਜਿਸ ਕਾਰਨ ਜ?ਿਲੇ ਵਿਚ ਸਭ ਤੋਂ ਬੁਰਾ ਹਾਲ ਆਰ. ਟੀ. ਓ. ਦਫਤਰ ਦਾ ਹੋਇਆ ਪਿਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਬੀਤੇਂ ਦਨੀਂ ਪੰਜਾਬ ਭਰ ਵਿਚ ਦਰਜਨਾਂ ਤਹਿਸੀਲਦਾਰਾਂ ਦੇ ਤਬਾਦਲਿਆਂ ਦੇ ਹੁਕਮ ਜਾਰੀ ਕੀਤੇ ਸਨ, ਜਿਸ ਵਿਚ ਤਹਿਸੀਲਦਾਰ-2 ਰੁਪਿੰਦਰ ਸਿੰਘ ਬੱਲ ਦਾ ਤਬਾਦਲਾ ਭਿੱਖੀਵਿੰਡ ਕਰ ਦਿੱਤਾ ਗਿਆ ਸੀ, ਹਾਲਾਂਕਿ ਸਰਕਾਰ ਨੇ ਇਨ੍ਹਾਂ ਹੁਕਮਾਂ ਵਿਚ ਰੁਪਿੰਦਰ ਸਿੰਘ ਬੱਲ ਦੀ ਥਾਂ ’ਤੇ ਕਿਸੇ ਨਵੇਂ ਤਹਿਸੀਲਦਾਰ ਦੀ ਟਰਾਂਸਫਰ ਤਹਿਸੀਲਦਾਰ-1 ਵਜੋਂ ਨਹੀਂ ਕੀਤੀ ਪਰ ਰੁਪਿੰਦਰ ਬੱਲ ਨੇ ਸਰਕਾਰ ਦੇ ਹੁਕਮਾਂ ਨੂੰ ਅੰਗੂਠਾ ਦਿਖਾਉਂਦਿਆਂ ਲੱਗਭਗ 20



ਦਿਨਾਂ ਤੋਂ ਤਹਿਸੀਲਦਾਰ-1 ਦਾ ਚਾਰਜ ਨਹੀਂ ਚੱਢਿਆ ਪਰ ਤਹਿਸੀਲ-1 ਨਾਲ ਸਬੰਧਤ ਇੰਤਕਾਮ ਅਤੇ ਹੋਰ ਕੰਮ ਠੱਪ ਹੋਣ ਕਾਰਨ ਜਨਤਾ ਦੀਆਂ ਪ੍ਰੇਸ਼ਾਨੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਜੋ ਵੀ ਹੋਵੇ, ਐਡੀਸ਼ਨਲ ਬੈਸਾਖੀਆਂ ਦੇ ਸਹਾਰੇ ਚੱਲ ਰਹੇ ਪ੍ਰਸ਼ਾਸਨਿਕ ਵਿਭਾਗਾਂ ਤੋਂ ਪ੍ਰੇਸ਼ਾਨ ਹੋ ਰਹੀ ਜਨਤਾ ਦਾ ਗੁੱਸਾ ਕਿਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਦੇਖਣ ਨੂੰ ਨਾ ਮਿਲ ਜਾਵੇ ਕਿਉਂਕਿ ਕਈ-ਕਈ ਮਹੀਨਿਆਂ ਤੋਂ ਵਿਭਾਗੀ ਕੰਮ ਨਾ ਹੋਣ ਕਾਰਨ ਪ੍ਰੇਸ਼ਾਨ ਜਨਤਾ ਆਮ ਕਹਿੰਦੀ ਸੁਣਾਈ ਦਿੰਦੀ ਹੈ ਕਿ ਅਜਿਹਾ ਬਦਲਾਅ ਤਾਂ ਉਨ੍ਹਾਂ ਸੁਫਨੇ ਵਿਚ ਵੀ ਨਹੀਂ ਸੋਚਿਆ ਸੀ, ਕੋਈ ਗੱਲ ਨਹੀਂ ਚੋਣਾਂ ਵਿਚ ਸਰਕਾਰ ਨੂੰ ਦੱਸਾਂਗੇ ਕਿ ਜਨਤਾ ਹੀ ਆਖਿਰਕਾਰ ਜਨਾਰਦਨ ਸਾਬਿਤ ਹੁੰਦੀ ਹੈ। ਹੁਣ ਜੇਕਰ ‘ਆਪ’ ਸਰਕਾਰ ਨੇ ਆਪਣੀ ਸਾਖ ਬਚਾਉਣੀ ਹੈ ਤਾਂ ਉਨ੍ਹਾਂ ਨੂੰ ਲੋਕਾਂ ਦੇ ਬੂਹੇ ’ਤੇ ਜਾਣ ਦੇ ਨਾਲ-ਨਾਲ ਪ੍ਰਸ਼ਾਸਨਿਕ ਕਾਰਜਭਾਰ ਸੰਭਾਲਣ ਲਈ ਅਧਿਕਾਰੀਆਂ ਦੀ ਤਾਇਨਾਤੀ ’ਤੇ ਵੀ ਧਿਆਨ ਕੇਂਦਰਿਤ ਕਰਨਾ ਹੋਵੇਗਾ। ਜਲੰਧਰ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ (ਰੂਰਲ ਡਿਵੈੱਲਪਮੈਂਟ) ਵਰਿੰਦਰਪਾਲ ਸਿੰਘ ਬਾਜਵਾ ਦੇ ਤਬਾਦਲੇ ਉਪਰੰਤ ਐਡਸ਼ਨਲ ਡਿਪਟੀ ਕਮਿਸ਼ਨਰ (ਅਰਬਨ ਡਿਵੈੱਲਮਪੈਂਟ) ਜਸਬੀਰ ਸਿੰਘ ਨੂੰ ਐਡੀਸ਼ਨਲ ਕਾਰਜਭਾਰ ਸੌਂਪਣ ਤੋਂ ਬਾਅਦ ਹੁਣ ਸਰਕਾਰ ਨੇ ਇਕ ਵਾਰ ਫਿਰ ਤੋਂ ਏ. ਡੀ. ਸੀ. (ਆਰ. ਡੀ.) ਦੇ ਅਹੁਦੇ ’ਤੇ ਕਿਸੇ ਅਧਿਕਾਰੀ ਦੀ ਸਥਾਈ ਨਿਯੁਕਤੀ ਕਰਨ ਦੀ ਬਜਾਏ ਜ?ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ ਕਪੂਰਥਲਾ ਨੂੰ ਐਡੀਸ਼ਨਲ ਕਾਰਜਭਾਰ ਸੌਂਪਿਆ ਹੈ। ਲਖਵਿੰਦਰ ਰੰਧਾਵਾ ਨੇ ਬੀਤੇ ਦਿਨ ਏ. ਡੀ. ਸੀ. (ਆਰ. ਡੀ.) ਜਲੰਧਰ ਦਾ ਐਡੀਸ਼ਨਲ ਚਾਰਜ ਸੰਭਾਲ ਲਿਆ ਹੈ। ਰੰਧਾਵਾ ਨੇ ਇਸ ਦੌਰਾਨ ਕਿਹਾ ਕਿ ਦਿਹਾਤੀ ਇਲਾਕਿਆਂ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਦਾ ਲਾਭ ਜਮੀਨੀ ਪੱਧਰ ਤਕ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਪਹਿਲ ਹੋਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

GOVT. OF PUNJAB

Punjab Land of Unlimited Opportunities

ਮੁੱਖ ਮੰਤਰੀ

## ਭਗਵੰਤ ਸਿੰਘ ਮਾਨ

ਦੀ ਅਗਵਾਈ ਹੇਠ

# ਸਿਹਤ ਕ੍ਰਾਂਤੀ ਦੇ ਵਧਦੇ ਕਦਮ

# 829

## ਆਮ ਆਦਮੀ ਕਲੀਨਿਕ

ਪੰਜਾਬ ਵਾਸੀਆਂ ਨੂੰ ਸਮਰਪਿਤ




ਮੁੱਖ ਮਹਿਮਾਨ

## ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ



**2 ਮਾਰਚ, 2024**

**ਜਲੰਧਰ, ਪੰਜਾਬ**

ਸੂਚਨਾ ਅਤੇ ਲੋਕ ਸੰਪਰਕ ਵਿਭਾਗ,ਪੰਜਾਬ

**ਭਗਵੰਤ ਸਿੰਘ ਮਾਨ** ਮੁੱਖ ਮੰਤਰੀ, ਪੰਜਾਬ

# ਸਿੱਧੂ ਮੂਸੇਵਾਲਾ ਦੀ ਮਾਂ ਮਾਰਚ ਮਹੀਨੇ ਬੱਚੇ ਨੂੰ ਦੇਵੇਗੀ ਜਨਮ



**ਮਾਨਸਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਖੁਸ਼ੀਆਂ ਖੇੜੇ ਆਉਣ ਵਾਲੇ ਹਨ। ਉਸ ਦੇ ਮਾਤਾ ਚਰਨ ਕੌਰ ਅਗਲੇ ਮਹੀਨੇ ਬੱਚੇ ਨੂੰ ਜਨਮ ਦੇਵੇਗੀ। ਉਨ੍ਹਾਂ ਨੇ ਆਈਵੀਐੱਫ ਵਿਧੀ ਨੂੰ ਅਪਣਾਇਆ ਹੈ ਅਤੇ ਫਿਲਹਾਲ ਉਹ ਮੈਡੀਕਲ ਟੀਮ ਦੀ ? ਨਿਗਰਾਨੀ ਹੇਠ ਸਿਹਤ ਪੱਖੋਂ ਬਿਲਕੁਲ ਤੰਦਰੁਸਤ ਹਨ। 58 ਸਾਲਾਂ ਚਰਨ ਕੌਰ ਦੀ ਕੁੱਖੋਂ ਸੁਭਦੀਪ ਸਿੰਘ ਨੇ ਜਨਮ ਲਿਆ ਸੀ, ਜੋ ਜਵਾਨ ਹੋਕੇ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਇਆ ਪਰ 29 ਮਈ 2022 ਨੂੰ ਉਸ ਦਾ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਕਤਲ ਕਰ ਦਿੱਤਾ ਗਿਆ। ਉਸ ਸਮੇਂ ਪਰਿਵਾਰ ਦੇ ਇਸ ਇੱਕਲੌਤੇ ਪੁੱਤ ਦੇ ਜਾਣ ਦਾ ਸਾਰੇ ਪਾਸਿਓਂ ਬਹੁਤ ਦੁੱਖ ਮਨਾਇਆ ਗਿਆ ਸੀ ਅਤੇ ਲੋਕਾਂ ਵਲੋਂ ਮਰਹੂਮ ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੂੰ ਮੁੜ ਨਵੇਂ ਸਿਰੇ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨ ਲਈ ਆਖਿਆ ਜਾ ਰਿਹਾ ਸੀ। ਮੂਸੇਵਾਲਾ ਦੇ ਮਾਤਾ ਚਰਨ ਕੌਰ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਮਿਲ ਵੀ ਨਹੀਂ ਰਹੇ ਸਨ। ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਘਰ ਵਿੱਚ ਬੱਚੇ ਦੇ ਮਾਰਚ ਮਹੀਨੇ ਜਨਮ ਲੈਣ ਦੀ ਪੁਸ਼ਟੀ ਕੀਤੀ ਹੈ।

# 3 ਤੋਂ 5 ਮਾਰਚ ਤੱਕ ਚਲਾਈ ਜਾਵੇਗੀ ਜ਼ਿਲ੍ਹੇ 'ਚ ਪਲਸ ਪੋਲੀਓ ਮੁਹਿੰਮ

## 0 ਤੋਂ 5 ਸਾਲ ਤੱਕ ਦੇ ਹਰੇਕ ਬੱਚੇ ਨੂੰ ਪਲਸ ਪੋਲੀਓ ਬੂੰਦਾਂ ਪਿਲਾਉਣ ਲਈ ਜ਼ਿਲ੍ਹੇ ਦਾ ਮਾਈਕਰੋ ਪਲਾਨ ਤਿਆਰ : ਡਿਪਟੀ ਕਮਿਸ਼ਨਰ



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਪਲਸ ਪੋਲੀਓ ਮੁਹਿੰਮ ਦਾ ਪੋਸਟਰ ਜਾਰੀ ਕਰਦੇ ਹੋਏ।

**ਪਟਿਆਲਾ, 1 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ 3 ਤੋਂ 5 ਮਾਰਚ ਤੱਕ ਤਿੰਨ ਦਿਨਾਂ ਪਲਸ ਪੋਲੀਓ ਮੁਹਿੰਮ ਚਲਾਈ ਜਾਵੇਗੀ। ਜਿਸ ਤਹਿਤ 0 ਤੋਂ 05 ਸਾਲ ਤੱਕ ਦੇ 1 ਲੱਖ 83 ਹਜ਼ਾਰ 478 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ 0 ਤੋਂ 5 ਸਾਲ ਤੱਕ ਦੇ ਹਰੇਕ ਬੱਚੇ ਨੂੰ ਪਲਸ ਪੋਲੀਓ ਬੂੰਦਾਂ ਪਿਲਾਉਣ ਲਈ ਜ਼ਿਲ੍ਹੇ ਦਾ ਮਾਈਕਰੋ ਪਲਾਨ ਤਿਆਰ ਕੀਤਾ ਗਿਆ ਹੈ ਤੇ ਉਨ੍ਹਾਂ ਹਰੇਕ ਵਿਭਾਗ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ ਤਾਂ ਜੋ ਇਸ ਵੱਡੇ ਕਾਰਜ ਨੂੰ ਸਫਲਤਾ ਨਾਲ ਨੇਪਰੇ ਚੜ੍ਹਾਇਆ ਜਾ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਲਸ ਪੋਲੀਓ ਜਾਗਰੂਕਤਾ ਦਾ ਪੋਸਟਰ ਵੀ ਜਾਰੀ ਕੀਤਾ।

ਮੀਟਿੰਗ 'ਚ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਜ਼ਿਲ੍ਹੇ ਦੇ ਐਸ.ਐਮ.ਓਜ਼ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪਣੇ ਖੇਤਰ ਵਿੱਚ ਆਰਜ਼ੀ ਰਿਹਾਇਸ਼ ਵਾਲੇ ਪਰਿਵਾਰਾਂ ਦੀ ਵੀ ਪਹਿਚਾਣ ਕਰਨ ਤਾਂ ਜੋ ਉਨ੍ਹਾਂ ਦੇ 5 ਸਾਲ ਤੱਕ ਦੇ ਬੱਚਿਆਂ ਨੂੰ ਕਵਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਪਿੰਡਾਂ ਵਿੱਚ ਅਤੇ ਸਿਹਤ ਵਿਭਾਗ ਸਬੰਧਤ ਵਿਭਾਗਾਂ ਨਾਲ ਰਾਬਤਾ ਕਰਕੇ ਬੱਸ ਸਟੇਂਡ, ਰੇਲਵੇ ਸਟੇਸ਼ਨ ਆਦਿ ਵਿਖੇ ਪਲਸ ਪੋਲੀਓ ਸਬੰਧੀ ਅਨਾਊਸਮੈਂਟ ਕਰਵਾਉਣਾ ਯਕੀਨੀ ਬਣਾਉਣ।

ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਰਮਿੰਦਰ ਕੌਰ ਨੇ ਐਕਸ਼ਨ ਪਲਾਨ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਨੂੰ ਸਫਲ ਬਣਾਉਣ ਲਈ ਸਿਹਤ ਵਿਭਾਗ ਦੀਆਂ 1844 ਟੀਮਾਂ ਵੱਲੋਂ ਪਲਸ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ ਅਤੇ 25 ਮੋਬਾਇਲ ਟੀਮਾਂ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਜਿਵੇਂ ਕਿ ਭੱਠਿਆਂ, ਸੜਕਾਂ ਕਿਨਾਰੇ ਮਜ਼ਦੂਰੀ ਕਰਦੇ, ਫਾਰਮ ਹਾਊਸ, ਫੈਕਟਰੀਆਂ ਅਤੇ ਹੋਰ ਜਨਤਕ ਸਥਾਨਾਂ 'ਤੇ ਬੱਚਿਆਂ ਨੂੰ ਪੋਲੀਓ ਰੱਖਿਅਕ ਬੂੰਦਾਂ ਪਿਲਾਉਣਗੀਆਂ ਜਦਕਿ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਮੰਦਿਰ ਅਤੇ ਗੁਰਦੁਆਰਿਆਂ ਵਿੱਚ 32 ਟਰਾਂਜਿਟ ਟੀਮਾਂ ਪਲਸ ਪੋਲੀਓ ਬੂੰਦਾਂ ਪਿਲਾਉਣਗੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟੀਮਾਂ ਦੀ ਨਿਗਰਾਨੀ ਲਈ 194 ਸੁਪਰਵਾਈਜ਼ਰ ਵੀ ਨਿਯੁਕਤ ਕੀਤੇ ਗਏ ਹਨ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਅਧੀਨ ਜ਼ਿਲ੍ਹੇ ਵਿੱਚ 3 ਮਾਰਚ ਨੂੰ 922 ਬੂਥ ਬਣਾਏ ਜਾਣਗੇ ਅਤੇ ਜਿਹੜੇ ਬੱਚੇ ਐਤਵਾਰ ਨੂੰ ਕਿਸੇ ਕਾਰਨ ਦਵਾਈ ਪੀਣ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਨੂੰ 4 ਤੇ 5 ਮਾਰਚ ਨੂੰ ਸਿਹਤ ਵਿਭਾਗਾਂ ਦੀਆਂ 1844 ਟੀਮਾਂ ਵੱਲੋਂ ਘਰਾਂ ਵਿੱਚ ਜਾਕੇ ਪੋਲੀਓ ਦਵਾਈ ਦੀਆਂ ਬੂੰਦਾਂ ਪਿਲਾਈਆਂ ਜਾਣਗੀਆਂ। ਮੀਟਿੰਗ ਵਿੱਚ ਏ.ਡੀ.ਸੀ. ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਨਾਭਾ ਤਰਸੇਮ ਚੰਦ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਮਨਦੀਪ ਕੌਰ, ਡਾ. ਗੁਰਪ੍ਰੀਤ ਨਾਗਰਾ, ਡਾ. ਸ਼ੈਲੀ ਜੇਤਲੀ ਸਮੇਤ ਸਿੱਖਿਆ, ਸਿਹਤ, ਪੁਲਿਸ ਵਿਭਾਗ ਦੇ ਅਧਿਕਾਰੀ ਵੀ ਹਾਜਰ ਸਨ।

# ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸ਼ੰਸਾਯੋਗ: ਬਲਤੇਜ ਪੰਨੂੰ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਸਲਾਹਕਾਰ ਸ੍ਰੀ ਬਲਤੇਜ ਸਿੰਘ ਪੰਨੂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੋਤਮ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ, ਜਸ਼ਨਜੋਤ ਸਿੰਘ, ਜਪਨੀਤ ਸਿੰਘ, ਵਿਨੇ ਸ਼ਰਮਾ, ਹਨੀ ਬੇਦੀ, ਐਸ ਪੀ ਪਰਾਸ਼ਰ, ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਸਲਾਹਕਾਰ ਸ੍ਰੀ ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਬਹੁਤ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸ਼ੰਸਾਯੋਗ ਹਨ। ਉਹਨਾਂ ਕਿਹਾ ਕਿ ਅੱਜ ਕਈ ਨੋਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ। ਇਸ ਲਈ ਉਹਨਾਂ ਨੂੰ ਨਸ਼ਿਆਂ ਤੋਂ ਬਾਹਰ ਕੱਢਣ ਲਈ ਉਹਨਾਂ ਦੀ ਕੋਸਲਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾ ਕੇ ਉਹਨਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸਾ ਛੱਡਣ ਵਾਲੇ ਨੋਜਵਾਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ।

ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ। ਉਹਨਾਂ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# 42 ਕਰੋੜ ਰੁਪਏ ਦੀ ਲਾਗਤ ਨਾਲ ਸਦਰਨ ਡਿਸਟਰੀਬਿਊਟਰੀ ਦੀ ਰੀਲਾਇਨਿੰਗ ਦਾ ਕੰਮ ਹੋਇਆ ਮੁਕੰਮਲ



**ਜਲਾਲਾਬਾਦ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਹਿਰਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਦੇ ਉਪਰਾਲਿਆਂ ਦੀ ਲੜੀ ਤਹਿਤ ਪੰਜਾਬ ਸਰਕਾਰ ਦੇ ਜਲ ਸ੍ਰੋਤ ਵਿਭਾਗ ਵੱਲੋਂ ਸਦਰਨ ਡਿਸਟਰੀਬਿਊਟਰੀ ਦੀ ਰੀਲਾਇਨਿੰਗ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਇਸ ਦਾ ਉਦਘਾਟਨ ਚੱਕ ਪੱਖੀ ਵਿਖੇ ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਸ ਨਹਿਰ ਦੀ ਕੁੱਲ ਲੰਬਾਈ 25.15 ਕਿਲੋਮੀਟਰ ਹੈ ਜਿਸ ਵਿੱਚੋਂ 17.67 ਕਿਲੋਮੀਟਰ ਲੰਬਾਈ ਜਲਾਲਾਬਾਦ ਵਿਧਾਨ ਸਭਾ ਹਲਕੇ ਵਿੱਚ ਅਤੇ 7.48 ਕਿਲੋਮੀਟਰ ਲੰਬਾਈ ਫਾਜ਼ਿਲਕਾ ਹਲਕੇ ਵਿੱਚ ਪੈਂਦੀ ਹੈ। ਇਹ ਨਹਿਰ 30 ਸਾਲ ਪਹਿਲਾਂ ਬਣੀ ਸੀ ਪਰ ਲਗਾਤਾਰ ਪਾਣੀ ਚਲਦੇ ਰਹਿਣ ਕਾਰਨ ਟੁੱਟ ਚੁੱਕੀ ਸੀ ਅਤੇ ਇਸ ਵਿੱਚੋਂ ਥਾਂ ਥਾਂ ਪਾਣੀ ਦੀ ਸੀਪੇਜ ਹੁੰਦੀ ਸੀ। ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਸ ਦੀ ਰੀਲਾਈਨਿੰਗ ਕਰਨ ਦਾ ਫੈਸਲਾ ਕੀਤਾ। ਹੁਣ ਇਸ ਦੀ ਸਮਰੱਥਾ 302 ਕਿਊਸਿਕ ਹੋ ਗਈ ਹੈ।

ਇਹ ਨਹਿਰ ਚੱਕ ਪੱਖੀ ਤੋਂ ਸ਼ੁਰੂ ਹੋ ਕੇ ਜਲਾਲਾਬਾਦ ਹਲਕੇ ਦੇ ਪਿੰਡਾਂ ਚੱਕ ਖਿਓਵਾਲੀ, ਘਟਿਆਂਵਾਲੀ ਬੋਦਲਾ, ਘਟਿਆਂ ਵਾਲੀ ਜੱਟਾਂ, ਚੱਕ ਡੱਬ ਵਾਲਾ, ਚਾਹਲਾਂ, ਟਾਹਲੀ ਵਾਲਾ ਬੋਦਲਾ, ਸਿੰਘਪੁਰਾ ਤੇ ਸਜਰਾਣਾ ਹੁੰਦੇ ਹੋਏ ਫਾਜ਼ਿਲਕਾ ਵਿਧਾਨ ਸਭਾ ਦੇ ਪਿੰਡ ਖੂਈ ਖੇੜਾ, ਹੀਰਾਂਵਾਲੀ, ਕਬੂਲ ਸ਼ਾਹ ਖੁਬਣ ਅਤੇ ਲੱਖੇਵਾਲੀ ਢਾਬ ਤੱਕ ਜਾਂਦੀ ਹੈ। ਵਿਧਾਇਕ ਨੇ ਦੱਸਿਆ ਕਿ ਇਸ ਵਿੱਚੋਂ ਹੀਰਾਂ ਵਾਲੀ ਮਾਈਨਰ, ਜੰਡ ਵਾਲਾ ਲਿੰਕ ਚੈਨਲ, ਕਬੂਲ ਸ਼ਾਹ ਮਾਈਨਰ, ਨਿਊ ਲੱਖੇ ਕੇ ਮਾਈਨਰ, ਖਿਓ ਵਾਲੀ ਮਾਈਨਰ, ਸਟੇਟ ਬਰਾਂਚ, ਮੁਰਾਦ ਵਾਲਾ ਸਬ ਮਾਈਨਰ, ਬਾਂਡੀਵਾਲਾ ਡਿਸਟਰੀਬਿਊਟਰੀ ਅਤੇ ਸਿਵਾਣਾ ਮਾਈਨਰ ਨਹਿਰਾਂ ਵੀ ਨਿਕਲਦੀਆਂ ਹਨ। ਵਿਧਾਇਕ ਨੇ ਆਖਿਆ ਕਿ ਇਸ ਮੇਨ ਡਿਸਟਰੀਬਿਊਟਰੀ ਦੀ ਰੀਲਾਇਨਿੰਗ ਤੋਂ ਬਾਅਦ ਸਰਕਾਰ ਹੁਣ ਇਸ ਵਿੱਚੋਂ ਨਿਕਲਣ ਵਾਲੀਆਂ ਮਾਈਨਰਾਂ ਦੀ ਵੀ ਰੀਲਾਇਨਿੰਗ ਜਲਦ ਕਰਵਾਏਗੀ। ਵਿਧਾਇਕ ਨੇ ਕਿਹਾ ਕਿ ਇਸ ਨਹਿਰ ਦੀ ਰੀਲਾਇਨਿੰਗ ਹੋਣ ਨਾਲ ਹੁਣ ਟੇਲਾਂ ਤੱਕ ਕਿਸਾਨਾਂ ਨੂੰ ਪੂਰਾ ਪਾਣੀ ਪਹੁੰਚੇਗਾ ਅਤੇ 40 ਪਿੰਡਾਂ ਦੇ ਖੇਤਾਂ ਤੱਕ ਜਿੱਥੇ ਹੁਣ ਪੂਰਾ ਪਾਣੀ ਮਿਲੇਗਾ ਉੱਥੇ ਇਹਨਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਇਸ ਨਹਿਰ ਤੋਂ ਹੋਵੇਗੀ। ਵਿਧਾਇਕ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਉਹਨਾਂ ਦੀ ਮੰਗ ਅਨੁਸਾਰ ਨਹਿਰੀ ਪਾਣੀ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਧਰਤੀ ਹੇਠਲੇ ਪਾਣੀ ਤੇ ਨਿਰਭਰਤਾ ਘਟਾਈ ਜਾ ਸਕੇ ਅਤੇ ਅਸੀਂ ਧਰਤੀ ਹੇਠਲੇ ਪਾਣੀ ਨੂੰ ਹੋਰ ਥੱਲੇ ਜਾਣ ਤੋਂ ਬਚਾ ਸਕੀਏ। ਵਿਧਾਇਕ ਨੇ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਅਤੇ ਜਲ ਸਰੋਤ ਮੰਤਰੀ ਸ਼੍ਰੀ ਚੇਤਨ ਸਿੰਘ ਜੌੜਾਮਾਜਰਾ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਐਕਸੀਅਨ ਵਿਨੋਦ ਕੁਮਾਰ, ਐਸ.ਡੀ.ਓ ਸੁਨੀਲ ਕੁਮਾਰ, ਰਾਮ ਸਿੰਘ ਸਰਪੰਚ ਸਣੇ ਹੋਰਨਾਂ ਪਿੰਡਾਂ ਦੇ ਪੰਚ ਸਰਪੰਚ ਵੱਡੀ ਗਿਣਤੀ 'ਚ ਹਾਜ਼ਰ ਸਨ।

# ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਦਾ ਪ੍ਰਦਰਸ਼ਨ



**ਸਮਾਣਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਵੱਲੋਂ ਸਮਾਣਾ ਦੇ ਵੱਖ -ਵੱਖ ਥਾਵਾਂ (ਸਤੀ ਪਾਰਕ ,ਤਹਿਸੀਲ ਪਾਰਕ, ਗਊਸ਼ਾਲਾ ਅਤੇ ਗਰੀਨ ਟਾਊਨ) 'ਤੇ ਸਿੱਖਿਆਦਾਇਕ ਨੁੱਕੜ ਨਾਟਕਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਨਾਟਕ ਸਵੱਛ ਭਾਰਤ ਅਤੇ ਅਜੋਕੀ ਨਵੀਂ ਸਿੱਖਿਆ ਨੀਤੀ 'ਤੇ ਅਧਾਰਿਤ ਸੀ। ਇਸ ਨਾਟਕ ਨੂੰ ਦੇਖਣ ਲਈ ਲੋਕਾਂ ਨੇ ਆਪਣਾ ਬਹੁਤ ਉਤਸ਼ਾਹ ਦਿਖਾਇਆ ਅਤੇ ਵਿਦਿਆਰਥੀਆਂ ਦੇ ਇਸ ਪ੍ਰੋਗਰਾਮ ਦੀ ਬਹੁਤ ਪ੍ਰਸ਼ੰਸਾ ਕੀਤੀ। ਇਸ ਪ੍ਰੋਗਰਾਮ ਵਿੱਚ ਨੁੱਕੜ ਨਾਟਕਾਂ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਵੱਖ ਵੱਖ ਵਿਸ਼ਿਆਂ ਉੱਤੇ ਵਿਚਾਰ ਵੀ ਸਾਂਝੇ ਕੀਤੇ ਗਏ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਅਤੇ ਸੈਕਟਰੀ ਲਲਿਤ ਸਿੰਗਲਾ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਬਹੁਤ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਉਹਨਾਂ ਨੂੰ ਅਜਿਹੇ ਸਿੱਖਿਆਦਾਇਕ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਅਮਰੀਕ ਸਿੰਘ ਬਾਂਗੜ ਨੂੰ ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ (ਪਨਬਸ) ਲਗਾਇਆ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਐੱਸ.ਸੀ ਵਿੰਗ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਬਾਂਗੜ ਅਤੇ ਹੁਣ ਸੂਬਾ ਮੇਨ ਵਿੰਗ ਦੇ ਜੁਆਇੰਟ ਸੈਕਟਰੀ ਨੂੰ ਉਹਨਾਂ ਦੀਆਂ ਪਾਰਟੀ ਦੇ ਪ੍ਰਤੀ ਇਮਾਨਦਾਰੀ ਅਤੇ ਕੀਤੇ ਕੰਮਾਂ ਨੂੰ ਦੇਖਦੇ ਹੋਏ ਮੁੱਖ ਮੰਤਰੀ ਪੰਜਾਬ ਅਤੇ ਰਾਸਟਰੀ ਜਰਨਲ ਸੈਕਟਰੀ ਸੰਦੀਪ ਪਾਠਕ ਵਲੋ ਉਨਾਂ ਨੂੰ ਡਾਇਰੇਕਟਰ, ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ (ਪਨਬਸ) ਲਗਾਇਆ ਗਿਆ ਹੈ। ਇਸ ਮੌਕੇ ਜਿਲਾ ਸੈਕਰੇਟਰੀ ਸੁਖਦੇਵ ਸਿੰਘ ਔਲਖ ਅਤੇ ਗੱਜਣ ਸਿੰਘ ਮੀਡੀਆ ਇੰਚਾਰਜ, ਆਫੀਸ ਸਿਹਤ ਮੰਤਰੀ ,ਪੰਜਾਬ ਵਲੋਂ ਉਨਾਂ ਦੇ ਗਲ ਵਿੱਚ ਸਿਰੋਪਾਓ ਪਾਕੇ ਉਨਾਂ ਨੂੰ ਵਧਾਈ ਦੇਂਦੀਆਂ ਸਨਮਾਨਿਤ ਕੀਤਾ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਾਇਆ ,ਨਾਲ ਹੀ ਕੁਆਰਡੀਨੇਟਰ ਵੂਮਨ ਸੈੱਲ ਦਵਿੰਦਰ ਕੌਰ, ਸੰਤੋਖ ਸਿੰਘ ਸੌਂਕੀ, ਰਾਜ ਕੁਮਾਰ ਗੁਪਤਾ ਆਦਿ ਨੇ ਵੀ ਉਨਾਂ ਨੂੰ ਵਧਾਈ ਅਤੇ ਸੁੱਭਕਾਮਨਾਵਾਂ ਦਿੱਤੀਆਂ।

# ਸਵੀਪ ਟੀਮ ਨੇ ਵੋਟਰ ਜਾਗਰੂਕਤਾ ਰੈਲੀ ਕੱਢੀ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**


ਜ਼ਿਲ੍ਹਾ ਚੋਣ ਅਫ਼ਸਰ -ਕਮ- ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਦੇ ਦਿਸ਼ਾ ਨਿਰਦੇਸ਼ਾਂ ਹੇਠ ਵੋਟਰਾਂ ਨੂੰ ਜਾਗਰੂਕ ਕਰਨ ਲਈ ਪਿੰਡ ਅਜਨੌਂਦਾ ਕਲਾਂ ਵਿੱਚ ਸਵੀਪ ਪਟਿਆਲਾ ਵੱਲੋਂ ਇਕ ਟਰੈਕਟਰ ਰੈਲੀ ਦਾ ਆਯੋਜਨ ਕੀਤਾ ਗਿਆ।

ਇਸ ਰੈਲੀ ਨੂੰ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਸ੍ਰੀ ਸਵਿੰਦਰ ਰੇਖੀ ਅਤੇ ਪਿੰਡ ਦੇ ਪਤਵੰਤਿਆਂ ਦੁਆਰਾ ਝੰਡੀ ਦੇ ਕੇ ਪਿੰਡ ਲਈ ਰਵਾਨਾ ਕੀਤਾ ਗਿਆ। ਇਸ ਰੈਲੀ ਸਮੇਂ ਸਵੀਪ ਟੀਮ ਵੱਲੋਂ ਵੋਟਰਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾ ਸਬੰਧੀ ਜਾਗਰੂਕ ਕੀਤਾ ਅਤੇ ਭਾਰਤੀ ਲੋਕਤੰਤਰ ਦੀ ਮਜ਼ਬੂਤੀ ਲਈ ਚੋਣਾ ਵਿੱਚ 100 ਫ਼ੀਸਦੀ ਭਾਗੀਦਾਰੀ ਲਈ ਪ੍ਰੇਰਤ ਕੀਤਾ। ਪਿੰਡ ਵਾਸੀਆਂ ਨੂੰ ਇਸ ਸਮੇਂ ਵੋਟ ਬਣਾਉਣ, ਵੋਟ ਪਾਉਣ, ਵੋਟ ਦੀ ਰਜਿਸਟ੍ਰੇਸ਼ਨ ਲਈ ਆਨ ਲਾਈਨ ਅਤੇ ਆਫ਼ ਲਾਇਨ ਸਬੰਧੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਚੋਣ ਵਿਭਾਗ ਦੀਆਂ ਐਪਸ ਅਤੇ ਵੋਟਰ ਹੈਲਪ ਲਾਈਨ ਨੰਬਰ 1950 ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਰੈਲੀ ਦੌਰਾਨ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਮੋਹਿਤ ਕੌਸ਼ਲ ਅਤੇ ਸਵੀਪ ਟੀਮ ਦੇ ਬਰਿੰਦਰ ਸਿੰਘ, ਅਵਤਾਰ ਸਿੰਘ, ਬੀਐਲ ਓ ਮਨਪ੍ਰੀਤ ਸਿੰਘ, ਗੁਰਨਾਮ ਸਿੰਘ, ਕੇਸਰ ਸਿੰਘ, ਨਾਹਰ ਸਿੰਘ, ਸੁਖਪਾਲ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਰਿੰਕੂ ਪੰਚ ਅਤੇ ਪਿੰਡ ਦੇ ਹੋਰ ਵੀ ਨਾਗਰਿਕ ਸ਼ਾਮਲ ਹੋਏ।

# ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ

## ਅਜੌਕੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਲਈ ਆਜ਼ਾਦ ਜੀ ਦੇਸ਼ ਪ੍ਰੇਮ ਤੇ ਰਾਸ਼ਟਰਵਾਦ ਦੇ ਪ੍ਰੇਰਣਾ ਸਰੋਤ : ਬਲਰਾਮ ਪਰਾਸ਼ਰ



**ਸ੍ਰੀ ਅਨੰਦਪੁਰ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ੀ ਹਕੂਮਤ ਨਾਲ਼ ਲੋਹਾ ਲੈ ਕੇ ਭਾਰਤ ਮਾਤਾ ਨੂੰ ਆਜ਼ਾਦ ਕਰਾਉਣ ਵਾਲੇ ਮਹਾਨ ਕ੍ਰਾਂਤੀਕਾਰੀ ਆਜ਼ਾਦੀ ਸੰਗਰਾਮ ਦੇ ਮੁੱਖ ਨਾਇਕ ਵਜੋਂ ਜਾਣੇ ਜਾਂਦੇ ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਫੁੱਲ ਭੇਂਟ ਕਰਕੇ ਅੱਜ ਸ਼ਹੀਦੀ ਦਿਹਾੜੇ ਮੌਕੇ ਗੁਰੂ ਨਗਰੀ ਵਿੱਚ ਸ਼ਰਧਾਜਲੀ ਭੇਟ ਕੀਤੀ ਗਈ।

ਮਹਾਨ ਕ੍ਰਾਂਤੀਕਾਰੀ ਯੋਧੇ ਤੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਵਾਲੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਗੁਰੂ ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਫ਼ੋਟੋ ਸਾਹਮਣੇ ਮੇਨ ਬਜ਼ਾਰ ਵਿਖ਼ੇ ਉੱਘੇ ਸਮਾਜ ਸੇਵੀ ਕੇ.ਕੇ.ਬੇਦੀ, ਸ਼ਿਵ ਨਾਥ ਆਂਗਰਾ ਤੇ ਸਮਾਜ ਸੇਵਾ ਕਲੱਬ ਦੇ ਪ੍ਰਧਾਨ ਅਖਿਲ ਕੌਸ਼ਲ ਦੀ ਅਗਵਾਈ ਹੇਠ ਫੁੱਲ ਚੜ੍ਹਾ ਕੇ ਸ਼ਰਧਾਜਲੀਆਂ ਭੇਂਟ ਕੀਤੀਆਂ ਗਈਆਂ ਜਿਸ ਵਿੱਚ ਜਿਲ੍ਹਾ ਭਾਜਪਾ ਦੇ ਮੁੱਖ ਬੁਲਾਰੇ ਬਲਰਾਮ ਪਰਾਸ਼ਰ ਵੱਲੋਂ ਸ਼ਿਰਕਤ ਕੀਤੀ ਤੇ ਆਜ਼ਾਦ ਜੀ ਦੇ ਜੀਵਨ ਤੇ ਸੰਖੇਪ ਬੋਲਦਿਆ ਦੱਸਿਆ ਕਿ ਜਿਸ ਵੇਲ਼ੇ ਪ੍ਰਯਾਗਰਾਜ ਦੇ ਅਲਫਰੈਡ ਪਾਰਕ ਵਿੱਚ ਆਜ਼ਾਦ ਜੀ ਨੂੰ ਬਰਤਾਨਵੀ ਹਕੂਮਤ ਦੇ ਸਿਪਾਹੀਆਂ ਵੱਲੋਂ ਘੇਰ ਲਿਆ ਗਿਆ ਤੇ ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਨੇ ਆਪਣੇ ਆਜੀਵਨ ਆਜ਼ਾਦ ਰਹਿਣ ਦੇ ਸੰਕਲਪ ਨੂੰ ਮਜ਼ਬੂਤ ਕਰਦੇ ਹੋਏ ਆਪਣੇ ਆਪ ਨੂੰ ਗੋਲੀ ਮਾਰੀ ਕੇ ਸ਼ਾਹਦਤ ਦਾ ਜਾਮ ਪੀਤਾ ਉਸ ਵੇਲੇ ਆਜ਼ਾਦ ਜੀ ਉਮਰ ਸਿਰਫ਼ 24 ਸਾਲ ਸੱਤ ਮਹੀਨੇ ਸੀ ਤੇ ਆਪਣੇ ਜੀਵਨ ਨੂੰ ਭਾਰਤ ਮਾਤਾ ਦੀ ਆਜ਼ਾਦੀ ਲਈ ਵਾਰ ਦਿੱਤਾ।

ਨੌਜਵਾਨ ਭਾਜਪਾ ਆਗੂ ਬਲਰਾਮ ਪਰਾਸ਼ਰ ਨੇ ਨੌਜਵਾਨ ਪੀੜ੍ਹੀ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਸਾਰੇ ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਆਪਣਾ ਆਦਰਸ਼ ਸਮਝਦੇ ਹੋਏ ਰਾਸ਼ਟਰਵਾਦੀ ਵਿਚਾਰਾਂ ਨਾਲ ਜੁੜ ਕੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਆਪਣਾ ਯੋਗਦਾਨ ਪਾਈਏ।

# 1,00,770 ਰੁਪਏ ਹਜ਼ਮ ਕਰਨ ਲਈ ਰੱਚਿਆ ਡਰਾਮਾ ਰਾਸ ਨਹੀਂ ਆਇਆ, ਕੋਸ਼ਿਸ਼ ਰਹੀ ਬੇਕਾਰ





**ਜੈਤੋਂ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਠੱਗੀ ਮਾਰਨ ਵਾਲੇ, ਠੱਗੀ ਮਾਰਨ ਦੇ ਨਵੇਂ ਨਵੇਂ ਢੰਗ ਲੱਭ ਲੈਂਦਾ ਹਨ। ਜੈਤੋ ਵਿਖੇ ਕਾ ਬਠਿੰਡਾ ਰੋਡ ਤੇ ਸਥਿਤ ਇਕ ਪਲਾਈ ਵਾਲੇ ਵਪਾਰੀ ਸ਼ਿਵ ਪਲਾਈਵੁੱਡ ਦੇ ਮਾਲਿਕ ਮੁਨੀਸ਼ ਕੁਮਾਰ ਸਪੁੱਤਰ ਪਵਨ ਕੁਮਾਰ ਗਰਗ ਵੱਲੋ ਇੱਕ ਟੈਂਪੂ ਰਾਹੀਂ, ਮੰਡੀ ਡੱਬਵਾਲੀ ਵਿਖੇ ਦੋ ਪਾਰਟੀਆਂ ਨਿਰਮਲ ਸਿੰਘ ਕੋਲ 51970 ਰੁਪਏ ਦਾ ਅਤੇ ਅਮਿਤ ਛਾਬੜਾ ਕੋਲ 48800 ਰੁਪਏ ਕੀਮਤ ਦਾ ਪਲਾਈ ਬੋਰਡ ਦਾ ਮਾਲ ਭੇਜਿਆ ਸੀ।

ਟੈਂਪੂ ਦੇ ਮਾਲਿਕ ਰਾਹੁਲ ਅਤੇ ਅਲੀ ਮੰਡੀ ਡਬਵਾਲੀ ਤੋਂ ਦੋਨੋਂ ਪਾਰਟੀਆਂ ਤੋਂ ਬਣਦੀ ਪੈਮੇਂਟ ਨਕਦ ਲੈ ਆਏ। ਰਾਤ ਸਮੇਂ ਜਦ ਉਹ ਵਾਪਿਸ ਆ ਰਹੇ ਸਨ, ਤਦ ਇਹਨਾਂ ਨੇ ਡਬਵਾਲੀ ਤੋਂ ਨਕਦ ਲਿਆਂਦੀ ਹੋਈ ਪੈਮੇਂਟ ਨੂੰ ਹਜ਼ਮ ਕਰਨ ਲਈ ਇੱਕ ਡਰਾਮਾ ਜਿਹਾ ਰੱਚ ਲਿਆ। ਰਸਤੇ ਵਿੱਚ ਹੀ ਪਿੰਡ ਚੰਦਭਾਨ ਅਤੇ ਗੋਨੀਆਨਾ ਦੇ ਵਿਚਕਾਰ ਆਪਣਾ ਟੈਂਪੂ ਰੋਕ ਲਿਆ ਅਤੇ ਟੈਂਪੂ ਦਾ ਫਰੰਟ ਵਾਲਾ ਸ਼ੀਸ਼ਾ ਤੋੜ ਦਿੱਤਾ,ਆਪਣੇ ਸੱਟਾ ਮਾਰ ਲਈਆ। ਵਾਪਿਸ ਆ ਕੇ ਅਗਲੇ ਦਿਨ 23 ਫਰਵਰੀ ਨੂੰ ਸਵੇਰੇ ਦੁਕਾਨ ਤੇ ਆ ਗਏ।ਓਹਨਾ ਨੇ ਮਾਲਕ ਨੂੰ ਦੱਸਿਆ ਕਿ ਰਾਤ ਸਮੇਂ ਉਹਨਾਂ ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਸੀ। ਉਹਨਾਂ ਨੇ ਟੈਂਪੂ ਨੂੰ ਰੋਕ ਕੇ ਪਿੱਕਅੱਪ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਓਹਨਾ ਦੇ ਸੱਟਾਂ ਮਾਰ ਕੇ, ਓਹਨਾ ਕੋਲੋ ਪੈਸੇ ਖੋਹ ਕੇ ਫ਼ਰਾਰ ਹੋ ਗਏ। ਮਾਲਿਕ ਨੂੰ ਛੱਕ ਹੋ ਗਿਆ ਕਿ ਟੈਂਪੂ ਵਾਲਿਆ ਨੇ ਪੈਸੇ ਹੜੱਪਣ ਲਈ ਇਹ ਡਰਾਮਾ ਰਚਿਆ ਜਾਪ ਰਿਹਾ ਹੈ।

# ਸਾਈਂ ਹਸਪਤਾਲ ਵਿਖੇ ਐਸ ਜੀ ਪੀ ਸੀ ਕਰਮਚਾਰੀਆਂ ਦਾ ਮੁਫ਼ਤ ਇਲਾਜ

**ਸ੍ਰੀ ਅਨੰਦਪੁਰ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਈਂ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੇ ਮੁਫ਼ਤ ਇਲਾਜ ਦੀ ਸੁਵਿਧਾ ਵੀ ਸ਼ੁਰੂ ਹੋ ਚੁੱਕੀ ਹੈ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਾਈਂ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਦੇ ਐਮ ਡੀ ਡਾ:ਭਰਤ ਜਸਵਾਲ ਨੇ ਦੱਸਿਆ ਕਿ ਐਸ ਜੀ ਪੀ ਸੀ ਕਰਮਚਾਰੀਆਂ ਦੇ ਮੁਫ਼ਤ ਇਲਾਜ ਅਧੀਨ ਨਾਰਮਲ ਡਿਲੀਵਰੀ, ਛੋਟਾ-ਵੱਡਾ ਅਪ੍ਰੇਸ਼ਨ, ਬੱਚੇਦਾਨੀ ਦਾ ਭਰ ਪੈਣਾ, ਬੱਚੇਦਾਨੀ ਦੀਆਂ ਰਸੌਲੀਆਂ ਅਤੇ ਬਾਂਝਪਨ ਦਾ ਇਲਾਜ ਡਾ.ਸਾਰਿਕਾ ਜਸਵਾਲ ਔਰਤਾਂ ਦੇ ਮਾਹਿਰ ਦੁਆਰਾਂ ਕੀਤਾ ਜਾਵੇਗਾ।

ਪਿੱਤੇ ਦੀ ਪੱਥਰੀ, ਬਵਾਸੀਰ, ਅਪੈਂਡਿਕਸ ਅਤੇ ਹਰਨੀਆਂ ਦਾ ਦੂਰਬੀਨ ਰਾਹੀਂ ਇਲਾਜ ਚੰਡੀਗੜ੍ਹ ਦੇ ਮਸ਼ਹੂਰ ਡਾ. ਸੰਜੀਵ ਗੋਇਲ ਦੁਆਰਾਂ ਕੀਤਾ ਜਾਵੇਗਾ। ਇਸਤੋਂ ਇਲਾਵਾ ਗੁਰਦੇ ਦੀ ਪੱਥਰੀ, ਵਧੇ ਹੋਏ ਗਦੂਦ ਅਤੇ ਪਿਸ਼ਾਬ ਦੀ ਥੈਲੀ ਵਿਚ ਪੱਥਰੀ ਦਾ ਇਲਾਜ ਚੰਡੀਗੜ੍ਹ ਦੇ ਮਸ਼ਹੂਰ ਡਾ. ਮਨੋਜ ਸ਼ਰਮਾ ਦੁਆਰਾਂ ਕੀਤਾ ਜਾਵੇਗਾ।

ਇਸ ਮੌਕੇ ਡਾ.ਭਰਤ ਜਸਵਾਲ ਨੇ ਐਸ ਜੀ ਪੀ ਸੀ÷ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਲਾਭ ਲੈਣ ਲਈ ਵੀ ਕਿਹਾ।

# ਉਰਦੂ ਕਲਾਸ ਦਾ ਸੈਸ਼ਨ ਖ਼ਤਮ ਹੋਣ ਤੇ ਵਿਦਾਇਗੀ ਪਾਰਟੀ



**ਸੁਨਾਮ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੀ ਸਰਪ੍ਰਸਤੀ ਅਤੇ ਪੰਜਾਬ ਉਰਦੂ ਅਕੈਡਮੀ ਮਲੇਰ ਕੋਟਲਾ ਦੀ ਰਹਿਨੁਮਾਈ ਵਿੱਚ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਸ਼ੁਰੂ ਕੀਤਾ ਉਰਦੂ ਆਮੋਜ ਦੀ ਪੜ੍ਹਾਈ ਦਾ ਛਮਾਹੀ ਕੋਰਸ ਪੂਰਾ ਹੋਣ ਤੇ ਉਰਦੂ ਕਲਾਸ ਦੇ ਵਿਦਿਆਰਥੀਆਂ ਵੱਲੋਂ ਵਿਦਾਇਗੀ ਪਾਰਟੀ ਕੀਤੀ ਗਈ। ਇਸ ਮੌਕੇ ਉਰਦੂ ਕਲਾਸ ਵਿੱਚ ਸਿਖਿਆ ਪ੍ਰਾਪਤ ਕਰਨ ਵਾਲੇ ਜੰਗੀਰ ਸਿੰਘ ਰਤਨ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਰਦੂ ਜ਼ੁਬਾਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੰਜਾਬ ਸਰਕਾਰ ਦਾ ਇਹ ਬਹੁਤ ਹੀ ਸਾਰਥਕ ਉਪਰਾਲਾ ਹੈ। ਉਰਦੂ ਪੜ੍ਹ ਾ ਲਿਖਣਾ ਸਿੱਖ ਕੇ ਉਰਦੂ ਅਦਬ ਅਤੇ ਸ਼ਾਹਮੁਖੀ ਪੰਜਾਬੀ ਸਾਹਿਤ ਨਾਲ ਸਾਂਝ ਪੈ ਜਾਂਦੀ ਹੈ।

ਤਕਰੀਰ ਤੇ ਤਹਿਰੀਰ ਵਿੱਚ ਖ਼ੂਬਸੂਰਤੀ ਤੇ ਨਿਖ਼ਾਰ ਆ ਜਾਂਦਾ ਹੈ। ਰਤਨ ਵੱਲੋਂ ਕਾਲਜ ਪ੍ਰਿੰਸੀਪਲ ਅਤੇ ਪੰਜਾਬ ਉਰਦੂ ਅਕੈਡਮੀ ਮਲੇਰਕੋਟਲਾ ਨੂੰ ਗੁਜ਼ਾਰਿਸ਼ ਕੀਤੀ ਗਈ ਕਿ ਸੁਨਾਮ ਕਾਲਜ ਵਿੱਚ ਉਰਦੂ ਆਮੋਜ ਦੀ ਪੜ੍ਹਾਈ ਅੱਗੋਂ ਲਈ ਵੀ ਜਾਰੀ ਰੱਖੀ ਜਾਵੇ। ਵਿਦਾਇਗੀ ਪਾਰਟੀ ਵਿੱਚ ਸ਼ਾਮਲ ਉਰਦੂ ਕਲਾਸ ਦੇ ਕੁਆਰਡੀਨੇਟਰ ਡਾ. ਮੁਹੰਮਦ ਅਨਵਰ ਨੇ ਉਰਦੂ ਦੀ ਇਬਤਦਾਈ ਤਾਲੀਮ ਹਾਸਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਜਿੱਥੇ ਮੁਬਾਰਕਬਾਦ ਦਿੱਤੀ ਉੱਥੇ ਨਾਲ ਹੀ ਕਿਹਾ ਕਿ ਹੋਰਾਂ ਨੂੰ ਵੀ ਉਰਦੂ ਸਿੱਖਣ ਲਈ ਪ੍ਰੇਰਤ ਕਰਕੇ ਪੰਜਾਬ ਉਰਦੂ ਅਕੈਡਮੀ ਦੀ ਇਸ ਸਕੀਮ ਤੋਂ ਲਾਭ ਪ੍ਰਾਪਤ ਕੀਤਾ ਜਾਵੇ। ਇਸ ਮੌਕੇ ਕਲਾਸ ਨੂੰ ਉਰਦੂ ਪੜ੍ਹਾਉਣ ਵਾਲੇ ਵਿਦਵਾਨ ਉਸਤਾਦ ਜਨਾਬ ਮੁਹੰਮਦ ਜਹਾਂਗੀਰ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਵਿਦਾਇਗੀ ਪਾਰਟੀ ਵਿੱਚ ਪਹੁੰਚੇ ਪ੍ਰਸਿੱਧ ਇਨਕਲਾਬੀ ਗਾਇਕ ਭੋਲਾ ਸਿੰਘ ਸੰਗਰਾਮੀ ਨੇ ਆਪਣੇ ਗੀਤ ਰਾਹੀਂ ਸ਼ਹੀਦੇ ਆਜ਼ਮ ਸਰਦਾਰ ਊਧਮ ਸਿੰਘ ਦੀ ਸੂਰਬੀਰਤਾ ਨੂੰ ਸਲਾਮ ਕੀਤਾ। ਕਸ਼ਮੀਰੀ ਲਾਲ ਬੱਤਰਾ ਨੇ ਉਰਦੂ ਸ਼ੇਅਰੋ-ਸ਼ਾਇਰੀ ਦੀ ਉਮਦਾ ਪੇਸ਼ਕਾਰੀ ਨਾਲ ਸਰੋਤਿਆਂ ਨੂੰ ਕੀਲ ਲਿਆ। ਇਸ ਮੌਕੇ ਜੀਤ ਸਿੰਘ, ਹਰਪ੍ਰੀਤ ਸਿੰਘ ਕੋਹਲੀ, ਬਲਵੀਰ ਸਿੰਘ ਗਿੱਲ, ਸੰਦੀਪ ਕੌਰ, ਮਨਦੀਪ ਕੌਰ, ਬਰਜਿੰਦਰ ਪਾਲ ਸਿੰਘ, ਰਘਵੀਰ ਸਿੰਘ ਜੋਸ਼ੀ, ਸੁਰਿੰਦਰ ਸਿੰਘ, ਤੁਸ਼ਾਰ ਕੁਮਾਰ, ਸ਼ਿਵ ਚੰਦ, ਮਹਿੰਦਰ ਲਾਲ ਵਰਮਾ, ਸੁਰੇਸ਼ ਕੁਮਾਰ ਬਾਂਸਲ ਤੇ ਪਰਮਜੀਤ ਸਿੰਘ ਹਾਂਡਾ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਤੁਰੰਤ ਵੋਟਾਂ ਬਣਾਉਣ ਲਈ ਜ਼ਰੂਰੀ ਬੇਨਤੀ : ਪਰਮਜੀਤ ਸਿੰਘ ਢਿੱਲੋਂ



**ਮਾਛੀਵਾੜਾ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਰਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੀ ਸਮੁੱਚੀ ਲੀਡਰਸ਼ਿਪ, ਵਰਕਰਾਂ, ਆਗੂਆਂ, ਇਸਤਰੀ ਅਕਾਲੀ ਦਲ ਦੀਆਂ ਬੀਬੀਆਂ,ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ, ਯੂਥ ਅਕਾਲੀ ਦਲ ਦੇ ਨੌਜਵਾਨਾਂ ਤੇ ਹਲਕੇ ਦੀਆਂ ਸਮੁੱਚੀਆਂ ਸੰਗਤਾਂ ਨੂੰ ਨਿਮਨ ਬੇਨਤੀ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਅੰਤਿਮ ਮਿਤੀ 1 ਮਾਰਚ ਹੈ। ਜਿਸ ਲਈ ਆਪ ਜੀ ਨੂੰ ਇੱਕ-ਇੱਕ ਵੋਟ ਬਣਾਉਣ ਲਈ ਬੇਨਤੀ ਕੀਤੀ ਜਾ ਰਹੀ ਹੈ। ਕਿਉਂ ਕਿ 1 ਮਾਰਚ ਤੋਂ ਬਾਅਦ ਵੋਟਾਂ ਬਣਾਉਣ ਦੀ ਮਿਤੀ ਵਿੱਚ ਵਾਧਾਂ ਨਹੀਂ ਹੋਵੇਗਾ। ਸੋ ਆਪ ਜੀ ਘਰ-ਘਰ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਤੁਰੰਤ ਬਣਾਓ ਜੀ। ਤਾਂ ਕਿ ਕਿਸੇ ਵੀ ਪਾਰਟੀ ਵਰਕਰ ਤੇ ਸਿੱਖ ਆਗੂ ਦੀ ਵੋਟ ਬਣਨ ਤੋਂ ਨਾ ਰਹਿ ਸਕੇ।

ਸ਼ਹਿਰ ਵਾਲੇ ਵੋਟਰ ਅਪਣੀਆਂ ਵੋਟਾਂ ਨਗਰ ਕੌਂਸਲ ਅਧਿਕਾਰੀਆਂ ਤੇ ਪਿੰਡਾ ਵਾਲੇ ਵੋਟਰ ਸਬੰਧਿਤ ਪਟਵਾਰੀਆਂ ਪਾਸ ਫਾਰਮ ਜਮਾਂ ਕਰਵਾਉਣ ਜੀ। ਕਿਉਂ ਕਿ ਵੋਟਾਂ ਬਣਾਉਣ ਲਈ ਅੱਜ ਅਤੇ ਕੱਲ੍ਹ ਦਾ ਦਿਨ ਬਾਕੀ ਹੈ।

# ਸੀਨੀਅਰ ਕਾਰਜਕਾਰੀ ਇੰਜੀਨੀਅਰ ਪੂਰਬ ਮੰਡਲ ਪਟਿਆਲਾ ਦੇ ਖਿਲਾਫ ਰੋਸ ਰੈਲੀ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਾਰਜਕਾਰੀ ਇੰਜੀਨੀਅਰ ਪੂਰਬ ਮੰਡਲ ਪਟਿਆਲਾ ਅਧੀਨ ਕੰਮ ਕਰਦੇ ਮੁਲਾਜਮਾਂ/ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ/ ਮਸਲਿਆਂ ਸਬੰਧੀ ਪੈਨਸ਼ਨਰਜ਼ ਐਸੋਸੀਏਸ਼ਨ ਪੂਰਬ ਮੰਡਲ ਪਟਿਆਲਾ ਵੱਲੋਂ ਮੰਗ ਪੱਤਰ ਨੰਬਰ 6 ਮਿਤੀ 25-07-2023 ਰਾਹੀਂ ਮੰਗਾਂ ਨੂੰ ਹੱਲ ਕਰਨ ਦੇ ਲਈ ਪੱਤਰ ਲਿਖਿਆ ਗਿਆ। ਪਰ ਸਬੰਧਿਤ ਅਧਿਕਾਰੀ ਵੱਲੋਂ ਮੰਗਾਂ ਹੱਲ ਨਹੀਂ ਕੀਤੀਆਂ ਗਈਆਂ ਦੁਬਾਰਾ ਫਿਰ ਜਥੇਬੰਦੀ ਵਲੋਂ ਮਿਤੀ 22-08-2023 ਨੂੰ ਪੱਤਰ ਨੰਬਰ 6 ਮਿਤੀ 22-12-2023 ਪੱਤਰ ਨੰਬਰ 8, ਮਿਤੀ 01–02–2024 ਨੂੰ ਪੱਤਰ ਨੰਬਰ 9 ਰਾਹੀਂ ਮੰਗ ਕੀਤੀ ਗਈ ਕਿ ਮੰਗਾਂ ਦਾ ਹੱਲ ਕੀਤਾ ਜਾਵੇ ਪਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਵਲੋਂ ਮੰਗਾਂ ਨੂੰ ਹੱਲ ਨਹੀਂ ਕੀਤਾ ਗਿਆ। ਇਸ ਲਈ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੈ। ਇਸ ਦੇ ਸਬੰਧ ਵਿੱਚ ਅੱਜ ਮੰਗਾਂ ਨੂੰ ਹੱਲ ਕਰਾਉਣ ਲਈ ਡਵੀਜਨ ਕਮੇਟੀ ਪਟਿਆਲਾ ਵੱਲੋਂ ਸੀਨੀਅਰ ਕਾਰਜਕਾਰੀ ਇੰਜੀਨੀਅਰ ਦੇ ਖਿਲਾਫ ਕਾਲੇ ਝੰਡਿਆਂ ਨਾਲ ਰੋਸ ਰੈਲੀ ਕੀਤੀ ਗਈ। ਜਿਸ ਨੂੰ ਡਵੀਜਨ ਪ੍ਰਧਾਨ ਕ੍ਰਿਸ਼ਨ ਕੁਮਾਰ ਸਰਕਲ ਸਕੱਤਰ ਰਾਮ ਚੰਦ ਬਖਸ਼ੀਵਾਲਾ, ਸਰਕਲ ਪ੍ਰਧਾਨ ਸੰਤ ਰਾਮ ਚੀਮਾ ਨੇ ਸੰਬੋਧਨ ਕੀਤਾ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਡਵੀਜਨ ਸਕੱਤਰ ਨੇ ਸੁਰਿੰਦਰ ਸਿੰਘ ਖਾਲਸਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਜਲਦੀ ਤੋਂ ਜਲਦੀ ਨਹੀਂ ਕੀਤਾ ਗਿਆ ਤਾਂ ਸੰਘਰਸ਼ ਤੇਜ ਕੀਤਾ ਜਾਵੇਗਾ। ਜਿਸ ਦੀ ਜਿੰਮੇਵਾਰੀ ਸੀਨੀਅਰ ਕਾਰਜਕਾਰੀ ਇੰਜੀਨੀਅਰ ਦੀ ਹੋਵੇਗੀ। ਰੈਲੀ ਨੂੰ ਪੱਛਮ ਮੰਡਲ ਦੇ ਪ੍ਰਧਾਨ ਰਾਮ ਚੰਦ ਲਹਿਲ ਸਬ ਅਰਬਨ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਬਚਨ ਸਿੰਘ, ਸਰਕਲ ਆਗੂ ਲਾਭ ਸਿੰਘ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।

ਕਹਾਣੀ

# ਨਾਸੂਰ



ਚੰਦਨ ਨੇਗੀ

ਰਾਤ ਅੰਤਾਂ ਦੀ ਕਾਲੀ ਹੈ। ਕਾਲੇ ਘਨਘੋਰ ਬੱਦਲ ਘਿਰੇ ਹਨ। ਹਵਾ ਬੰਦ ਹੈ। ਤਾਰੇ ਛੁਪੇ ਹਨ। ਹੁੰਮਸ ਹੈ। ਚਿਪ-ਚਿਪ ਕਰਦਾ ਪਸੀਨਾ ਹੈ। ਸਰੀਰਾਂ ਦੀ ਗੰਧ ਹੈ। ਰੁੱਖ, ਪੌਦੇ, ਘਾਹ ਵੀ ਆਕਾਸ਼ ਵੱਲ ਨਜ਼ਰਾਂ ਟਿਕਾਈ ਮੋਨ ਖਲੋਤੇ ਹਨ। ਨਾ ਘਾਹ ਦੀ ਸਰਸਰਾਹਟ ਹੈ, ਨਾ ਪੱਤਿਆਂ ਦੀ ਖਹਿਬੜ-ਕਾਨਾਫੂਸੀ। ਰਾਤ ਅੱਧੀ ਬੀਤ ਗਈ ਹੈ।

ਚੁਤਰਫ਼ੀ ਪਸਰੀ ਚੁੱਪ ਨੂੰ ਪੌਸ਼ ਕਾਲੋਨੀ ਦੇ ਪਿਛਵਾੜੇ ਉਗੜ-ਦੁਗੜ ਜ਼ਮੀਨ 'ਤੇ ਅਨਗਿਣਤ ਬਣੀਆਂ ਝੌਂਪੜੀਆਂ ਵਿਚ ਮਚੇ ਸ਼ੋਰ ਨੇ ਤੋੜਿਆ ਹੈ।

ਚੁੱਪ, ਇਕਾਂਤ, ਠਹਿਰੇ ਹੋਏ ਵਾਤਾਵਰਨ ਦੀ ਵੀ ਆਪਣੀ ਵਿਲੱਖਣ ਹੋਂਦ ਹੈ। ਥੋੜ੍ਹੀ ਜਿਹੀ ਹਿਲਜੁਲ ਦੀ ਆਵਾਜ਼ ਦੂਰ-ਦੂਰ ਤੀਕ ਪਹੁੰਚ ਜਾਂਦੀ ਹੈ। ਝੁੱਗੀਆਂ ਵਿਚ ਸ਼ੋਰ ਵਧ ਰਿਹਾ ਹੈ। ਆਵਾਜ਼ਾਂ ਨਾਲ ਹੋਰ ਆਵਾਜ਼ਾਂ ਰਲਗੱਡ ਹੋ ਗਈਆਂ ਹਨ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਵੀ ਹੋਰ ਉੱਚੀ ਹੋ ਗਈ ਹੈ। ਅਨੇਕਾਂ ਸਿਰ ਘਾਹ-ਫੂਸ ਦੀਆਂ ਛੱਤਾਂ ਵਾਲੀਆਂ ਝੁੱਗੀਆਂ ਦੇ ਨੀਵੇਂ-ਨੀਵੇਂ, ਨਿੱਕੇ-ਨਿੱਕੇ ਬੂਹਿਆਂ ਵਿਚੋਂ ਬਾਹਰ ਨਿਕਲ ਆਏ ਹਨ। ਸਾਰੇ ਹੈਰਾਨ ਹਨ। ਮੂੰਹਾਂ ਦੇ ਵਾਤ ਖੁੱਲ੍ਹੇ ਰਹਿ ਗਏ ਹਨ। ਅੱਖਾਂ ਅੱਡੀਆਂ ਗਈਆਂ ਹਨ।

ਸੁਖੀ ਰਾਮ ਦੀ ਔਰਤ ਰਾਮਕਲੀ ਝੁੱਗੀ ਵਿਚੋਂ ਧੰਨੀਆ ਨੂੰ ਵਾਲਾਂ ਤੋਂ ਫੜ ਕੇ ਘੜੀਸਦੀ ਬਾਹਰ ਲੈ ਆਈ ਹੈ ਅਤੇ ਉਹਨੂੰ ਪੁਰਾਣੀ ਲੀਰ ਵਾਂਗ ਝੁੱਗੀ ਵਿਚੋਂ ਬਾਹਰ ਸੁੱਟ ਦਿਤਾ ਹੈ। ਧੰਨੀਆ ਧਰਤੀ ਦੀ ਹਿੱਕ ਨਾਲ ਚਿਮੜੀ, ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ। ਉਹ ਉਠਣਾ ਚਾਹੁੰਦੀ ਹੈ, ਆਪਣੇ ਆਪ ਨੂੰ ਸੰਭਾਲਣਾ ਚਾਹੁੰਦੀ ਹੈ, ਪਰ ਨਾ ਉਸ ਦੇ ਤਨ ਉਤਲਾ ਕੋਈ ਕੱਪੜਾ ਸਾਬਤ ਹੈ, ਨਾ ਹੱਡੀਆਂ ਵਿਚ ਉਠਣ ਦਾ ਜ਼ੋਰ ਹੈ। ਰਾਮਕਲੀ ਨੇ ਤਾਂ ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿਤੇ ਹਨ। ਕੋਈ ਹੋਰ ਵੇਲਾ ਹੁੰਦਾ ਤਾਂ ਧੰਨੀਆ ਇਕ ਨੂੰ ਤਾਂ ਕੀ, ਕਈਆਂ ਨੂੰ ਧਰਤੀ ਉਤੇ ਡੇਗ ਲੈਂਦੀ, ਪਰ ਹੁਣ ਉਹ ਚੁੱਪ ਹੈ। ਭੱਜੇ-ਟੁੱਟੇ ਕੱਖ-ਕਾਨੇ ਵਾਂਗ ਧਰਤੀ ਦੀ ਹਿੱਕ ਨਾਲ ਚਿਮੜੀ ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ।

ਕਿੰਨਾ ਕੋਸ ਰਹੇ ਹਨ ਇਸ ਬਸਤੀ ਦੇ ਸਾਰੇ ਮਰਦ। ਕਿੰਨਾ ਬੁਰਾ ਭਲਾ ਕਹਿ ਰਹੀਆਂ ਹਨ ਉਸ ਦੀਆਂ ਆਂਢਣਾਂ-ਗੁਆਂਢਣਾਂ। ਉਹ ਚੁੱਪ ਹੈ। ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ। ਹਰ ਇਕ ਦੀ ਆਵਾਜ਼ ਪਛਾਣਦੀ ਹੈ। ਸਾਰਿਆਂ ਦੀਆਂ ਕਰਤੂਤਾਂ ਜਾਣਦੀ ਹੈ। ਉਹ ਸੋਚਦੀ ਹੈ, ਜੇ ਉਸ ਵਿਚ ਹਿੰਮਤ ਹੁਏ ਤਾਂ ਇਕ-ਇਕ ਨੂੰ ਨੰਗਾ ਕਰ ਦੇਵੇ। ਫਿਰ ਸਭ ਦੀਆਂ ਜ਼ੁਬਾਨਾਂ ਨੂੰ ਕਾਠ ਮਾਰ ਜਾਏਗਾ, ਨਜ਼ਰਾਂ ਪਥਰਾ ਜਾਣਗੀਆਂ, ਜਿਸਮਾਂ ਵਿਚੋਂ ਰੱਤ ਨੁਚੜ ਜਾਏਗੀ। ਇਹ ਸਾਰੀਆਂ ਔਰਤਾਂ, ਇਹ ਸਾਰੇ ਮਰਦ, ਆਪੋ-ਆਪਣੇ ਘੁੱਡ ਵਕਦੇ ਅੰਦਰ ਵੜ ਦੁਬਕ ਕੇ ਬੈਠ ਜਾਣਗੇ ਪਰ ਉਹ ਚੁੱਪ ਰਹੀ, ਧਰਤੀ ਦੀ ਹਿੱਕ ਨਾਲੋਂ ਵਿਛੜਨ ਦੀ ਉਸ ਵਿਚ ਸਮਰੱਥਾ ਨਹੀਂ ਸੀ।

ਧੰਨੀਆ ਤੇ ਰਾਮਕਲੀ ਦੀਆਂ ਝੁੱਗੀਆਂ ਦੀ ਕੰਧ ਸਾਂਝੀ ਹੈ।

ਝੁੱਗੀਆਂ ਝੌਂਪੜੀਆਂ ਦੀ ਇਹ ਬਸਤੀ ਧੰਨੀਆ ਦੀ ਝੌਂਪੜੀ ਨਾਲ ਹੀ ਵਸੀ ਹੈ। ਇਥੇ ਤਾਂ ਉਚੇ-ਉਚੇ ਅਬਰਕ ਦੇ ਟਿੱਲੇ, ਖਾਈਆਂ, ਉਗੜ-ਦੁਗੜ ਰਸਤੇ ਅਤੇ ਪੱਥਰ ਹੀ ਪੱਥਰ ਸਨ। ਦੁੱਧ ਧੋਤੀਆਂ ਚਾਨਣੀਆਂ ਰਾਤਾਂ ਵਿਚ ਹੀਰਿਆਂ ਵਾਂਗ ਚਮਕਦੇ ਸਨ ਪੱਥਰਾਂ ਵਿਚ ਜੜੇ ਅਬਰਕ ਦੇ ਟੋਟੇ। ਇਥੇ ਹੀ ਧੰਨੀਆ ਤੇ ਉਸ ਦਾ ਮਹਾਂਵੀਰ ਕੁਏਰੀ ਵਿਚ ਕੰਮ ਕਰਦੇ ਸਨ। ਮਹਾਂਵੀਰ ਬਰੂਦ ਲਾ ਕੇ ਪੱਥਰਾਂ ਦੇ ਸੀਨੇ ਪਾੜਦਾ ਸੀ। ਪੱਥਰਾਂ ਨੂੰ ਕੁੱਟ-ਕੁੱਟ ਧੰਨੀਆ ਅਤੇ ਸਾਥਣਾਂ ਰੋੜੀ ਬਣਾਂਦੀਆਂ ਸਨ। 'ਟਕ-ਟਕ-ਟਕ', ਸਾਰਾ ਦਿਨ ਹਥੌੜੀਆਂ ਚਲਦੀਆਂ, ਢੇਰ ਲਗਦੇ।

ਇਕ ਦਿਨ ਮਹਾਂਵੀਰ ਦੇ ਦੂਰ ਨੱਸਣ ਤੋਂ ਪਹਿਲਾਂ ਹੀ ਬਾਰੂਦ ਪਾਟ ਗਿਆ ਤੇ ਉਹ ਵੀ ਪੱਥਰ ਮਿੱਟੀ ਦੀ ਤਰ੍ਹਾਂ ਹਵਾ ਵਿਚ ਉਛਲ ਚੂਰ-ਚੂਰ ਦੂਰ ਜਾ ਡਿਗਿਆ ਸੀ। ਉਸ ਦੀ ਲੱਤ ਅਤੇ ਬਾਂਹ ਦੇ ਚੀਥੜੇ ਲਟਕ ਗਏ। ਮਹੀਨਿਆਂ ਬੱਧੀ ਉਹ ਹਸਪਤਾਲ ਪਿਆ ਰਿਹਾ। ਜਦੋਂ ਵਾਪਸ ਪਰਤਿਆ ਤਾਂ ਅੱਧਾ ਮਹਾਂਵੀਰ- ਇਕ ਲੱਤ, ਇੱਕ ਹੱਥ। ਉਦੋਂ ਉਸ ਦਾ ਪਹਿਲਾ ਬੱਚਾ ਕੁੱਝ ਮਹੀਨਿਆਂ ਦਾ ਸੀ।

ਕੋਠੀਆਂ ਦੇ ਪਿਛਵਾੜੇ ਧਰਤੀ ਸਾਵੀਂ-ਪੱਧਰੀ ਹੋ ਗਈ। ਟਿੱਬੇ, ਟੋਇਆਂ ਵਿਚ ਸਮਾ ਗਏ। ਪੱਥਰ-ਰੋੜੀ ਕੰਧਾਂ-ਸੜਕਾਂ ਵਿਚ ਚਿਣੇ ਗਏ। ਧੰਨੀਆ ਨੇ ਇਕ ਟੋਏ ਦੀ ਨੁੱਕਰ ਵਿਚ ਘਾਹ-ਫੂਸ ਦੀ ਛੱਤ ਬਣਾ ਲਈ। ਗਾਰੇ ਮਿੱਟੀ ਦੀਆਂ ਕੰਧਾਂ ਚਿਣ ਲਈਆਂ। ਅੱਧ-ਅਧੂਰਾ ਮਹਾਂਵੀਰ ਝੁੱਗੀ ਦੇ ਬਾਹਰ ਮੰਜੀ ਉਤੇ ਪਿਆ ਬੀੜੀਆਂ ਫੂਕਦਾ ਰਹਿੰਦਾ। ਕੁਝ ਹੀ ਦਿਨਾਂ ਵਿਚ ਹੋਰ ਝੁੱਗੀਆਂ ਵੀ ਬਣ ਗਈਆਂ।

ਹੁਣ ਧੰਨੀਆ ਦੇ ਚੇਤੇ ਦੀ ਇਕ ਘੜੀ ਨੂੰ ਕਾਠ ਮਾਰ ਗਿਆ ਹੈ ਕਿ ਪਹਿਲੀ ਵਾਰੀ ਉਸ ਔਰਤ ਨਾਲ ਮੁਲਾਕਾਤ ਕਿੰਜ ਹੋਈ ਜਿਹੜੀ ਉਸ ਦਾ ਬੱਚਾ ਲੈ ਗਈ ਸੀ। ਉਸ ਵੇਲੇ ਧੰਨੀਆ ਤੇ ਮਹਾਂਵੀਰ ਕਿੰਨੇ ਸੁਖੀ ਤੇ ਵਿਹਲੇ ਹੋ ਗਏ ਸਨ। ਤਾਰਿਆਂ ਦੀ ਛਾਂਵੇਂ ਉਹ ਔਰਤ ਬੱਚਾ ਲੈ ਜਾਂਦੀ ਸੀ ਤੇ ਦਿਨ ਡੁੱਬੇ ਤਾਰਿਆਂ ਦੀ ਛਾਂਵੇਂ ਕੁਝ ਪੈਸੇ ਤੇ ਬੱਚਾ ਵਾਪਸ ਦੇ ਜਾਂਦੀ ਸੀ। ਇਸ ਔਰਤ ਦਾ ਵੀ ਅਜੀਬ ਧੰਦਾ ਹੈ। ਮਜ਼ਦੂਰੀ ਕਰਦੀਆਂ ਔਰਤਾਂ ਦੇ ਬੱਚੇ ਕਿਰਾਏ 'ਤੇ ਲੈ ਜਾਂਦੀ ਹੈ। ਜਿੰਨਾ ਛੋਟਾ ਬੱਚਾ, ਉਨਾ ਹੀ ਉਸ ਦਾ ਦਿਹਾੜੀ ਦਾ ਕਿਰਾਇਆ ਵੱਧ ਦਿੰਦੀ ਹੈ। ਧੰਨੀਆ ਨੂੰ ਬੜਾ ਸੁਖ ਮਿਲਿਆ ਸੀ। ਬੱਚੇ ਦਾ ਖਾਣਾ ਖੁਰਾਕ ਸਭੋ ਕੁਝ ਉਸ ਦੇ ਹੀ ਜ਼ਿੰਮੇ ਹੁੰਦਾ ਸੀ। ਫਿਰ ਪੂਰੇ ਦਿਨਾਂ ਉਤੇ ਧੰਨੀਆ ਸਾਰੀ ਦਿਹਾੜੀ ਵੀ ਤਾਂ ਨਹੀਂ ਸੀ ਲਾ ਸਕਦੀ। ਹਫ ਜਾਂਦੀ। ਪੱਸਲੀਆਂ ਤਰਿੜਨ ਲੱਗ ਪੈਂਦੀਆਂ। ਕਮਰ ਟੁੱਟਣ ਲੱਗਦੀ ਸੀ। ਅੱਧੀ ਦਿਹਾੜੀ ਅਤੇ ਬੱਚੇ ਦੇ ਪੈਸਿਆਂ ਨਾਲ ਦੋਵੇਂ ਵੇਲੇ ਠਿੱਲ੍ਹ ਜਾਂਦੇ।

ਹਾਲੀ ਤਾਂ ਮਸਾਂ ਪਹੁ ਵੀ ਨਹੀਂ ਫੁਟਦੀ। ਚਿੜੀਆਂ, ਕਾਂ, ਪੰਛੀ, ਆਪੋ-ਆਪਣੇ ਆਲ੍ਹਣਿਆਂ ਤੋਂ ਬਾਹਰ ਆ 'ਸ਼ੁਭ ਸਵੇਰ' ਦਾ ਗੀਤ ਵੀ ਨਹੀਂ ਅਲਾਪਦੇ, ਉਹ ਔਰਤ ਧੰਨੀਆ ਦੀ ਝੁੱਗੀ ਦੇ ਬਾਹਰ ਆ ਕੇ ਬੈਠ ਜਾਂਦੀ। ਮੈਲੇ-ਕੁਚੈਲੇ ਕੱਪੜੇ, ਬਿਆਈਆਂ-ਫੁੱਟੇ ਪੈਰ, ਗਿੱਟਿਓਂ ਉਚੀ ਧੋਤੀ, ਤੇ ਧੋਤੀ ਦੇ ਡੱਬ ਵਿਚ ਲਟਕਦੀ ਮੈਲੀ ਜਿਹੀ ਗੁੱਥੀ ਜਿਸ ਵਿਚੋਂ ਟੀਨ ਦੀ ਡੱਬੀ ਦਾ ਤੰਬਾਕੂ ਕੱਢ ਤਲੀ 'ਤੇ ਮਸਲਦੀ ਹੈ ਤੇ ਫਿਰ ਹੇਠਾਂ ਇਕ ਪਾਸੇ ਰੱਖ ਲੈਂਦੀ ਹੈ। ਕਾਗ਼ਜ਼ ਦੀਆਂ ਪੁੜੀਆਂ ਖੋਲ੍ਹਦੀ ਹੈ, ਕੁਝ ਹਿਸਾਬ ਲਾਂਦੀ ਹੈ ਤੇ ਫਿਰ ਪੁੜੀ ਨੂੰ ਗੁੱਥੀ ਵਿਚ ਪਾ ਦਿੰਦੀ ਹੈ।

ਧੰਨੀਆ ਦਾ ਦੂਜਾ ਬੱਚਾ ਮਸਾਂ ਕੁਝ ਦਿਨਾਂ ਦਾ ਹੋਇਆ ਹੈ। ਉਹ ਦੂਜੇ ਬੱਚੇ ਨੂੰ ਵੀ ਲੈ ਗਈ ਹੈ। ਧੰਨੀਆ ਦਾ ਆਦਮੀ ਮਹਾਂਵੀਰ ਹੱਡੀਆਂ ਦੀ ਮੁੱਠ, ਸੁੱਕਾ ਮਰੀਅਲ, ਜਿਵੇਂ ਖੇਤਾਂ ਵਿਚ ਖਲੋਤਾ ਇਕ ਟੰਗਾ ਡਰਾਵਾ ਜਾਂ ਬਾਂਸ ਦਾ ਪੁਤਲਾ, ਸਾਰਾ ਦਿਨ ਬੈਠਾ ਰਹਿੰਦਾ ਹੈ। ਦੋ ਵਾਰੀ ਤਾਂ ਧੰਨੀਆ ਨੇ ਦੂਜੀ ਬਸਤੀ ਦੇ ਸਰਕਾਰੀ ਸਕੂਲ ਕੋਲ ਛਾਬਾ ਵੀ ਲਾ ਦਿੱਤਾ ਹੈ ਪਰ ਉਸ ਦੀ ਤਾਂ ਢਾਣੀ ਹੀ ਹੋਰ ਬਣ ਗਈ ਹੈ। ਕੰਮ ਕਰਨ, ਕਮਾਉਣ ਤੋਂ ਅਵੇਸਲਾ ਹੋ ਗਿਆ ਹੈ। ਦੋ ਪੈਸੇ ਕਮਾ ਲਏ ਤਾਂ ਜੂਏ ਜੁੰਡਲੀ ਵਿਚ ਜਾ ਬੈਠਾ। ਜਿੱਤ ਗਿਆ ਤਾਂ ਸ਼ਰਾਬ ਪੀ ਲਈ; ਹਾਰ ਗਿਆ ਤਾਂ ਧੰਨੀਆ ਦੀ ਖ਼ੈਰ ਨਾ ਹੁੰਦੀ। ਲੜਾਈ-ਝਗੜਾ, ਮਾਰ-ਕੁਟਾਈ। ਮਾਰ-ਮਾਰ ਧੰਨੀਆ ਦੀ ਬੋਟੀ-ਬੋਟੀ ਉਡਾ ਦਿੰਦਾ ਇਹ ਸੁੱਕਾ ਮਾੜਚੂ ਜਿਹਾ ਅੱਧਾ-ਅਧੂਰਾ ਮਰਦ। ਪਹਿਲੇ-ਪਹਿਲ ਤਾਂ ਝੁੱਗੀਆਂ ਵਾਲੇ ਬਚਾਂਦੇ ਰਹੇ, ਧੰਨੀਆ ਨੂੰ ਛੁਡਾਂਦੇ ਰਹੇ; ਫਿਰ ਰੋਜ਼ ਦਾ ਇਹੀ ਕਰਮ ਹੋ ਗਿਆ। ਉਸ ਔਰਤ ਦੇ ਆਂਦੇ ਹੀ ਉਹ ਝਪਟਾ ਮਾਰ ਪੈਸੇ ਖੋਹ ਲੈਂਦਾ ਅਤੇ ਉਸ ਦੀ ਬਿਸਾਖੀ ਦੀ ਟੱਕ-ਟੱਕ ਤੀਕ ਸੁਣੀਂਦੀ।

ਕਿੰਨੇ ਵਰ੍ਹਿਆਂ ਤੋਂ ਇਹੋ ਕਰਮ ਚਲਿਆ ਆ ਰਿਹਾ ਹੈ। ਕਈ ਵਾਰੀ ਧੰਨੀਆ ਬੱਚੇ ਲੈ ਕੇ ਜਾਣ ਵਾਲੀ ਔਰਤ ਦੇ ਪਿਛੇ-ਪਿਛੇ ਵੀ ਜਾਂਦੀ ਸੀ। ਬੱਚਾ ਉਸ ਔਰਤ ਦੀ ਝੋਲੀ ਵਿਚ ਰੋਂਦਾ-ਕੁਰਲਾਂਦਾ। ਦੂਰੋਂ ਵੇਖਦੀ ਧੰਨੀਆ ਦੇ ਜਿਸਮ ਵਿਚੋਂ ਸਾਰੀ ਰੱਤ ਨੁੱਚੜ ਜਾਂਦੀ ਸੀ। ਬੱਚਾ ਤੜਫ਼ਦਾ, ਜਿਵੇਂ ਉਸ ਦੀ ਗੋਦੜੀ ਵਿਚ ਕੰਡੇ, ਕਾਕਰੋਚ ਜਾਂ ਨੁਕੀਲੇ ਪੱਥਰ ਬੱਚੇ ਨੂੰ ਚੁਭਦੇ ਹੋਣ। ਬੱਚਾ ਜਿੰਨਾ ਜ਼ੋਰ ਨਾਲ ਰੋਂਦਾ-ਤੜਫਦਾ, ਉਨੇ ਹੀ ਔਰਤ ਤਰਲੇ ਪਾਂਦੀ, ਦੁਹਾਈ ਦਿੰਦੀ, ਪੈਸੇ ਮੰਗਦੀ, "ਮੇਰਾ ਬੱਚਾ ਭੂਖ ਸੇ ਮਰਾ ਰਹਾ ਹੈ, ਇਸ ਕੇ ਦੂਧ ਕੇ ਲੀਏ ਪੈਸੇ।" ਉਹ ਮੱਥੇ ਵੀ ਟੇਕਦੀ। ਲੋਕਾਂ ਦੇ ਪਿਛੇ ਵੀ ਦੌੜਦੀ। ਪੈਰੀਂ ਹੱਥ ਲਾਂਦੀ। ਕਦੇ ਇਕ ਚੁਰਾਹੇ ਵਿਚ ਖਲੋਂਦੀ, ਕਦੇ ਦੂਜੇ ਚੁਰਾਹੇ ਵਿਚ। ਬੱਚੇ ਨੂੰ ਗੋਦੀ ਵਿਚ ਲੈ ਕੇ ਮੰਗਣ ਨਾਲ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ। ਬੱਚੇ ਦੀਆਂ ਅੱਖਾਂ ਸੁੱਜ ਜਾਂਦੀਆਂ। ਆਵਾਜ਼ ਭਾਰੀ ਹੋ ਜਾਂਦੀ, ਤੇ ਸ਼ਾਮ ਨੂੰ ਆਪਣੀ ਮਾਂ ਕੋਲ ਬੱਚਾ ਬੇਸੁਰਤ ਜਿਹਾ ਪਿਆ ਰਹਿੰਦਾ।



ਉਹ ਔਰਤ ਧੰਨੀਆ ਦੇ ਬੱਚੇ ਹੋਰ ਮੰਗਤਿਆਂ ਨੂੰ ਕਿਰਾਏ ਉਤੇ ਦੇਣ ਲੱਗ ਪਈ ਸੀ। ਧੰਨੀਆ ਨੇ ਪੱਥਰ ਕੁੱਟਣੇ ਛੱਡ ਦਿੱਤੇ। ਨਾ ਪੂਰੀ ਦਿਹਾੜੀ ਲਾ ਸਕਦੀ ਸੀ, ਨਾ ਪੂਰੇ ਪੈਸੇ ਮਿਲਦੇ ਸਨ। ਹੁਣ ਉਸ ਤੋਂ ਸਾਰਾ ਦਿਨ ਹਥੌੜੀ ਨਹੀਂ ਸੀ ਵੱਜਦੀ। ਵਿਹਾਰ ਜਿਹਾ ਸ਼ੁਰੂ ਹੋ ਗਿਆ ਸੀ ਦੋਹਾਂ ਔਰਤਾਂ ਵਿਚ। ਕਿਹੋ ਜਿਹਾ ਸਮਝੌਤਾ ਸੀ ਤੇ ਕੇਹੀ ਸਾਂਝੇਦਾਰੀ! ਬੱਚਿਆਂ ਦੇ ਜਿਸਮਾਂ ਦਾ ਵਪਾਰ। ਧੰਨੀਆਂ ਦਾ ਪੈਰ ਜਦੋਂ ਵੀ ਭਾਰੀ ਹੁੰਦਾ ਹੈ, ਮਹਾਂਵੀਰ ਅਤੇ ਧੰਨੀਆ ਦੇ ਚਿਹਰੇ ਖਿੜ ਜਾਂਦੇ ਹਨ। ਹਸੂੰ-ਹਸੂੰ ਕਰਦੇ ਚਿਹਰੇ, ਘਰ ਵਿਚ ਇਕ ਹੋਰ ਨਵੇਂ ਜੀਅ ਦੀ ਆਮਦ ਦੇ ਵਾਧੇ ਦੀ ਖ਼ੁਸ਼ੀ ਹੁੰਦੀ ਹੈ। ਧੰਨੀਆ ਹੁਣ ਨਾ ਸ਼ਰਾਬ ਤੋਂ ਰੋਸ ਕਰਦੀ ਹੈ, ਨਾ ਮਾਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਹੈ। ਉਚੀ-ਲੰਮੀ, ਭਰਵੀਂ ਧੰਨੀਆ ਤਾਂ ਮਹਾਂਵੀਰ ਜਿਹੇ ਦੋ ਬੰਦਿਆਂ ਨੂੰ ਮੁੱਠੀਆਂ ਵਿਚ ਨਪੀੜ ਲਏ। ਉਸ ਅੱਧੇ-ਅਧੂਰੇ ਇਕ ਟੰਗ ਵਾਲੇ ਮਹਾਂਵੀਰ ਦੀ ਪਤਲੀ ਗਰਦਨ ਇਕੋ ਮਰੋੜੀ ਨਾਲ ਪਰ੍ਹਾਂ ਵਗਾਹ ਮਾਰੇ, ਪਰ ਉਹ ਥੋੜ੍ਹੀ ਦੇਰ ਬਾਅਦ ਹੀ ਮਹਾਂਵੀਰ ਕੋਲ ਲੰਮੀ ਪੈ ਜਾਂਦੀ ਹੈ। ਉਸ ਨੂੰ ਪਤਾ ਹੈ, ਫਿਰ ਉਹ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਅਤੇ ਉਸ ਦਾ ਪੈਰ ਭਾਰੀ ਹੋ ਜਾਂਦਾ ਹੈ। ਭਰੀ ਭਰਾਈ ਧੰਨੀਆ ਦੀ ਚਾਲ ਵਿਚ ਮਟਕ ਆ ਜਾਂਦੀ ਹੈ। ਕਦਮਾਂ ਹੇਠਲੀ ਧਰਤੀ ਨੂੰ ਕਾਂਬਾ ਛਿੜ ਜਾਂਦਾ ਹੈ। ਧੰਨੀਆ ਹਰ ਸਾਲ ਬੱਚਾ ਪੈਦਾ ਕਰਨ ਲੱਗ ਪਈ ਹੈ। ਇਹੀ ਸੀ ਉਸ ਦਾ ਧੰਦਾ। ਇਸ ਧੰਦੇ ਤੋਂ ਰੋਟੀ ਚਲਦੀ ਸੀ, ਮਹਾਂਵੀਰ ਦੀ ਸ਼ਰਾਬ, ਜੂਆ। ਤੇ ਧੰਨੀਆ ਜਿਵੇਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਗਈ ਹੋਵੇ। ਇਹੀ ਉਨ੍ਹਾਂ ਦੀ ਰੋਜ਼ੀ ਸੀ, ਇਹੀ ਕਮਾਈ, ਇਹੋ ਕੰਮ, ਇਹੋ ਵਿਹਾਰ।

ਕੀ ਦਿੰਦੀ ਸੀ ਉਹ ਔਰਤ ਬੱਚਿਆਂ ਨੂੰ? ਰਾਤ ਨੂੰ ਅੱਧ-ਬੇਹੋਸ਼ ਜਿਹੇ ਬੱਚੇ ਘਰ ਪਰਤਦੇ। ਬਾਂਹਵਾਂ ਲੱਤਾਂ ਉਤੇ ਰਿਸਦੇ ਜ਼ਖ਼ਮਾਂ ਦੀ ਉਨ੍ਹਾਂ ਨੂੰ ਨਾ ਪਰਵਾਹ ਹੁੰਦੀ, ਨਾ ਪੀੜ। ਅੱਧ ਨੰਗੇ, ਅੱਧ ਕੱਜੇ ਬੱਚੇ ਝੁੱਗੀ ਵਿਚ ਸਿਰਫ਼ ਰਾਤ ਕੱਟਦੇ। ਸੁੱਤੇ-ਸੁੱਤੇ ਨੰਗੇ ਢਿੱਡਾਂ ਉਤੇ ਹੱਥ ਮਾਰਦੇ, "ਭਗਵਾਨ ਕੇ ਨਾਮ ਕਈ ਪੈਸਾ... ਹਮਾਰਾ ਮਾਂ-ਬਾਪ ਮਰ ਗਯਾ...।" ਧੰਨੀਆ ਦੇ ਜਿਗਰ ਨੂੰ ਚੀਸਾਂ ਪੈਂਦੀਆਂ ਤਾਂ ਸਨ, ਪਰ ਰੋਜ਼ੀ-ਰੋਟੀ ਦਾ ਵੀ ਬੜਾ ਵੱਡਾ ਸਵਾਲ ਸੀ; ਢਿੱਡ ਦੀ ਭੁੱਖ ਦਾ, ਅੱਧੇ ਆਦਮੀ ਦੀਆਂ ਲੋੜਾਂ ਦਾ। ਧੰਨੀਆ ਨੂੰ ਮੋਹ ਵੀ ਤਾਂ ਨਹੀਂ ਸੀ ਉਪਜਦਾ, ਆਪਣੀ ਕੁੱਖ ਦੇ ਜਾਇਆਂ ਨਾਲ। ਪੈਸੇ ਖ਼ਾਤਰ ਹੀ ਉਸ ਬੱਚੇ ਜੰਮਾਏ। ਉਹ ਉਨ੍ਹਾਂ ਦੇ ਚਿਹਰੇ ਸਿਰਫ਼ ਰਾਤ ਦੇ ਹਨੇਰੇ ਵਿਚ ਹੀ ਦੇਖਦੀ ਜਿਵੇਂ ਕੋਈ ਮਹਿਮਾਨ ਸਿਰਫ਼ ਰਾਤ ਕੱਟਣ ਆਉਂਦੇ ਹੋਣ। ਝੁੱਗੀਆਂ ਦੇ ਹੋਰ ਬੱਚੇ ਬੇਫ਼ਿਕਰ ਖੇਡਦੇ, ਨੱਚਦੇ-ਕੁੱਦਦੇ ਵੇਖ ਉਹਦੀਆਂ ਆਂਦਰਾਂ ਵਿਚ ਕੜਵੱਲ ਵੀ ਪੈਂਦੇ, ਪਰ ਉਹ ਆਪੇ ਹੀ ਮੂੰਹ ਫੇਰ ਅਹਿਸਾਸ ਦਾ ਗਲਾ ਘੁੱਟ ਲੈਂਦੀ ਸੀ।

ਜਿਹੜੇ ਬੱਚੇ ਥੋੜ੍ਹੇ ਵੱਡੇ ਹੋ ਗਏ ਸਨ, ਉਸ ਔਰਤ ਨੇ ਹਸਪਤਾਲਾਂ, ਮੰਦਰਾਂ, ਚੁਰਾਹਿਆਂ ਉਤੇ ਉਨ੍ਹਾਂ ਨੂੰ ਥਾਂਵਾਂ ਮੱਲ ਦਿੱਤੀਆਂ ਸਨ। ਉਹ ਠੋਕਰਾਂ ਖਾਂਦੇ, ਨਸ਼ੀਲੀਆਂ ਗੋਲੀਆਂ ਫੱਕਦੇ, ਮੰਗਦੇ-ਮੰਗਦੇ, ਖੌਰੇ ਕਿਥੇ-ਕਿਥੇ ਧੱਕੇ ਖਾਂਦੇ ਚਲੇ ਗਏ। ਕਦੇ ਰਾਤ ਨੂੰ ਵੀ ਘਰ ਨਹੀਂ ਪਰਤਦੇ। ਉਨ੍ਹਾਂ ਦੇ ਚੇਤਿਆਂ ਤੋਂ ਮਾਂ-ਪਿਉ, ਝੁੱਗੀ, ਬਸਤੀ, ਕੱਖਾਂ-ਕਾਨਿਆਂ ਦੀਆਂ ਛੱਤਾਂ ਸਭ ਵਿਸਰ ਗਈਆਂ ਹਨ। ਉਨ੍ਹਾਂ ਦੇ ਆਪਣੇ ਹੀ ਅੱਡੇ ਬਣ ਗਏ ਹਨ। ਉਨ੍ਹਾਂ ਨੂੰ ਆਪਣੇ ਹੀ ਸਾਥੀ ਮਿਲ ਗਏ ਹਨ।

ਹੁਣ ਧੰਨੀਆ ਕੋਲ ਸਿਰਫ਼ ਦੋ ਹੀ ਬੱਚੇ ਰਹਿ ਗਏ ਹਨ। ਜਿੰਨੇ ਪੈਸੇ ਉਹ ਔਰਤ ਇਨ੍ਹਾਂ ਬੱਚਿਆਂ ਨੂੰ ਦਿੰਦੀ ਹੈ, ਉਸ ਨਾਲ ਤਾਂ ਉਨ੍ਹਾਂ ਦੇ ਪੇਟ ਦੀ ਭੱਠੀ ਨਹੀਂ ਝੁਲਸਦੀ। ਮਹਾਂਵੀਰ ਤਾਂ ਬੀੜੀਆਂ ਫੂਕਦਾ, ਸ਼ਰਾਬਾਂ ਪੀਂਦਾ ਸਾਹਸਤ-ਹੀਣ ਹੋ ਗਿਆ ਹੈ। ਕਦੇ ਉਹ ਰੋਂਦਾ ਹੈ, ਬੱਚਿਆਂ ਨੂੰ ਆਵਾਜ਼ਾਂ ਮਾਰਦਾ ਹੈ ਜਿਨ੍ਹਾਂ ਦੇ ਨਾਂ ਵੀ ਉਸ ਨੂੰ ਭੁੱਲ ਗਏ ਹਨ। ਧੰਨੀਆ ਵੀ ਸੋਚਦੀ ਹੈ, ਜੇ ਉਸ ਦੇ ਸਾਰੇ ਬੱਚੇ ਘਰ ਹੋਣ ਤਾਂ ਝੁੱਗੀ ਵਿਚ ਬੈਠ ਵੀ ਨਾ ਸਕਣ। ਉਸ ਨੂੰ ਆਪਣੀ ਹੀ ਕੁੱਖ ਦੇ ਜਾਇਆਂ ਦੀ ਗਿਣਤੀ ਭੁੱਲ ਜਾਂਦੀ ਹੈ। ਪੋਟਿਆਂ ਉਤੇ ਗਿਣਤੀ ਨੂੰ ਕਦੇ ਇਕ ਬੱਚਾ ਭੁੱਲ ਜਾਂਦਾ ਹੈ, ਕਦੇ ਦੂਜਾ। ਤੇ ਉਹ ਦੋਹਾਂ ਕੁੜੀਆਂ ਦੇ ਅੱਗੜ-ਪਿੱਛੜ ਹੋਏ ਮੁੰਡਿਆਂ ਨੂੰ ਪੋਟਿਆਂ ਉਤੇ ਗਿਣਦੀ ਹੈ, ਮੁੰਡੇ ਜਿਨ੍ਹਾਂ ਦੀਆਂ ਨੁਹਾਰਾਂ ਵੀ ਹੁਣ ਉਸ ਨੂੰ ਯਾਦ ਨਹੀਂ।

ਧੰਨੀਆ ਦਾ ਸਭ ਤੋਂ ਛੋਟਾ ਮੁੰਡਾ ਵੀ ਹੁਣ ਤਿੰਨ ਵਰ੍ਹਿਆਂ ਦਾ ਹੋ ਗਿਆ ਹੈ। ਅੱਠਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਕੁਏਰੀ ਪੱਥਰ ਢੋਣ-ਕੁੱਟਣ ਭੇਜ ਦਿੱਤਾ ਹੈ। ਬੱਚੇ ਦੀ ਸਾਰੇ ਦਿਨ ਦੀ ਮਿਹਨਤ ਦੇ ਪੈਸੇ ਤਾਂ ਬਹੁਤ ਘੱਟ ਮਿਲਦੇ ਹਨ, ਤੇ ਤਿੰਨ ਵਰ੍ਹਿਆਂ ਦੇ ਮੰਗਤੇ ਬੱਚੇ ਉਤੇ ਨਾ ਕੋਈ ਤਰਸ ਖਾਂਦਾ ਹੈ, ਨਾ ਉਹ ਖ਼ੁਦ ਮੰਗ ਸਕਦਾ ਹੈ। ਉਸ ਦਾ ਰੇਟ ਬਹੁਤ ਘੱਟ ਹੈ।

ਮਹਾਂਵੀਰ ਨੂੰ ਕਿੰਨੀ ਵਾਰੀ ਮਾਰਨ ਲਈ ਉਕਸਾਇਆ ਹੈ। ਸ਼ਰਾਬ ਦੀ ਬੋਤਲ ਤੋੜੀ, ਤਾਸ਼ ਅੱਗ ਵਿਚ ਤੇ ਬੀੜੀ ਦੀ ਡੱਬੀ ਚਿੱਕੜ ਵਿਚ ਸੁੱਟੀ, ਪਰ ਉਹ ਤਾਂ ਸਿਰਫ਼ ਗਾਲ੍ਹਾਂ ਹੀ ਬਕਦਾ, ਉਸ ਦੇ ਜਣਦੇ ਪੁਣਦਾ ਰਿਹਾ ਸੀ। ਨਾ ਮਾਰਨ ਲਈ ਉਲਰਿਆ, ਨਾ ਬਿਸਾਖੀ ਚੁੱਕ ਹੋਈ। ਉਸ ਦੇ ਤਾਂ ਹੱਥ ਵੀ ਕੰਬਦੇ ਹਨ, ਲੱਤ ਲੜਖੜਾਂਦੀ ਹੈ, ਬਿਸਾਖੀ ਡਗਮਗਾਂਦੀ ਹੈ, ਹੱਥਾਂ ਵਿਚ ਮੁੱਕਾ ਕੱਸਣ ਦੀ ਵੀ ਤਾਕਤ ਨਹੀਂ ਰਹੀ। ਜੋ ਹੱਥ ਲੱਗਾ, ਉਸ ਵਗਾਹ ਮਾਰਿਆ। ਧੰਨੀਆ ਦੇ ਮੱਥੇ ਉਤੇ ਫੱਟ ਪੈ ਗਿਆ। ਲਹੂ ਦੀ ਧਤੀਰੀ ਵਗ ਤੁਰੀ। ਹੁਣ ਉਹ ਕੀ ਕਰੇ? ਉਸ ਔਰਤ ਤੋਂ ਕਿੰਨਾ ਡਰ ਹੈ। ਉਹ ਰੋਜ਼ ਬੂਹਾ ਮੱਲ ਕੇ ਆ ਬੈਠਦੀ ਹੈ, "ਕਾਮ ਕਾ ਮੰਦਾ ਪੜ ਗਈ ਰੇ ਧੰਨੀਆ।" ਤੇ ਉਹ ਕਿੰਨੀਆਂ ਹੀ ਧਮਕੀਆਂ ਦੇ ਗਈ ਸੀ।

ਮੱਥੇ ਦੀ ਚੋਟ ਵਿਚੋਂ ਉਠਦੀਆਂ ਚੀਸਾਂ ਉਹ 'ਸੀਅ-ਸੀਅ' ਕਰਦੀ ਦਬਾਂਦੀ, ਚੁੱਪ ਪਈ ਉਸ ਔਰਤ ਦੀ ਸਿਰਫ਼ ਆਵਾਜ਼ ਸੁਣਦੀ ਰਹੀ, "ਧੰਨੀਆ, ਕੇ ਮੋਕਉ ਲਲਨਾ, ਮੰਦਰ ਕਾ ਬੇਲਾ ਬਿਹਾਈ ਜਾਵਤ।"

ਪਹਿਲਾਂ ਤਾਂ ਧੰਨੀਆ ਉਸ ਦੀ ਆਵਾਜ਼ ਨਾਲ ਹੀ ਉਠ ਬੈਠਦੀ ਸੀ। ਸੁੱਤੇ, ਜਾਗਦੇ, ਅੱਧ-ਸੁੱਤੇ, ਅੱਧ-ਜਾਗਦੇ ਰੀਂ-ਰੀਂ ਰੋਂਦੇ ਬੱਚਿਆਂ ਨੂੰ ਉਸ ਔਰਤ ਦੇ ਹੱਥ ਫੜਾ ਦਿੰਦੀ ਸੀ। ਤੇ ਉਹ ਧਰੀਕਦੀ-ਧਰੀਕਦੀ, ਮਾਰਦੀ, ਗਾਲ੍ਹਾਂ ਕੱਢਦੀ ਬੱਚਿਆਂ ਨੂੰ ਲੈ ਕੇ ਜਾਂਦੀ ਸੀ। ਅੱਜ ਧੰਨੀਆ ਦਾ ਜੀਅ ਕੀਤਾ ਕਿ ਉਸ ਔਰਤ ਦਾ ਗਿਰੇਵਾਨ ਪਕੜੇ, ਤੇ ਮਾਰ-ਮਾਰ ਝੁੱਗੀਆਂ ਤੋਂ ਦੂਰ ਨਾਲੇ ਦੇ ਪਾਰ ਧਰੀਕ ਕੇ ਲੈ ਜਾਏ, ਤੇ ਫਿਰ ਕਦੇ ਉਸ ਦਾ ਮੂੰਹ ਨਾ ਵੇਖੇ, ਪਰ ਉਹ ਕੁਝ ਵੀ ਨਹੀਂ ਕਰ ਸਕੀ। ਆਪਣੇ ਤਿੰਨਾਂ ਵਰ੍ਹਿਆਂ ਦੇ ਸੁੱਤੇ ਬੱਚੇ ਨੂੰ ਉਸ ਦੀ ਉਂਗਲੀ ਲਾ ਦਿੱਤਾ। ਰੋਂਦਾ ਬੱਚਾ, ਪੈਰੋਂ ਨੰਗਾ, ਤੇੜੋਂ ਨੰਗਾ।

ਅੱਜ ਧੰਨੀਆ ਦੇ ਜਿਸਮ ਵਿਚ ਅਜੀਬ ਤਰ੍ਹਾਂ ਦੀ ਅੱਚਵੀਂ ਮੱਚੀ ਹੈ। ਰਗ-ਰਗ ਵਿਚ ਸੂਈਆਂ ਦੀ ਚੋਭ ਹੈ। ਸਾਹ ਗਰਮ ਤੇ ਤੇਜ਼ ਹੈ। ਬਦਨ ਟੁੱਟਦਾ ਹੈ। ਹੋਠਾਂ ਉਤੇ ਪੇਪੜੀ ਜਿਹੀ ਜੰਮੀ ਹੈ। ਪਾਸੇ ਮਾਰ-ਮਾਰ ਹੰਭ ਗਈ ਹੈ। ਤਿੰਨਾਂ ਵਰ੍ਹਿਆਂ ਦਾ ਬੱਚਾ ਬੇਸੁਰਤ ਜਿਹਾ ਪਿਆ ਹੈ। ਕੁੜੀ ਥੱਕੀ-ਟੁੱਟੀ ਘੂਕ ਸੁੱਤੀ ਹੈ। ਮਹਾਂਵੀਰ ਨੇ ਆਪਣੀ ਇਕੋ-ਇਕ ਬਾਂਹ ਨੂੰ ਅੱਖਾਂ ਉਤੇ ਰੱਖਿਆ ਹੋਇਆ ਹੈ। ਉਸ ਦੀ ਦੂਜੇ ਬਾਂਹ ਤੇ ਲੱਤ ਦਾ ਟੁੰਡ ਕਦੇ-ਕਦੇ ਫ਼ਰਕਦੇ ਹਨ। ਅੱਧੀ ਰਾਤ ਹੋ ਗਈ ਹੈ। ਧੰਨੀਆ ਨੇ ਝੱਜਰੀ ਵਿਚੋਂ ਪਾਣੀ ਪੀਤਾ, ਤੇ ਗਲਾਸ ਵਿਚ ਕਿੰਨੀ ਦੇਰ ਹੋਠ ਡੁਬੋਈ ਰੱਖੇ। ਫਿਰ ਇਕ ਸੋਚ ਉਸ ਦੀਆਂ ਉਨੀਂਦਰੀਆਂ ਅੱਖਾਂ ਵਿਚ ਠਹਿਰ ਗਈ। ਉਹ ਉਠ ਕੇ ਬੈਠ ਗਈ। ਇੰਨੀ ਸਾਹ-ਸਤਹੀਣ ਤਾਂ ਉਹ ਪੱਥਰ ਢੋਂਦੀ ਵੀ ਨਹੀਂ ਸੀ ਹੋਈ। ਇੰਨੀ ਨਿਢਾਲ ਤਾਂ ਉਹ ਦਸ ਬੱਚੇ ਜੰਮ ਕੇ ਵੀ ਨਹੀਂ ਸੀ ਹੋਈ। ਪਹਿਲੀ ਵਾਰੀ ਅੱਧੀ ਰਾਤ ਨੂੰ ਜਦੋਂ ਧੰਨੀਆ ਨੇ ਆਪਣੀ ਝੌਂਪੜੀ ਦਾ ਤੰਗ ਜਿਹਾ ਬੂਹਾ ਉਕੜੂੰ ਹੋ ਕੇ ਉਲੰਘਿਆ, ਤਾਂ ਉਸ ਦੇ ਸਿਰ ਦੀ ਘਸਰਨ ਨਾਲ ਘਾਹ, ਫੂਸ, ਤੀਲੀਆਂ ਦੀ ਛੱਤ ਵਿਚੋਂ ਵੀ ਕੁਝ ਤਿੜਾਂ ਹੇਠਾਂ ਧਰਤੀ ਉਤੇ ਡਿੱਗੀਆਂ। ਉਹ ਮਲਕੜੇ ਜਿਹੇ ਟੁੱਟੇ-ਭੱਜੇ ਫੱਟਿਆਂ ਦੇ ਦਰ ਨੂੰ ਖੋਲ੍ਹ ਬਾਹਰ ਨਿਕਲ ਗਈ। ਤਖ਼ਤੇ ਕੰਬੇ, ਕੱਚੀਆਂ ਕੰਧਾਂ ਨਾਲੋਂ ਮਿੱਟੀ ਭੁਰੀ, ਧਰਤੀ ਦੀ ਹਿੱਕ ਕੰਬੀ। ਧੰਨੀਆ ਨੇ ਹੇਠਲਾ ਹੋਠ ਜ਼ੋਰ ਨਾਲ ਚਿਥਿਆ, ਤੇ ਝੌਂਪੜੀ ਦੇ ਟੀਨ ਨੂੰ ਸਰਕਾ ਕੇ ਅੰਦਰ ਵੜ ਗਈ। ਕੱਲ੍ਹ ਹੀ ਪਾਰਲੀ ਝੌਂਪੜੀ ਵਾਲੀ ਔਰਤ ਆਪਣੇ ਘਰ ਪਿੰਡ ਗਈ ਸੀ।

ਫਿਰ ਇਕ ਕਰਮ ਉਂਜ ਹੀ ਟੁਰ ਪਿਆ ਸੀ। ਦਰ-ਦਰ ਮੰਗਦੀ ਧੰਨੀਆ ਵੀ ਉਸੇ ਔਰਤ ਵਾਂਗ ਜਿਵੇਂ ਭਿਖਾਰਨ ਹੋਵੇ। ਝੁੱਗੀ-ਝੁੱਗੀ ਵਿਚੋਂ ਸੂਹਾਂ ਲੈਂਦੀ, ਮਰਦਾਂ ਪਿਛੇ ਪੈਂਦੀ, ਉਹ ਕੁੱਖ ਭਰਨ ਦੀ ਭੀਖ ਮੰਗਦੀ। ਉਸੇ ਔਰਤ ਦੀ ਤਰ੍ਹਾਂ ਜਿਹੜੀ ਭੁੱਖੇ ਪੇਟ ਲਈ ਝੂਠੇ ਅੱਥਰੂ ਵਗਾਂਦੀ, ਤਰਲੇ ਵਾਸਤੇ ਪਾਂਦੀ ਕਈ ਵਾਰੀ ਆਦਮੀਆਂ ਦੀਆਂ ਬਾਂਹਵਾਂ ਫੜ ਲੈਂਦੀ ਹੈ, ਕੱਪੜੇ ਫੜ ਲੈਂਦੀ ਹੈ, ਵਾਸਤੇ ਪਾਂਦੀ ਦੁਹਾਈ ਦਿੰਦੀ ਹੈ।

ਮਹਾਂਵੀਰ ਨੇ ਵੀ ਨੰਗੇ ਢਿੱਡ ਉਤੇ ਹੱਥ ਫੇਰ ਸਮਝੌਤਾ ਕਰ ਲਿਆ। ਉਹ ਨਾ ਧੰਨੀਆ ਨੂੰ ਮਾਰਦਾ, ਨਾ ਗਾਲ੍ਹਾਂ ਕੱਢਦਾ। ਦੋਹਾਂ ਵਿਚਾਲੇ ਠੰਢੀ ਚੁੱਪ ਪਸਰ ਗਈ। ਦੋਹੇਂ ਇਕ-ਦੂਜੇ ਤੋਂ ਅੱਖਾਂ ਚੁਰਾਂਦੇ। ਧੰਨੀਆ ਜਦੋਂ ਬੂਹੇ ਵਿਚੋਂ ਬਾਹਰ ਨਿਕਲਦੀ, ਮਹਾਂਵੀਰ ਦੀ ਲੱਤ ਤੇ ਬਾਂਹ ਦੇ ਟੁੰਡ ਕੰਬਣ ਲੱਗਦੇ। ਉਸ ਦੇ ਸੀਨੇ ਉਤੇ ਜਿਵੇਂ ਸੱਪ ਲੇਟ ਜਾਂਦਾ ਹੈ, ਤੇ ਅੱਖਾਂ ਮੀਚ ਮਚਲਾ ਬਣ ਜਾਂਦਾ ਹੈ। ਬਹੁਤੀਆਂ ਝੁੱਗੀਆਂ ਵਿਚ ਉਹ ਬੱਚਾ ਮੰਗਦੀ ਜਿਸਮ ਫੈਲਾਂਦੀ ਰਹੀ। ਦਰ-ਦਰ ਭਟਕ ਕੇ ਵੀ ਆਪਣਾ-ਆਪ ਗੁਆ ਕੇ ਵੀ, ਤਨ ਢੁੰਡਿਆ ਕੇ ਵੀ ਕੁਝ ਹੱਥ ਨਾ ਆਇਆ।

ਅੱਜ ਸੁਖੀ ਰਾਮ ਦੀ ਔਰਤ ਰਾਮਕਲੀ ਨੇ ਗੁੱਤੋਂ ਫੜ ਧਰੀਕਿਆ ਹੈ। ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਆਪਣੀ ਸਾਂਝੀ ਕੰਧ ਤੋਂ ਉਸ ਧੰਨੀਆ ਦੀ ਝੁੱਗੀ ਦਾ ਖਪਰੈਲ ਵੀ ਹੇਠਾਂ ਵਗਾਹ ਮਾਰਿਆ ਹੈ। ਆਪਣੇ ਆਦਮੀ ਨੂੰ ਵੀ ਘਸੀਟਦੀ-ਘਸੀਟਦੀ ਬਾਹਰ ਲੈ ਆਈ ਹੈ। ਚੁਤਰਫ਼ੀ ਰੌਲਾ ਮਚਿਆ ਹੈ। ਹਰ ਕੋਈ ਦੂਜੇ ਨੂੰ ਚੋਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਰਦ ਮੌਜੂ ਕੱਸਦੇ ਹਨ, ਔਰਤਾਂ ਲਾਹਨਤਾਂ ਪਾਂਦੀਆਂ ਹਨ, ਕੁੜੀਆਂ ਦੁਬਕ ਕੇ ਅੰਦਰ ਝੁੱਗੀਆਂ ਵਿਚ ਵੜ ਗਈਆਂ ਹਨ, ਮੁੰਡੇ ਸੁਖੀ ਰਾਮ ਨਾਲ ਮਸ਼ਕਰੀਆਂ ਕਰਦੇ ਹਨ। ਉਹ ਗੋਡਿਆਂ ਪਰਨੇ ਅੱਖਾਂ ਨਿਵਾਈ ਚੁੱਪ ਬੈਠਾ ਹੈ।

ਧੰਨੀਆ ਧਰਤੀ ਦੀ ਹਿੱਕ ਨਾਲ ਜੁੜੀ ਹੈ। ਕਿਸੇ ਉਠਾਇਆ ਨਾ, ਕਿਸੇ ਬਿਠਾਇਆ ਨਾ। ਨਾ ਕਿਸੇ ਹਮਦਰਦੀ ਜਤਾਈ, ਨਾ ਕਿਸੇ ਅਪਣੱਤ ਵਿਖਾਈ। ਧੰਨੀਆ ਨੂੰ ਹਰ ਬੰਦੇ, ਹਰ ਔਰਤ ਦਾ ਪਤਾ ਹੈ ਕੋਈ ਕਿੰਨਾ ਕੁ ਨੰਗਾ ਹੈ। ਕਿੰਨੇ ਕੁ ਕੱਪੜਿਆਂ ਦੀਆਂ ਤਹਿਆਂ ਹੇਠਾਂ ਉਸ ਆਪਣਾ-ਆਪ ਲੁਕਾਇਆ ਹੋਇਆ ਹੈ। ਉਹ ਇਕ-ਇਕ ਨੂੰ ਸ਼ਰ੍ਹੇਆਮ ਪਰਦੇ ਪਾੜ ਨੰਗਾ ਕਰ ਸਕਦੀ ਹੈ, ਪਰ ਉਸ ਇਕੋ ਵਾਰ ਚੁਤਰਫ਼ੀ ਆਪਣੇ ਵੱਲ ਘੂਰਦੀਆਂ ਅੱਖਾਂ ਵੱਲ ਵੇਖਿਆ। ਘੂਰਦੀਆਂ, ਜਿਵੇਂ ਬਿੱਲੀਆਂ ਦੀਆਂ ਹਨੇਰੇ ਵਿਚ ਲਿਸ਼ਕਦੀਆਂ ਅੱਖਾਂ। ਨਜ਼ਰਾਂ, ਜਿਵੇਂ ਦੋ ਧਾਰੀਆਂ ਤਿੱਖੀਆਂ ਕਟਾਰਾਂ ਉਸ ਦੇ ਜਿਸਮ ਦੀ ਬੋਟੀ-ਬੋਟੀ ਕਰਨ ਲੱਗੀਆਂ ਹੋਣ; ਪਰ ਨਹੀਂ ਨਹੀਂ, ਉਸ ਦੇ ਸੁੰਨ ਦਿਮਾਗ ਵਿਚੋਂ ਇਕ ਚਿਣਗ ਨਿਕਲੀ, "ਇਹ ਤਾਂ ਉਲੂਆਂ ਦੀਆਂ ਅੱਖਾਂ ਨੇ। ਅਜੀਬ ਕਿਸਮ ਦੇ ਉੱਲੂ ਨੇ। ਇਨ੍ਹਾਂ ਦੀ ਇਹ ਨਜ਼ਰ ਆਪਣੀਆਂ ਕਰਤੂਤਾਂ ਵਾਰੀ ਪਥਰਾ ਜਾਂਦੀ ਹੈ।"

ਉਹ ਇਕੋ ਝਟਕੇ ਨਾਲ ਉਠੀ। ਅਣਗਿਣਤ ਭੂੰਡਾਂ ਦੀ ਭਿਣਭਿਣਾਹਟ ਉਸ ਦੇ ਕੰਨਾਂ ਵਿਚ ਪਈ ਅਤੇ ਉਹ ਦੂਰ ਖਾਈਆਂ-ਟੋਇਆਂ ਵੱਲ ਨਿਕਲ ਗਈ, ਜਿਥੇ ਕਦੇ ਉਚੇ-ਉਚੇ ਟਿੱਲੇ ਸਿਰ ਚੁੱਕ ਆਕਾਸ਼ ਦੀ ਨੀਲੱਤਣ ਮਾਣਦੇ ਸਨ। ਚੰਨ ਤਾਰਿਆਂ ਦੀ ਚਾਨਣੀ ਵਿਚ ਧੁਰ ਤੀਕ ਨਹਾਂਦੇ ਸਨ।

ਹੁਣ ਉਹ ਸਾਰਾ ਦਿਨ ਭਟਕਦੀ ਰਹਿੰਦੀ ਹੈ। ਹਸਪਤਾਲ, ਧਾਰਮਿਕ ਅਸਥਾਨ, ਭੀੜ-ਭੜੱਕੇ, ਜਿਥੇ ਵੀ ਉਹ ਅੱਧ-ਨੰਗਾ, ਅੱਧ-ਕੱਜਿਆ, ਨੀਮ ਬੇਹੋਸ਼ ਬੱਚਾ ਮੰਗਦਾ ਵੇਖਦੀ ਹੈ, ਉਸ ਵੱਲ ਧਾਂਹਦੀ ਹੈ, ਜੱਫ਼ੀ ਵਿਚ ਲੈਣਾ ਚਾਹੁੰਦੀ ਹੈ, ਸੀਨੇ ਨਾਲ ਘੁੱਟਣਾ ਚਾਹੁੰਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ- ਇਹ ਹਜ਼ਾਰਾਂ ਬੱਚੇ, ਹਜ਼ਾਰਾਂ ਹੀ ਨੰਗੇ-ਭੁੱਖੇ ਢਿੱਡ ਸਾਰੇ ਉਸ ਦੇ ਜਾਏ ਨੇ, ਉਸੇ ਦੀਆਂ ਆਪਣੀਆਂ ਉਂਗਲਾਂ ਦੇ ਨਾਖ਼ੁਨ ਨੇ ਜਿਨ੍ਹਾਂ ਦਾ ਦਰਦ ਅਸਹਿ ਹੈ। ਇਹ ਨਾਖ਼ੁਨ ਉਸ ਦੇ ਸਾਰੇ ਜਿਸਮ ਉਤੇ ਉਗ ਪਏ ਨੇ, ਤੇ ਨਾਖ਼ੁਨਾਂ ਦੇ ਨਾਸੂਰ ਬਣ ਕੇ ਰਿਸਣ ਲੱਗ ਪਏ ਹਨ। ਕਿੰਨੀ ਪਾਗਲ ਜਿਹੀ ਹੋ ਗਈ ਹੈ। ਇਕ ਵੀ ਬੱਚਾ ਆਪਣਾ ਨਹੀਂ ਲਗਦਾ। ਸਾਰੇ ਦੇ ਸਾਰੇ ਹੀ ਆਪਣੇ ਹਨ। ਉਹ ਕੀ ਕਰੇ? ਉਹ ਚੌਕਾਂ ਵਲ ਦੌੜ ਪੈਂਦੀ ਹੈ। ਚੌਕਾਂ ਵਿਚ ਲਾਲ ਬੱਤੀਆਂ ਕਾਰਨ ਖਲੋਤੀਆਂ ਮੋਟਰਾਂ, ਕਾਰਾਂ, ਸਕੂਟਰਾਂ ਵਾਲਿਆਂ ਅੱਗੇ ਬੱਚੇ ਕਰਦੀਆਂ, ਤਰਲੇ-ਵਾਸਤੇ ਪਾਂਦੀਆਂ, ਮੰਗਦੀਆਂ ਔਰਤਾਂ ਦੇ ਕੁੱਛੜ ਛੋਟੇ-ਛੋਟੇ ਬੱਚੇ ਦੇਖ ਉਸ ਦਾ ਸੀਨਾ ਚਰੀਂਦਾ ਹੈ। ਮੰਗਤੀਆਂ ਦੇ ਕੁੱਛੜੋਂ ਬੱਚੇ ਖੋਂਹਦੀ ਹੈ, ਨੱਸਦੀ ਹੈ, ਡਿਗਦੀ ਹੈ, ਮਾਰਾਂ ਖਾਂਦੀ ਹੈ, "ਇਹ ਬੱਚੇ ਮੇਰੇ ਨੇ, ਇਹ ਬੱਚੇ ਮੇਰੇ ਨੇ !" ਥੱਕ-ਟੁੱਟ ਕੇ ਝੁੱਗੀ ਦੀ ਛੱਤ ਹੇਠਾਂ ਲੰਮੀ ਪੈ ਜਾਂਦੀ ਹੈ। ਆਪਣੇ ਝੁਰਤਾਂਦੇ ਪੇਟ ਉਤੇ ਹੱਥ ਫੇਰਦੀ ਸਿਰਫ਼ ਘਾਹ-ਫੂਸ ਦੀ ਛੱਤ ਨੂੰ ਘੂਰਦੀ ਹੈ। ਡਰਦੀ ਹੈ, ਉਸ ਦੇ ਅੰਦਰਲੀ ਅੱਗ ਨਾਲ ਇਹ ਛੱਤ ਵੀ ਨਾ ਸੜ ਜਾਏ। ਉਹ ਨਹੁੰਆਂ ਨਾਲ ਧਰਤੀ ਖੁਰਚਦੀ ਹੈ। ਝੁੱਗੀ ਅੰਦਰਲੀ ਧਰਤੀ ਨੂੰ ਖੁਰਚ-ਖੁਰਚ ਉਸ ਇਵੇਂ ਬਣਾ ਦਿੱਤਾ ਹੈ, ਜਿਵੇਂ ਕਿਸੇ ਨਰਸਰੀ ਦੀ ਕਿਆਰੀ ਦੀ ਨਵੀਂ ਫੁੱਟੀ ਪੌਦ ਹੁਣੇ ਵਿਕੀ ਹੋਏ ਤੇ ਧਰਤੀ ਟੋਏ-ਟੋਏ, ਮਰੀਆਂ-ਮੋਰੀਆਂ, ਸੱਖਣੀ ਖਾਲੀ ਹੋ ਗਈ ਹੋਏ।

## ਗ਼ਜ਼ਲ

ਸ਼ੀਸ਼ੇ ਵਰਗਾ ਲਹਿ ਗਿਆ ਅੰਦਰ
ਨਖ਼ਰੇ ਸ਼ੋਖ ਅਦਾਵਾਂ ਨਾਲ,
ਵੇਖੋ ਹੁਣ ਇਹ ਕਿੰਝ ਨਿਭਾਉਂਦਾ
ਮੇਰੇ ਦਿਲ ਦੇ ਚਾਵਾਂ ਨਾਲ।

ਅੰਤ ਨੂੰ ਆਪਣੀ ਛਾਂ ਦੇ ਹੇਠਾਂ
ਉਹ ਹੰਫ ਕੇ ਆ ਡਿਗਿਆ ਹੈ,
ਚੰਦ ਕੁ ਧੁੱਪਾਂ ਖ਼ਾਤਿਰ ਜਿਹੜਾ
ਲੜਦਾ ਰਿਹਾ ਸੀ ਛਾਵਾਂ ਨਾਲ।

ਮੰਜ਼ਿਲ ਦਾ ਉਹ ਮੋਹ ਨਈਂ ਕਰਦਾ
ਗਾਹੁੰਦਾ ਜੰਗਲ ਬੇਲੇ ਹੀ,
ਰਿਸ਼ਤੇ ਨਾਤੇ ਘੂਰਨ ਉਹਨੂੰ,
ਉਹ ਦੀ ਬਣਦੀ ਰਾਹਵਾਂ ਨਾਲ।

ਜੁੱਗ ਕਈ ਬੀਤੇ ਨੇ , ਹਾਲੇ
ਸਾਡੀ ਮੁਕਤੀ ਹੋਈ ਨਾ,
ਵੰਝਲੀ ਸੁਣਦੇ ਉਮਰਾ ਬੀਤੀ
ਕਾਨ੍ਹਾ ਸਾਡੀ ਗਾਂਵਾਂ ਨਾਲ।

'ਗਿੱਲ' ਤੇਰਾ ਨਾਂ ਵੀ ਦਿੱਲੀ ਦੇ
ਸ਼ਾਇਰਾਂ ਦੇ ਵਿੱਚ ਹੋਣਾ ਸੀ,
ਜੇ ਕਰ ਤੂੰ ਨਾ ਚਲਦਾ ਹੁੰਦਾ
ਕਦੇ ਵੀ ਉਲਟ ਹਵਾਵਾਂ ਨਾਲ।



ਚਰਨਜੀਤ ਸਮਾਲਸਰ
98144-00878

## ਮਿਲੀ ਨਾ ਆਜ਼ਾਦੀ

ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ ਕੁਰਬਾਨ ਏ।
ਅੱਜ ਤੱਕ ਮਿਲੀ ਨਾ ਆਜ਼ਾਦੀ ਕਦੇ
ਮਿਲੀ ਨਾ ਵਿੱਚ ਦਾਨ ਏ।

ਗੋਰਿਆਂ ਨੂੰ ਕੱਢਿਆ ਤਾਂ ਆਪਣਿਆਂ
ਕਬਜ਼ਾ ਹੈ ਕਰ ਲਿਆ।
ਲੁੱਟ ਲੁੱਟ ਦੇਸ਼ ਨੂੰ ਲੁਟੇਰੇ ਹਾਕਮਾਂ
ਘਰ ਆਪਣਾ ਹੈ ਭਰ ਲਿਆ।
ਯਾਦ ਕਰ ਮੁੜ ਇਤਿਹਾਸ ਨੂੰ ਫ਼ਿਰ ਤੋਂ
ਬਚਾਉਣੀ ਇਹਦੀ ਸ਼ਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਸਾਨੂੰ ਮਿਲੀ ਨਾ ਆਜ਼ਾਦੀ ਅਜੇ ਤੱਕ
ਕਾਹਦੇ ਜਸ਼ਨ ਮਨਾ ਲਈਏ।
ਆਜ਼ਾਦੀ ਵਾਲਾ ਝੰਡਾ ਜੇ ਹੈ ਝੁਲਾਉਣਾ
ਚੱਲ ਗ਼ਦਰ ਮਚਾ ਲਈਏ।
ਉਹ ਵੀ ਤਾਂ ਗਲੇ ਕਬਰੀਂ ਜਿਨ੍ਹਾਂ ਬਚਾ
ਰੱਖੀ ਸੀ ਜਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਮਿਲਣ ਹੱਕ ਸਭ ਨੂੰ ਭੀਮ ਰਾਓ ਨੇ
ਐਸਾ ਸੰਵਿਧਾਨ ਲਿਖਿਆ।
ਮਿਟ ਗਿਆ ਪਾੜਾ ਵੱਡਾ ਸੀ ਜੋ
ਮਨੂੰ ਦੇ ਵਿਧਾਨ ਲਿਖਿਆ।
ਅੱਜ ਤੁਰੇ ਕਿਰਤੀ ਧੌਣ ਉੱਚੀ ਕਰ
ਨਾਲੇ ਹਿੱਕ ਤਾਣ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।



ਜਸਵੰਤ ਗਿੱਲ ਸਮਾਲਸਰ
97804-51878

## ਧਰਮ ਦੇ ਬਾਣੇ

ਪਾ ਲਏ ਨਿੱਜੀ ਸਵਾਰਥ ਖ਼ਾਤਰ,
ਅਸੀ ਧਰਮ ਦੇ ਬਾਣੇ।
ਬੇਸ਼ਰਮੀ ਦੀ ਹੱਦ ਹੋ ਗਈ,
ਰੱਬ ਬਿਠਾਇਆ ਥਾਣੇ।

ਬੇਅਦਬੀ ਦੇ ਦੋਸ਼ ਲਗਾਉਂਦੇ,
ਰਹੇ ਦੂਜਿਆਂ ਉੱਤੇ।
ਪਰ ਜੋ ਅਸੀ ਬੇਅਦਬੀ ਕੀਤੀ,
ਸਾਡਾ ਅੱਲ੍ਹਾ ਜਾਣੇ।

ਓਟ ਧਰਮ ਦੀ ਲੈਕੇ ਬਣਗੇ,
ਹਾਂ ਪੰਜਾਬ ਦੇ ਵਾਰਿਸ।
ਮੂੰਹ ਮੇ ਰਾਮ ਬਗਲ ਮੇ ਛੁਰੀਆਂ,
ਬਣੇ ਹਾਂ ਬੀਬੇ ਰਾਣੇ।

ਪੂਰੀ ਦੁਨੀਆਂ ਸਿੱਖ ਕੌਮ ਨੂੰ,
ਝੁਕਕੇ ਕਰੇ ਸਲਾਮਾਂ।
ਅੱਜ ਬਦਨਾਮ ਕਰਨ ਲਈ ਬੁਣਦੇ,
ਨਵੇਂ ਹੀ ਤਾਣੇ ਬਾਣੇ।

ਸਿਰ ਦੇਣਾ ਤੇ ਸਿਰ ਹੈ ਲੈਣਾ,
ਕਿਹੜੀ ਦੱਸ ਸਿਆਣਪ।
ਕਦੀ ਦਿਮਾਗ ਵਰਤਕੇ ਆਪਣਾ,
ਲਾਓ ਗੱਲ ਟਿਕਾਣੇ।



ਸੁਖਚੈਨ ਸਿੰਘ ਚੰਦ ਨਵਾਂ
+91 99149 73876

## ਮਰਦਾਨੇ ਨੂੰ ਮਰਦਾਨਣ



ਅਜੇ ਹੋਇਆ ਨਾ ਨਜ਼ਾਰਾ ਤੇਰੇ ਦੀਦ ਦਾ ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇ ! ਉਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ ।
ਜੇ ਮੈਂ ਆਖਾਂ ਨਾਨਕ ਨੇ ਸਾਨੂੰ ਹੈ ਉਜਾੜਿਆ ।
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਉਹਦੇ ਭਾਣੇ,
ਭੁੱਖ ਦੁੱਖ ਦਾ ਉਲਾਂਭਾ ਉਹਦੇ ਸਿਰ ਚਾੜ੍ਹਿਆ ।
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ ।
ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ ।
ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,
ਕਹਿੰਦੀ ਕਿਧਰੇ ਨੀ ਜਾਂਦਾ ਤੇਰਾ ਡੂੰਮ ਵੇ ।
ਸਾਡਾ ਲਾਰਿਆਂ ਤੇ ਚਿੱਤ ਨਾ ਪਤੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ,
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ ਵੇ,
ਤੇਰੀ ਚੰਨੋ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ,
ਅਜੇ ਹੋਇਆ ਨਾ ਜੁਆਨ ਤੇਰਾ ਵੀਰ ਵੇ ।
ਪੈਸਾ ਰੂਪ ਨੂੰ ਹੈ ਅੱਜ ਵੇ ਖਰੀਦਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਚੜ੍ਹੇ ਵਿਹੜੇ ਵਿਚ ਚੰਦ, ਲਖਮੀ ਤੇ ਸ੍ਰੀ ਚੰਦ,
ਜਦੋਂ ਹੁੰਦੇ ਨੇ ਸੁਲੱਖਣੀ ਦੇ ਕੋਲ ਵੇ ।
ਤੂੰ ਕੀ ਜਾਣੇ ਅਨਜਾਣਾ, ਕੀ ਹੈ ਸੋਚਦਾ ਜ਼ਮਾਨਾ,
ਸੁੰਨੀ ਹੋਵੇ ਬਾਲ ਬਾਝੋਂ ਜਦੋਂ ਝੋਲ ਵੇ ।
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਡਿੱਗੇ ਬਾਪ ਹਥੋਂ ਸੋਟੀ, ਮੂੰਹ 'ਚ ਫੁੱਲ ਜਾਵੇ ਰੋਟੀ,
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ ।
ਮੇਰੇ ਖੁਲ੍ਹ ਗਏ ਵਾਲ, ਜਾਣੀ ਆ ਗਿਆ ਭੁਚਾਲ,
ਜਦੋਂ ਸੁਣਿਆ ਤੂੰ ਕੋਡੇ ਹੱਥ ਆਇਆ ਵੇ ।
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ ਭਾਣੀ,
ਪਰ ਵਧ ਹੈ ਸੁਲੱਖਣੀ ਤੋਂ ਜੇਰਾ ਵੇ ।
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ ।
ਵੇ ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।



ਸੰਤ ਰਾਮ ਉਦਾਸੀ

## ਜ਼ਿੰਦਾ ਜ਼ਮੀਰ

ਮੁਹੰਮਦ ਅੱਬਾਸ ਧਾਲੀਵਾਲ
9855259650

ਸੁਨੀਤਾ ਤੇ ਸਨੇਹ ਲਤਾ ਦੋਵੇਂ ਪਟਿਆਲਾ ਦੀਆਂ ਰਹਿਣ ਵਾਲੀਆਂ ਸਨ ਅਤੇ ਉਹ ਸ਼ਹਿਰ ਤੋਂ ਕਰੀਬ ਵੀਹ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਇੱਕ ਪਿੰਡ ਦੇ ਸਰਕਾਰੀ ਹਾਈ ਸਕੂਲ ਚ ਅਧਿਆਪਕਾਵਾਂ ਸਨ। ਉਨ੍ਹਾਂ ਦਾ ਸਕੂਲ ਪਿੰਡ ਦੇ ਬਸ ਸਟੈਂਡ ਨੇੜੇ ਮੁੱਖ ਮਾਰਗ ਤੇ ਹੀ ਸਥਿਤ ਸੀ। ਨਤੀਜੇ ਵਜੋਂ ਹਰ ਸਰਕਾਰੀ ਤੇ ਪ੍ਰਾਈਵੇਟ ਬਸ ਉੱਥੇ ਰੁਕਦੀ ਸੀ।



ਇਧਰ ਸੁਨੀਤਾ ਤੇ ਸਨੇਹ ਲਤਾ ਨੇ ਜਦੋਂ ਤੋਂ ਸਕੂਲ ਵਿਖੇ ਜੁਆਇਨ ਕੀਤਾ ਸੀ। ਉਹ ਦੋਵੇਂ ਉਸੇ ਦਿਨ ਤੋਂ ਬਸ ਰਾਹੀਂ ਹੀ ਸਕੂਲ ਆਉਂਦੀਆਂ ਜਾਂਦੀਆਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਬਸ ਦਾ ਸਫਰ ਆਪਣੀ ਟੂ ਵੀਲ੍ਹਰ ਬਾਈਕ ਨਾਲੋਂ ਜ਼ਿਆਦਾ ਸੁਰੱਖਿਅਤ ਤੇ ਆਰਾਮਦਾਇਕ ਸੀ। ਉਨ੍ਹਾਂ ਦੇ ਇਸ ਤਰਕ ਚ ਸੱਚਾਈ ਵੀ ਸੀ। ਕਿਉਂਕਿ ਮੀਂਹ ਕਣੀ ਤੇ ਧੁੰਦ ਦੇ ਮੌਸਮ ਵਿੱਚ ਜਿੱਥੇ ਬਸ ਦ ਸੁਰੱਖਿਅਤ ਸੀ ਉੱਥੇ ਹੀ ਵਧਦੀ ਟ੍ਰੈਫਿਕ ਦੇ ਮੱਦੇਨਜ਼ਰ ਵੀ ਬਸ ਦਾ ਸਫਰ ਸੁਰੱਖਿਅਤ ਸੀ।

ਉਧਰ ਇਲੈਕਸ਼ਨ ਦਾ ਨੇੜ ਸੀ ਜਿਸ ਦੇ ਚਲਦਿਆਂ ਕੱਲ੍ਹ ਸਰਕਾਰ ਵੱਲੋਂ ਮਹਿਲਾ ਦਿਵਸ ਮੌਕੇ ਸੂਬੇ ਵਿੱਚ ਔਰਤਾਂ ਨੂੰ ਬਸ ਚ ਮੁਫਤ ਸਫਰ ਦੀ ਸਹੂਲਤ ਦਾ ਐਲਾਨ ਕੀਤਾ ਗਿਆ ਸੀ। ਇਸ ਸਹੂਲਤ ਦੇ ਅਨੁਸਾਰ ਕੋਈ ਵੀ ਸੂਬੇ ਦੀ ਵਸਨੀਕ ਔਰਤ ਸਰਕਾਰੀ ਬਸ ਚ ਆਧਾਰ ਕਾਰਡ ਵਿਖਾ ਕੇ ਹੁਣ ਮੁਫਤ ਸਫਰ ਕਰ ਸਕਦੀ ਸੀ।ਇਸ ਤੋਂ ਬਾਅਦ ਦੂਜੇ ਦਿਨ ਸੁਨੀਤਾ ਤੇ ਸਨੇਹ ਲਤਾ ਸਕੂਲ ਜਾਣ ਲਈ ਰੋਜ਼ਾਨਾ ਦੀ ਤਰ੍ਹਾਂ ਪੀ.ਆਰ.ਟੀ.ਸੀ. ਦੀ ਇੱਕ ਬਸ ਚ ਸਵਾਰ ਹੋਈਆਂ ਤਾਂ ਉਨ੍ਹਾਂ ਵੇਖਿਆ ਬਸ ਵਿਚ ਅੱਜ ਆਮ ਦਿਨਾਂ ਨਾਲੋਂ ਵਧੇਰੇ ਭੀੜ ਸੀ ਤੇ ਸਵਾਰੀਆਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਕੰਡਕਟਰ ਨੇ ਆਪਣੀ ਰੂਟੀਨ ਚ ਟਿਕਟਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ। ਔਰਤਾਂ ਕੰਡਕਟਰ ਨੂੰ ਆਪਣਾ ਆਧਾਰ ਕਾਰਡ ਵਿਖਾਉਂਦੇ ਹੋਏ ਜ਼ੀਰੋ ਬਿਲ ਵਾਲੀਆਂ ਟਿਕਟਾਂ ਹਾਸਲ ਕਰ ਰਹੀਆਂ ਸਨ। ਔਰਤਾਂ ਦੇ ਚਿਹਰੇ ਤੇ ਇੱਕ ਵੱਖਰੀ ਕਿਸਮ ਦੀ ਮੁਸਕਾਨ ਸੀ ਉਨ੍ਹਾਂ ਦੀ ਇਸ ਖੁਸ਼ੀ ਦਾ ਵੱਡਾ ਕਾਰਨ ਸ਼ਾਇਦ ਬਸ ਚ ਮਿਲ ਰਹੀ ਮੁਫਤ ਸਫਰ ਦੀ ਸਹੂਲਤ ਸੀ ।

ਟਿਕਟਾਂ ਕੱਟਦਿਆਂ ਕੰਡਕਟਰ ਜਦੋਂ ਸੁਨੀਤਾ ਤੇ ਸਨੇਹ ਲਤਾ ਕੋਲ ਆਇਆ ਤਾਂ ਸੁਨੀਤਾ ਨੇ ਝੱਟ ਆਪਣਾ ਆਧਾਰ ਕਾਰਡ ਕੱਢ ਕੰਡਕਟਰ ਦੇ ਮੂਹਰੇ ਕਰ ਜ਼ੀਰੋ ਅਮਾਊਂਟ ਵਾਲਾ ਇੱਕ ਟਿਕਟ ਹਾਸਲ ਕਰ ਆਪਣੇ ਪਰਸ ਦੀ ਜੇਬ ਚ ਸਾਂਭ ਲਿਆ। ਪਰ ਉਹਦੇ ਨਾਲ ਬੈਠੀ ਸਨੇਹ ਲਤਾ ਨੇ ਪੰਜਾਹ ਦਾ ਇੱਕ ਨੋਟ ਪਰਸ ਚੋਂ ਕੱਢ ਕੰਡਕਟਰ ਵੱਲ ਕਰਦਿਆਂ ਜਿਹੜੇ ਪਿੰਡ ਉਹ ਪੜਾਉਂਦੀ ਸੀ ਉਸ ਦੀ ਇੱਕ ਟਿਕਟ ਕਟਾਈ । ਇਧਰ ਸਨੇਹ ਲਤਾ ਨੂੰ ਟਿਕਟ ਲੈਂਦੀ ਵੇਖ ਸੁਨੀਤਾ ਨੇ ਟੋਕਿਆ "ਕਿਉਂ ਤੇਰੇ ਕੋਲ ਆਧਾਰ ਕਾਰਡ ਨਹੀਂ ਹੈ?"

ਸਨੇਹ ਲਤਾ ਸਕੂਨ ਨਾਲ " ਆਧਾਰ ਕਾਰਡ ਤਾਂ ਹੈ ਮੇਰੇ ਕੋਲੇ। "

ਸੁਨੀਤਾ ਹੈਰਾਨੀ ਨਾਲ " ਫੇਰ ਤੈਨੂੰ ਪੈਸੇ ਦੇ ਕੇ ਟਿਕਟ ਕਟਾਉਣ ਦੀ ਕੀ ਲੋੜ ਪਈ ਹੈ।"

ਸਨੇਹ ਲਤਾ ਆਤਮ ਵਿਸ਼ਵਾਸ ਭਰੇ ਅੰਦਾਜ਼ ਚ "ਨਹੀਂ! ਸੁਨੀਤਾ! ਦਰਅਸਲ ਮੈਂ ਆਧਾਰ ਕਾਰਡ ਨੂੰ ਲੋੜ ਪੈਣ ਤੇ ਇਕ ਆਈ ਡੀ ਪਰੂਫ ਵਜੋਂ ਈ ਵਰਤਦੀ ਹਾਂ। "

ਸੁਨੀਤਾ " ਪਰ ਸਰਕਾਰੀ ਬੱਸਾਂ ਵਿਚ ਮੁਫਤ ਸਹੂਲਤ ਤਾਂ ਸਰਕਾਰ ਨੇ ਸਭਨਾਂ ਮਹਿਲਾਵਾਂ ਨੂੰ ਸਮਾਨ ਰੂਪ ਚ ਦਿੱਤੀ ਹੈ ਫਿਰ ਅਸੀਂ ਕਿਉਂ ਨਾ ਫਾਇਦਾ ਉਠਾਈਏ ।"

ਸਨੇਹ ਲਤਾ " ਇਹ ਤਾਂ ਆਪੋ ਅਪਣੀ ਸੋਚ ਏ..ਮੈਂ ਸਮਝਦੀ ਹਾਂ ਕਿ ਜਦੋਂ ਅਸੀਂ ਚੰਗੀਆਂ ਤਨਖਾਹ ਲੈਂਦੇ ਹਾਂ ਤਾਂ ਸਾਡਾ ਹੱਕ ਬਣਦਾ ਹੈ ਕਿ ਜਿਹੜੀਆਂ ਸਹੂਲਤਾਂ ਦਾ ਅਸੀਂ ਆਨੰਦ ਮਾਣਦੇ ਹਾਂ ਉਨ੍ਹਾਂ ਦਾ ਬਣਦੀ ਪੇਮੈਂਟ ਅਦਾ ਕਰੀਏ। ਵੈਸੇ ਵੀ ਮੈਂ ਕਦੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਅਣਗੌਲਿਆ ਨਹੀਂ ਕਰਦੀ। ਮੇਰਾ ਜ਼ਮੀਰ ਨਹੀਂ ਮੰਨਦਾ ਮੁਫ਼ਤ ਸਫਰ ਕਰਨ ਨੂੰ... ਮੈਂ ਨਹੀਂ ਕਰਦੀ! "

ਦੋਵਾਂ ਦੀ ਪਿਛਲੀ ਸੀਟ ਤੇ ਬੈਠਾ ਇੱਕ ਅਧੇੜ ਉਮਰ ਆਦਮੀ ਉਕਤ ਤਮਾਮ ਵਾਰਤਾਲਾਪ ਸੁਣ ਰਿਹਾ ਸੀ। ਇਸੇ ਦੌਰਾਨ ਕੰਡਕਟਰ ਨੇ ਉੱਚੀ ਦੇ ਕੇ ਵਿਸਲ ਮਾਰੀ ਤੇ ਬਸ ਸਕੂਲ ਸਾਹਮਣੇ ਰੁੱਕੀ । ਦੋਵੇਂ ਅਧਿਆਪਕਾਵਾਂ ਆਪਣੀ ਚਰਚਾ ਵਿਚਾਲੇ ਹੀ ਛੱਡ ਬਸ ਚੋਂ ਉਤਰ ਗਈਆਂ । ਉਹਨਾਂ ਦੀ ਪਿਛਲੀ ਸੀਟ ਤੇ ਬੈਠਾ ਆਦਮੀ ਸਨੇਹ ਲਤਾ ਜਦੋਂ ਬਸ ਦੀ ਖਿੜਕੀ ਵਿਚੋਂ ਦੀ ਵੇਖ ਰਿਹਾ ਸੀ ਤਾਂ ਉਹਦਾ ਦਿਲ ਜਿਵੇਂ ਸਨੇਹ ਲਤਾ ਦੀ ਜ਼ਮੀਰ ਨੂੰ ਵਾਰ ਵਾਰ ਸਲਾਮ ਪੇਸ਼ ਕਰ ਰਿਹਾ ਸੀ।

## ਤਰਾਸ਼ਿਆ ਪੱਥਰ

ਡਾ. ਮਲਹੋਤਰਾ ਸਵੇਰੇ ਮੰਦਿਰੋਂ ਪਰਤੇ ਤਾਂ ਉਹਨਾਂ ਦੇ ਮਾਤਾ ਜੀ ਦਹਿਲੀਜ਼ 'ਤੇ ਖੜ੍ਹੇ ਸੀ। ਹੱਥ ਵਿਚ ਅਖਬਾਰ, ਦਮਕਦਾ ਚਿਹਰਾ ਤੇ ਪੂਰੇ ਖ਼ੁਸ਼। ਉਹਨਾਂ ਮਾਂ ਨੂੰ ਏਨਾ ਖ਼ੁਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ, ਝਟਪਟ ਕਾਰ ਖੜੀ ਕਰਕੇ ਉਸ ਵੱਲ ਵਧੇ।



ਵੇ ਪੁੱਤ! ਵਧਾਈਆਂ, ਭਗਵਾਨ ਨੇ ਮੇਰੀ ਝੋਲੀ 'ਚ ਬਹੁਤ ਵੱਡੀ ਖ਼ੁਸ਼ੀ ਪਾਈ ਐ, ਵੇ ਜਿਉਂਦਾ ਰਹੁ ਬੱਚਿਆ!

"ਕੁਝ ਦੱਸੋ ਵੀ, ਕਿਹੜੀ ਖ਼ੁਸ਼ੀ ਨੇ ਮੇਰੀ ਮਾਂ ਨੂੰ"

"ਲੈ ਜਿਵੇਂ ਪਤਾ ਈ ਨੀ ਆਪਣੀ ਕਮਲ" ਸਾਹ-ਸਾਹ ਹੋਈ ਮਾਂ ਨੇ ਪੁੱਤ ਨੂੰ ਫਿਰ ਜੱਫੀ ਵਿੱਚ ਲੈ ਲਿਆ, ਆਪਣੀ ਕਮਲ ਆਈ.ਏ.ਐਸ. ਵਿਚ ਸੈਕਿੰਡ ਆਈ ਐ' ਪੋਤੀ ਦੀ ਪ੍ਰਾਪਤੀ ਉੱਤੇ ਦਾਦੀ ਲਗਭਗ ਚਣ ਹੀ ਲੱਗ ਪਈ।

ਬੀ ਜੀ! ਤੁਹਾਨੂੰ ਵੀ ਬਹੁਤ ਵਧਾਈਆਂ..ਸਭ ਤੁਹਾਡੀਆਂ ਅਸੀਸਾਂ ਦਾ ਫਲ ਐ? ਡਾਕਟਰ ਤੇ ਮਿਸਿਜ਼ ਮਲਹੋਤਰਾ ਮਾਂ ਦੇ ਪੈਰਾਂ ਉੱਤੇ ਝੁਕ ਗਏ।

ਮਾਂ ਨੇ ਫਿਰ ਪੁੱਤਰ ਨੂੰ ਜੱਫੀ ਪਾ ਲਈ, ਪੁੱਤਰ ਨੇ ਹੌਲੀ ਜਿਹੀ ਮਾਂ ਦੇ ਕੰਨ ਵਿਚ ਕਿਹਾ, ਜਿਸ ਦਿਨ ਕਮਲ ਜੰਮੀ ਸੀ, ਉਸ ਦਿਨ ਤਾਂ ਬੀ ਜੀ! ਤੁਸੀਂ ਕਿਹਾ ਸੀ ਕਿ ਬਹੂ ਨੇ ਪੱਥਰ ਜੰਮ ਦਿੱਤਾ ਯਾਦ ਐ?

ਪਰ ਮਾਂ ਉਸੇ ਲੋਰ ਵਿਚ ਬੋਲੀ, ਭਗਵਾਨ ਵੀ ਪਹਿਲਾਂ ਪੱਥਰ ਹੀ ਹੁੰਦੇ, ਉਸ ਨੂੰ ਘੜਤਰਾਸ਼ ਕੇ ਪੂਜਣਯੋਗ ਬਣਾ ਲਿਆ ਜਾਂਦੇ।

ਡਾ. ਬਲਦੇਵ ਸਿੰਘ ਖਹਿਰਾ

## ਸੰਪਾਦਕੀ

# ਜੇਲ੍ਹਾਂ ਵਿਚ ਬਲਾਤਕਾਰ

ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 2017 ਤੋਂ 2022 ਤੱਕ ਪੰਜ ਸਾਲਾਂ ਦੌਰਾਨ ਹਿਰਾਸਤ ਅਧੀਨ ਬਲਾਤਕਾਰ ਦੇ 275 ਕੇਸ ਦਰਜ ਕੀਤੇ ਗਏ ਹਨ ਜਿਸ ਤੋਂ ਸਿਸਟਮ ਦੀ ਨਾਕਾਮੀ ਅਤੇ ਸਮਾਜ ਦੀ ਬੇਰੁਖ਼ੀ ਦਾ ਝਲਕਾਰਾ ਪੈਂਦਾ ਹੈ।

ਇਸਤਰੀ ਕੈਦੀਆਂ ਨੂੰ ਲਗਭਗ ਹਰ ਖੇਤਰ ਵਿਚ ਇਸ ਘਾਤਕ ਅਪਰਾਧ ਦਾ ਸ਼ਿਕਾਰ ਹੋਣ ਦਾ ਖ਼ਦਸ਼ਾ ਰਹਿੰਦਾ ਹੈ ਜਦੋਂਕਿ ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ ਵਿਚ ਹੀ ਅਪਰਾਧੀ ਨਹੀਂ ਪਾਏ ਜਾਂਦੇ ਸਗੋਂ ਹਥਿਆਰਬੰਦ ਬਲ, ਜੇਲ੍ਹਾਂ, ਰਿਮਾਂਡ ਘਰਾਂ ਅਤੇ ਹਸਪਤਾਲਾਂ ਦਾ ਸਟਾਫ ਵੀ ਇਸ ਤੋਂ ਅਛੂਤਾ ਨਹੀਂ ਹੈ; ਖ਼ਾਸਕਰ ਕਮਜ਼ੋਰ ਤਬਕਿਆਂ ਨਾਲ ਸਬੰਧਿਤ ਔਰਤਾਂ ਮਾਨਵ ਤਸਕਰੀ ਜਾਂ ਘਰੋਗੀ ਹਿੰਸਾ ਜਿਹੀ ਲਿੰਗਕ ਹਿੰਸਾ ਦਾ ਜਿ ?ਆਦਾ ਸ਼ਿਕਾਰ ਬਣਦੀਆਂ ਹਨ। ਜਿਨ੍ਹਾਂ ਅਫਸਰਾਂ ਤੇ ਮੁਲਾਜ਼ਮਾਂ ਨੇ ਕਾਨੂੰਨ ਲਾਗੂ ਕਰਨਾ ਹੁੰਦਾ ਹੈ ਤੇ ਕਮਜ਼ੋਰਾਂ ਦੀ ਰਾਖੀ ਕਰਨੀ ਹੁੰਦੀ ਹੈ, ਉਹ ਖੁ ?ਦ ਹੀ ਇਸ ਅਪਰਾਧ ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਇਸ ਮਸਲੇ ਵੱਲ ਫੌਰੀ ਧਿਆਨ ਦੇਣ ਅਤੇ ਵਿਆਪਕ ਸੁਧਾਰ ਕਰਨ ਦੀ ਲੋੜ ਹੈ।

ਕਲਕੱਤਾ ਹਾਈ ਕੋਰਟ ਨੂੰ ਹਾਲ ਹੀ ਵਿਚ ਇਤਲਾਹ ਦਿੱਤੀ ਗਈ ਸੀ ਕਿ ਪੱਛਮੀ ਬੰਗਾਲ ਦੀਆਂ ਜੇਲ੍ਹਾਂ ਵਿਚ ਬੰਦ ਇਸਤਰੀ ਕੈਦੀਆਂ ਦੇ ਗਰਭਵਤੀ ਹੋਣ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ ਜਿਸ ਤੋਂ ਬਾਅਦ ਹਾਈ ਕੋਰਟ ਨੇ ਇਨ੍ਹਾਂ ਸਰੋਕਾਰਾਂ ਨੂੰ ਮੁਖ਼ਾਤਿਬ ਹੋਣ ਦਾ ਸੱਦਾ ਦਿੱਤਾ ਸੀ। ਸੂਬੇ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ 196 ਬੱਚੇ ਮੌਜੂਦ ਹਨ ਜਿਸ ਤੋਂ ਇਨ੍ਹਾਂ ਸੁਧਾਰ ਘਰਾਂ ਦੀ ਦਸ਼ਾ ਬਿਆਨ ਹੁੰਦੀ ਹੈ। ਸੁਣਵਾਈ ਦੌਰਾਨ ਅਦਾਲਤੀ ਮਿੱਤਰ ਨੇ ਇਹ ਬੇਨਤੀ ਕੀਤੀ ਸੀ ਕਿ ਔਰਤਾਂ ਦੀਆਂ ਜੇਲ੍ਹਾਂ ਵਿਚ ਪੁਰਸ਼ ਅਮਲੇ ਦੇ ਦਾਖ਼ਲੇ ’ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ ਤਾਂ ਕਿ ਜੇਲ੍ਹਾਂ ਵਿਚ ਇਸਤਰੀ ਕੈਦੀਆਂ ਦਾ ਸ਼ੋਸ਼ਣ ਬੰਦ ਕਰਵਾਇਆ ਜਾ ਸਕੇ।

ਅਣਵਿਆਹੀਆਂ ਔਰਤਾਂ ਦੇ ਮਾਂ ਬਣਨ ਨਾਲ ਜੁੜੀ ਸਮਾਜਿਕ ਬਦਨਾਮੀ, ਪੀੜਤ ਨੂੰ ਹੀ ਦੋਸ਼ੀ ਠਹਿਰਾਉਣ ਦੇ ਚਲਨ ਅਤੇ ਅਪਰਾਧੀਆਂ ਦੇ ਮਨਾਂ ’ਚੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਡਰ ਨਾ ਹੋਣ ਕਰ ਕੇ ਪੀੜਤ ਔਰਤਾਂ ਨਿਆਂ ਹਾਸਿਲ ਕਰਨ ਦੇ ਰਾਹ ਪੈਣ ਤੋਂ ਗੁਰੇਜ਼ ਕਰਦੀਆਂ ਹਨ। ਸਰਕਾਰੀ ਕਰਮੀਆਂ ਦਾ ਔਰਤ ਬੰਦੀਆਂ ਅਤੇ ਕੈਦੀਆਂ ਪ੍ਰਤੀ ਵਤੀਰਾ ਬਹੁਤ ਰੁੱਖਾ ਤੇ ਅੱਖੜ ਹੁੰਦਾ ਹੈ। ਪੁਲੀਸ ਕਰਮੀਆਂ ਅੰਦਰ ਸੰਵੇਦਨਸ਼ੀਲਤਾ ਪੈਦਾ ਕਰ ਕੇ ਅਤੇ ਗ਼ਲਤੀ ਕਰਨ ਵਾਲੇ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਜਵਾਬਦੇਹ ਬਣਾਉਣ ਲਈ ਕਾਨੂੰਨੀ ਪ੍ਰਬੰਧ ਨੂੰ ਤਕੜਾ ਕਰ ਕੇ ਬਲਾਤਕਾਰ ਪੀੜਤਾਂ ਲਈ ਵਧੇਰੇ ਸਹਾਇਕ ਅਤੇ ਕਰੁਣਾ ਭਰਿਆ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ। ਇਨਸਾਫ਼ ਅਤੇ ਜਵਾਬਦੇਹੀ ਦੇ ਇਸ ਅਮਲ ਵਿਚ ਸਰਕਾਰੀ ਏਜੰਸੀਆਂ, ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਅਤੇ ਨਿਆਂਪਾਲਿਕਾ ਦਰਮਿਆਨ ਤਾਲਮੇਲ ਦੀ ਬਹੁਤ ਜਿ ?ਆਦਾ ਅਹਿਮੀਅਤ ਰਹੇਗੀ।

ਇਸ ਤੋਂ ਇਲਾਵਾ ਔਰਤਾਂ ਦੀਆਂ ਜੇਲ੍ਹਾਂ ਦਾ ਸਮੇਂ ਸਮੇਂ ’ਤੇ ਵੱਖ ਵੱਖ ਪੱਧਰਾਂ ’ਤੇ ਨਿਰੀਖਣ ਅਤੇ ਇਸ ਦੇ ਹਾਲਾਤ ਬਾਰੇ ਸਾਬਿਤ ਕਦਮੀ ਨਾਲ ਪੈਰਵੀ ਨੂੰ ਵੀ ਯਕੀਨੀ ਬਣਾਉਣਾ ਚਾਹੀਦਾ ਹੈ।

# ਘਰੇਲੂ ਖਪਤ ਦੇ ਅੰਕੜੇ

ਕੌਮੀ ਸੈਂਪਲ ਸਰਵੇਖਣ ਅਦਾਰੇ ਦੇ ਅਗਸਤ 2022 ਤੋਂ ਜੁਲਾਈ 2023 ਤੱਕ ਘਰੇਲੂ ਖਪਤ ’ਤੇ ਖ਼ਰਚ ਬਾਰੇ ਕਰਵਾਏ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਪਿਛਲੇ ਇਕ ਦਹਾਕੇ ਵਿਚ ਦੇਸ਼ ’ਚ ਪ੍ਰਤੀ ਜੀਅ ਮਹੀਨਾਵਾਰ ਘਰੇਲੂ ਖ਼ਰਚ ’ਚ ਦੁੱਗਣੇ ਤੋਂ ਵੀ ਜਿ ?ਆਦਾ ਵਾਧਾ ਹੋਇਆ ਹੈ। ਤਸੱਲੀ ਹੁੰਦੀ ਹੈ ਕਿ 2022-23 ਵਿਚ ਦਿਹਾਤੀ ਤੇ ਸ਼ਹਿਰੀ ਦੋਵਾਂ ਖੇਤਰਾਂ ਵਿਚ ਖਪਤ 2011-12 ਦੇ ਮੁਕਾਬਲੇ 2.5 ਗੁਣਾ ਵਧੀ ਹੈ। ਇਕ ਹੋਰ ਅਹਿਮ ਪੱਖ ਇਹ ਹੈ ਕਿ ਦਿਹਾਤੀ ਇਲਾਕਿਆਂ ਵਿਚ ਖਪਤ ਵਧਣ ਦੀ ਦਰ ਸ਼ਹਿਰੀ ਇਲਾਕਿਆਂ ਨਾਲੋਂ ਤੇਜ਼ ਹੈ। ਇਸ ਮਾਮਲੇ ਵਿਚ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚਾਲੇ ਫ਼ਰਕ ਜੋ 2011-12 ਵਿਚ 84 ਪ੍ਰਤੀਸ਼ਤ ਸੀ, ਹੁਣ ਘਟ ਕੇ 71 ਪ੍ਰਤੀਸ਼ਤ ਰਹਿ ਗਿਆ ਹੈ। ਨੀਤੀ ਆਯੋਗ ਦੇ ਸੀਈਓ ਬੀਵੀਆਰ ਸੁਬਰਾਮਣੀਅਮ ਮੁਤਾਬਕ ਅੰਕੜੇ ਦਿਖਾਉਂਦੇ ਹਨ ਕਿ ਦੇਸ਼ਵਾਸੀਆਂ ਦੀ ਵਧਦੀ ਖ਼ੁਸ਼ਹਾਲੀ ਦਰਮਿਆਨ ਭਾਰਤ ’ਚ ਗਰੀਬੀ ਦਾ ਪੱਧਰ ਵੀ 5 ਪ੍ਰਤੀਸ਼ਤ ਤੋਂ ਹੇਠਾਂ ਆ ਗਿਆ ਹੈ। ਕੌਮੀ ਸੈਂਪਲ ਸਰਵੇਖਣ ਦਫ਼ਤਰ ਮੁਤਾਬਕ, ਦੇਸ਼ ਵਿਚ ਅਨਾਜ ਦੀ ਖਪਤ ਵਿਚ ਵੱਡੀ ਗਿਰਾਵਟ ਆਈ ਹੈ। ਦਿਹਾਤੀ ਇਲਾਕਿਆਂ ਵਿਚ ਔਸਤ ਐੱਮਪੀਸੀਈ (ਮਹੀਨਾਵਾਰ ਪ੍ਰਤੀ ਜੀਅ ਖਪਤ ਖ਼ਰਚ) ਦੇ ਹਿੱਸੇ ਵਜੋਂ ਇਹ 10.7 ਪ੍ਰਤੀਸ਼ਤ (2011-12) ਦੇ ਮੁਕਾਬਲੇ ਘਟ ਕੇ 5 ਪ੍ਰਤੀਸ਼ਤ ਰਹਿ ਗਈ ਹੈ।

ਸ਼ਹਿਰੀ ਖੇਤਰਾਂ ਵਿਚ ਵੀ ਲਗਭਗ ਇਹੀ ਰੁਝਾਨ ਹੈ ਜਿੱਥੇ ਦੁੱਧ, ਫ਼ਲਾਂ ਅਤੇ ਸਬਜ਼ੀਆਂ ਦੀ ਖਪਤ ਵਧੀ ਹੈ। ਇਸ ਕਰ ਕੇ ਡੇਅਰੀ ਖੇਤਰ ਨੂੰ ਹੁਲਾਰਾ ਦੇਣ ਦੀ ਲੋੜ ਹੈ ਤਾਂ ਕਿ ਲਗਾਤਾਰ ਵਧ ਰਹੀ ਘਰੇਲੂ ਮੰਗ ਦੀ ਪੂਰਤੀ ਯਕੀਨੀ ਬਣਾਈ ਜਾ ਸਕੇ। ਇਸ ਸਰਵੇਖਣ ਦੀ ਖਾਸ ਗੱਲ ਇਹ ਵੀ ਹੈ ਕਿ ਦੇਸ਼ ਵਿਚ ਦੁੱਧ, ਸਬਜ਼ੀਆਂ ਅਤੇ ਫਲ਼ਾਂ ਉਪਰ ਪਰਿਵਾਰਕ ਖਰਚ ਵਿਚ ਕਾਫ਼ੀ ਵਾਧਾ ਹੋਇਆ ਹੈ; ਅਨਾਜ ’ਤੇ ਖਰਚ ਸਥਿਰ ਹੀ ਹੈ। ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਕਿਸਾਨਾਂ ਵਲੋਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਲਈ ਅੰਦੋਲਨ ਲੜਿ ?ਆ ਜਾ ਰਿਹਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਸੰਸਦ ਵਿਚ ਅੰਤਰਿਮ ਬਜਟ ਪੇਸ਼ ਕਰਦਿਆਂ ਆਪਣੇ ਭਾਸ਼ਣ ਵਿਚ ਇਸ ਗੱਲ ਵੱਲ ਧਿਆਨ ਦਿਵਾਇਆ ਸੀ ਕਿ ਭਾਰਤ ਭਾਵੇਂ ਦੁਨੀਆ ਵਿਚ ਦੁੱਧ ਦਾ ਸਭ ਤੋਂ ਵੱਡਾ ਉਤਪਾਦਕ ਹੈ ਪਰ ਦੁਧਾਰੂ ਪਸ਼ੂਆਂ ਦੀ ਦੁੱਧ ਉਤਪਾਦਕਤਾ ਬਹੁਤੀ ਉੱਚੀ ਨਹੀਂ। ਇਸ ਸਬੰਧੀ ਚਿੱਟੀ ਕ੍ਰਾਂਤੀ ਦੇ ਪਿਤਾ ਵਰਗੀਜ਼ ਕੁਰੀਅਨ ਦੀ ਵਿਰਾਸਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਬਾਗ਼ਬਾਨੀ ਖੇਤਰ ਵਿਚ ਵੀ ਕਿਸਾਨਾਂ ਨੂੰ ਆਤਮ-ਨਿਰਭਰ ਬਣਾਉਣ ਅਤੇ ਕੀਮਤਾਂ ਦੇ ਉਤਰਾਅ-ਚੜ੍ਹਾਅ ਤੋਂ ਬਚਾਉਣ ਲਈ ਕੁਰੀਅਨ ਜਿਹੇ ਉਦਮਾਂ ਦੀ ਲੋੜ ਹੈ। ਵਧਦੀ ਮੰਗ ਦੇ ਮੱਦੇਨਜ਼ਰ ਫ਼ਲਾਂ ਅਤੇ ਸਬਜ਼ੀਆਂ ਉਗਾਉਣ ਵਾਲੇ ਕਿਸਾਨਾਂ ਨੂੰ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ ਜਿਸ ਨਾਲ ਫ਼ਸਲੀ ਵੰਨ-ਸਵੰਨਤਾ ਦੇ ਪ੍ਰੋਗਰਾਮ ਨੂੰ ਵੀ ਹੁਲਾਰਾ ਮਿਲੇਗਾ। ਕਿਸਾਨ ਵੰਨ-ਸਵੰਨਤਾ ਲਈ ਤਿਆਰ-ਬਰ-ਤਿਆਰ ਹਨ ਪਰ ਉਹ ਬਦਲਵੀਆਂ ਫ਼ਸਲਾਂ ਦੀ ਸਹੀ ਮਾਰਕੀਟਿੰਗ ਚਾਹੁੰਦੇ ਹਨ। ਇਸ ਲਈ ਇਸ ਮਾਮਲੇ ਵਿਚ ਸਰਕਾਰ ਨੂੰ ਪਹਿਲਕਦਮੀ ਕਰਨੀ ਚਾਹੀਦੀ ਹੈ ਅਤੇ ਬਾਕਾਇਦਾ ਨੀਤੀਆਂ ਲੈ ਕੇ ਆਉਣਾ ਚਾਹੀਦਾ ਹੈ।

# ਪੰਜਾਬ ਦਾ ਖੇਤੀ ਸੰਕਟ ਦੀਰਘ ਰੋਗ ਬਣਿਆ

**ਪਾਰਸਾ ਵੈਂਕਟੇਸ਼ਵਰ ਰਾਓ ਜੂਨੀਅਰ**



ਭਾਰਤੀ ਅਰਥਚਾਰੇ ਜਿੱਥੇ ਸੁਰਖੀਆਂ ਵਿੱਚ ਅੰਕੜੇ ਬਹੁਤ ਸੋਹਣੇ ਦਿਸਦੇ ਹਨ, ਵਾਂਗ ਹੀ ਪੰਜਾਬ ਦੀ ਖੇਤੀਬਾੜੀ ਵੀ ਆਪਣੀ ਕਣਕ ਤੇ ਝੋਨੇ ਦੀ ਪੈਦਾਵਾਰ ਕਰ ਕੇ ਨਿੱਗਰ ਹੀ ਜਾਪਦੀ ਹੈ। ਦੋਵਾਂ ਮਾਮਲਿਆਂ ਵਿੱਚ ਬਾਹਰੋਂ ਲਿਸ਼ਕਦਾ ਧਰਾਤਲ ਧੁਰ ਅੰਦਰ ਦੀਆਂ ਮੁਸ਼ਕਿਲਾਂ ਨੂੰ ਸਾਹਮਣੇ ਨਹੀਂ ਆਉਣ ਦਿੰਦਾ। ਚੰਗੀ ਪੈਦਾਵਾਰ ਦੇ ਬਾਵਜੂਦ ਪੰਜਾਬ ਦੇ ਕਿਸਾਨ ਚਿੰਤਾ ’ਚ ਹਨ ਕਿਉਂਕਿ ਉਹ ਅਸਥਿਰ ਮਹਿਸੂਸ ਕਰ ਰਹੇ ਹਨ। ਚੋਣਾਂ ਦੀ ਤਿਆਰੀ ’ਚ ਲੱਗੀ ਸਰਕਾਰ ਅਰਥਚਾਰੇ ਵਿਚਲੀਆਂ ਤ੍ਰੇੜਾਂ ਭਰਨ ਲਈ ਕਾਹਲੀ ਹੈ। ਸੱਤਾਧਾਰੀ ਧਿਰ ਦੇ ਆਗੂਆਂ ਨੇ ਜੋ ਕਰਨਾ ਹੈ, ਕਰ ਰਹੇ ਹਨ। ਚੋਣਾਂ ਨੂੰ ਵਿਚਾਰਦਿਆਂ ਉਹ ਅਰਥਚਾਰੇ ਦੇ ਢਾਂਚਾਗਤ ਮੁੱਦਿਆਂ ਬਾਰੇ ਨਹੀਂ ਸੋਚ ਰਹੇ।

ਕੁਝ ਮਾਹਿਰ ਵੀ ਅਰਥਚਾਰੇ ਵਿਚਲੀਆਂ ਵੱਡੀਆਂ ਔਂਕੜਾਂ ਬਾਰੇ ਨਹੀਂ ਬੋਲਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਮਿਲ ਰਹੇ ਲਾਹੇ ਖੁੱਸਣ ਦਾ ਭੈਅ ਹੈ। ਚੋਣਾਂ ਕਿਸਾਨਾਂ ਦੀ ਕੋਈ ਮਜਬੂਰੀ ਨਹੀਂ ਹਨ, ਉਹ ਸਮੱਸਿਆਵਾਂ ਨੂੰ ਸਾਹਮਣਿਓਂ ਟੱਕਰਨਾ ਚਾਹੁੰਦੇ ਹਨ। ਕੇਂਦਰ ਸਰਕਾਰ ਦਾ ਇਹ ਸੋਚਣਾ ਬਚਕਾਨਾ ਹੈ ਕਿ ਗੰਨੇ ਦੇ ਵਾਜਿਬ ਅਤੇ ਲਾਭਕਾਰੀ ਮੁੱਲ ਵਿੱਚ ਵਾਧਾ ਐਲਾਨ ਕੇ ਉਹ ਕਿਸਾਨਾਂ ਦੇ ਅੰਦੋਲਨ ਤੋਂ ਧਿਆਨ ਪਾਸੇ ਕਰ ਸਕਦੀ ਹੈ। ਮਾਹਿਰਾਂ ਦੇ ਇਸ ਕਥਨ ਕਿ ‘ਹਰੀ ਕ੍ਰਾਂਤੀ ਹੁਣ ਫਾਇਦੇਮੰਦ ਨਹੀਂ ਰਹੀ’ ਤੋਂ ਪੰਜਾਬ ਦੇ ਕਿਸਾਨ ਪਹਿਲਾਂ ਹੀ ਜਾਣੂ ਹਨ। ਉਹ ਇਸ ਨੂੰ ਆਪਣੇ ਅੰਦਰ ਮਹਿਸੂਸ ਕਰਦੇ ਹਨ ਪਰ ਉਹ ਇੰਨੇ ਸੌਖੇ ਢੰਗ ਨਾਲ ਫ਼ਸਲੀ ਵੰਨ-ਸਵੰਨਤਾ ਦੇ ਰਾਹ ਨਹੀਂ ਪੈ ਸਕਦੇ ਜਿੰਨਾ ਮਾਹਿਰਾਂ ਨੂੰ ਲੱਗਦਾ ਹੈ। ਇਸ ਤਬਦੀਲੀ ਲਈ ਉਨ੍ਹਾਂ ਕੋਲ ਵਿੱਤੀ ਸਮਰੱਥਾ ਨਹੀਂ ਹੈ।

ਪੰਜਾਬ ਦਾ ਖੇਤੀਬਾੜੀ ਸੰਕਟ ਨਵਾਂ ਨਹੀਂ। ਇਸ ਦੀਆਂ ਜੜ੍ਹਾਂ 1990 ਤੋਂ ਬਾਅਦ ਲੱਗਣੀਆਂ ਸ਼ੁਰੂ ਹੋਈਆਂ ਸਨ ਪਰ ਨਾ ਤਾਂ ਅਰਥ ਸ਼ਾਸਤਰੀਆਂ ਅਤੇ ਨਾ ਹੀ ਸਰਕਾਰਾਂ ਨੇ ਇਸ ਪਾਸੇ ਧਿਆਨ ਦਿੱਤਾ। ਕਿਸਾਨ ਜਿਨ੍ਹਾਂ ਹਾਲਾਤ ਵਿੱਚ ਹਨ, ਉਨ੍ਹਾਂ ਵਿਚੋਂ ਨਿਕਲਣ ਲਈ ਉਹ ਲੰਮੀਆਂ ਰਣਨੀਤੀਆਂ ਨਹੀਂ ਬਣਾ ਸਕਦੇ। ਪੰਜਾਬ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਖੇਤੀਬਾੜੀ ਦਾ 25 ਪ੍ਰਤੀਸ਼ਤ ਹਿੱਸਾ ਹੈ ਜੋ ਸੇਵਾ ਸੈਕਟਰ (40 ਪ੍ਰਤੀਸ਼ਤ) ਨਾਲੋਂ ਘੱਟ ਹੈ ਪਰ ਇਹ 50 ਪ੍ਰਤੀਸ਼ਤ ਕਿਰਤ ਖਪਾਉਂਦਾ ਹੈ। ਇਹ ਬਿਲਕੁਲ ਵੱਖਰੀ ਤਰ੍ਹਾਂ ਦਾ ਵਰਤਾਰਾ ਹੈ ਪਰ ਇਹ ਸਿਰਫ ਪੰਜਾਬ ਤੱਕ ਸੀਮਤ ਨਹੀਂ ਹੈ ਬਲਕਿ ਦੇਸ਼ ਵਿੱਚ ਹੋਰਨਾਂ ਥਾਵਾਂ ’ਤੇ ਵੀ ਅਜਿਹਾ ਹੀ ਹੈ। ਇੱਥੇ ਇਕ ਤੱਥ ਇਹ ਵੀ ਹੈ ਕਿ ਪੰਜਾਬ ’ਚ ਜ਼ਮੀਨ ਦੀ ਮਾਲਕੀ ਔਸਤਨ 3.7 ਹੈਕਟੇਅਰ ਪ੍ਰਤੀ ਕਿਸਾਨ ਹੈ। ਜ਼ਮੀਨ ਦੀ ਪੁਨਰ-ਵੰਡ ਦਾ ਤਰਕ ਵੀ ਕਿਤੇ ਨਾ ਕਿਤੇ ਅੜਿ ?ਆ ਹੋਇਆ ਹੈ ਜਦਕਿ ਪੱਛਮੀ ਬੰਗਾਲ ’ਚ ਖੱਬੇ ਮੋਰਚੇ ਦੀ ਸਰਕਾਰ ਦੌਰਾਨ ਅਜਿਹਾ ਕੀਤਾ ਗਿਆ। ਛੋਟੀ ਕਿਸਾਨੀ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਕਰਨ ਆਪਣਾ ਤਿਲ-ਫੁਲ ਯੋਗਦਾਨ ਪਾਇਆ। ਇਹ ਸੀਮਤ ਜਿਹੀ ਉਪਲਬਧੀ ਸੀ; ਤੇ ਹੁਣ ਮੁੜ ਵਿਚਾਰ ਦਾ ਸਮਾਂ ਹੈ। ਕਿਸਾਨ ਕਰਨ ਵੀ ਕੀ? ਉਹ ਸਿਰਫ਼ ਆਪਣੀਆਂ ਫ਼ਸਲਾਂ ਦੀ ਖ਼ਰੀਦ ਲਈ ਸਰਕਾਰੀ ਗਰੰਟੀ ਮੰਗ ਸਕਦੇ ਹਨ, ਤੇ ਪੁਰਾਣੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਵੀ ਉਨ੍ਹਾਂ ਨੂੰ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਜਿਹੀਆਂ ਆਰਜ਼ੀ ਪੇਸ਼ਕਸ਼ਾਂ ਤੋਂ ਇਲਾਵਾ ਹੋਰ ਕੁਝ ਨਹੀਂ ਦੇ ਸਕਦੀ। ਸਰਕਾਰ ਦੇ ਹੱਥ ਬੰਨ੍ਹੇ ਹੋਏ ਹਨ ਕਿਉਂਕਿ ਸਬਸਿਡੀਆਂ ਜਾਂ ਹੋਰ ਰਿਆਇਤਾਂ ਰਾਹੀਂ ਅਦਾਇਗੀਆਂ ਦੀ ਇਸ ਦੀ ਸਮਰੱਥਾ ਸੀਮਤ ਹੈ। ਇਸ ਤੋਂ ਇਲਾਵਾ ਸਰਕਾਰ ਮਾਮਲੇ ਦੀ ਜੜ੍ਹ ਵੀ ਨਹੀਂ ਫੜਦੀ।

ਪੰਜਾਬ ਨੂੰ ਅਸਲ ’ਚ ‘ਫ਼ਸਲੀ ਰੋਕ’ (ਕਰੌਪ ਹੌਲੀਡੇਅ) ਦੀ ਲੋੜ ਹੈ ਜਿੱਥੇ ਕੁਝ ਸਾਲਾਂ ਲਈ ਕਣਕ ਚੌਲਾਂ ਦਾ ਉਤਪਾਦਨ ਬੰਦ ਕਰ ਦਿੱਤਾ ਜਾਵੇ ਤੇ ਕਿਸਾਨਾਂ ਨੂੰ ਇਸ ਦਾ ਮੁਆਵਜ਼ਾ ਮਿਲੇ। ਸਰਕਾਰ ਅਜਿਹਾ ਨਹੀਂ ਕਰਨਾ ਚਾਹੇਗੀ ਕਿਉਂਕਿ ਇਸ ਨਾਲ ਅਨਾਜ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋ ਜਾਵੇਗਾ। ਛੱਤੀਸਗੜ੍ਹ ਅਤੇ ਝਾਰਖੰਡ ਹੁਣ ਭਾਵੇਂ ਚੌਲ ਉਤਪਾਦਨ ਦੇ ਨਵੇਂ ਵੱਡੇ ਕੇਂਦਰ ਬਣ ਚੁੱਕੇ ਹਨ, ਫਿਰ ਵੀ ਸਰਕਾਰ ਪੰਜਾਬ ਤੇ ਹਰਿਆਣਾ ਵਿੱਚ ਅਨਾਜ ਉਤਪਾਦਨ ਬੰਦ ਕਰਨ ਦਾ ਜੋਖ਼ਮ ਨਹੀਂ ਲੈਣਾ ਚਾਹੇਗੀ। ਸਰਕਾਰ ਵੱਲੋਂ ਦਾਲਾਂ, ਮੱਕੀ ਤੇ ਕਪਾਹ ਉਤੇ ਪੰਜ ਸਾਲਾਂ ਲਈ ਐੱਮਐੱਸਪੀ ਦੇਣ ਦੀ ਪੇਸ਼ਕਸ਼ ਵਿੱਚੋਂ ਫ਼ਸਲੀ ਵੰਨ-ਸਵੰਨਤਾ ਦੁਆਲੇ ਬਣੀ ਅਨਿਸ਼ਚਿਤਤਾ ਉੱਭਰ ਕੇ ਸਾਹਮਣੇ ਆਈ ਹੈ। ਮੱਕੀ ਤੇ ਦਾਲਾਂ ਦੀ ਘਰੇਲੂ ਖਪਤ ਕਣਕ ਅਤੇ ਚੌਲਾਂ ਜਿੰਨੀ ਨਹੀਂ ਹੈ। ਕਪਾਹ ਵਪਾਰਕ ਫ਼ਸਲ ਹੈ ਪਰ ਜਦ ਇਸ ਨੂੰ ਕੀਮਤਾਂ ਦੇ ਪੱਖ ਤੋਂ ਉਤਰਾਅ-ਚੜ੍ਹਾਅ ਵਿਚੋਂ ਲੰਘਣਾ ਪਵੇਗਾ ਤਾਂ ਕਿਸਾਨ ਲਈ ਇਸ ਦੇ ਝਟਕੇ ਸਹਿਣੇ ਔਖੇ ਹੋ ਜਾਣਗੇ। ਖੇਤੀਬਾੜੀ ਵਿੱਚ ਲੋੜੀਂਦੀਆਂ ਤਬਦੀਲੀਆਂ ਲਈ ਸਰਕਾਰ ਕੋਲ ਕੋਈ ਨਜ਼ਰੀਆ ਨਹੀਂ ਹੈ। ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਦਾ ਕਾਰਨ ਖੇਤੀ ਖੇਤਰ ਦੀਆਂ ਪੁਰਾਣੀਆਂ ਸਮੱਸਿਆਵਾਂ ਹਨ। ਐੱਮਐੱਸਪੀ ’ਚ ਵਾਧਾ ਅਤੇ ਫ਼ਸਲੀ ਵੰਨ-ਸਵੰਨਤਾ ਪੱਕੇ ਹੱਲ ਨਹੀਂ।

ਮੌਜੂਦਾ ਸਰਕਾਰ ਸਣੇ ਆਮ ਤੌਰ ’ਤੇ ਸਾਰੀਆਂ ਸਰਕਾਰਾਂ ਮਸ਼ੀਨੀ ਢੰਗ ਨਾਲ ਸੋਚਦੀਆਂ ਹਨ। ਇਨ੍ਹਾਂ ਵਿੱਚੋਂ ਇਕ ਸੋਚ ਆਪਣੀ ਆਬਾਦੀ ਨੂੰ ਖੇਤੀਬਾੜੀ ਤੋਂ ਦੂਰ ਕਰਨ ਦੀ ਵੀ ਹੈ। ਸ਼ਹਿਰ ਵਿੱਚ ਜਾ ਕੇ ਝੁੱਗੀਆਂ ਵਿੱਚ ਰਹਿੰਦੇ ਗਰੀਬ ਲੋਕ ਖ਼ਤਰਨਾਕ ਢੰਗ ਨਾਲ ਜਿ ?ਦਗੀ ਜਿਊਂਦੇ ਹਨ। ਕੋਵਿਡ-19 ਨੇ ਉਦੋਂ ਇਹ ਤੱਥ ਉਜਾਗਰ ਕੀਤਾ ਜਦ 2020 ਦੀਆਂ ਗਰਮੀਆਂ ’ਚ ਗਰੀਬ ਵਰਗ ਨੂੰ ਵੱਡੇ ਸ਼ਹਿਰਾਂ ਤੋਂ ਪਿੰਡਾਂ ਦਾ ਰੁਖ਼ ਕਰਨਾ ਪਿਆ ਤੇ ਮਹਾਮਾਰੀ ਦਾ ਅਸਰ ਘਟਣ ਤੋਂ ਬਾਅਦ ਵੀ ਉਹ ਪਿੰਡਾਂ ’ਚ ਹੀ ਰਹੇ। ਪਿੰਡ ’ਚ ਉਨ੍ਹਾਂ ਨੂੰ ਸੁਰੱਖਿਆ ਤੇ ਗੁਜ਼ਾਰੇ ਦੇ ਹੋਰ ਸਾਧਨ ਮਿਲੇ ਅਤੇ ਉਨ੍ਹਾਂ ਆਪਣੇ ਤੇ ਨੇੜਲੇ ਪਿੰਡਾਂ ਤੇ ਕਈ ਲਾਗਲੇ ਕਸਬਿਆਂ ’ਚ ਕੰਮ ਕੀਤਾ। ਮਹਿੰਗਾਈ ਨੇ ਉਨ੍ਹਾਂ ਦਾ ਗੁਜ਼ਾਰਾ ਹਾਲਾਂਕਿ ਕਾਫੀ ਔਖਾ ਕਰ ਦਿੱਤਾ।

ਸਮਾਜ ਵਿਗਿਆਨੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਪਿੰਡਾਂ ’ਚ ਰਹਿੰਦੇ ਸਾਰੇ ਲੋਕ ਹੀ ਖੇਤੀਬਾੜੀ ਅਤੇ ਇਸ ਦੀ ਘੱਟ ਆਮਦਨੀ ’ਤੇ ਨਿਰਭਰ ਨਹੀਂ ਹਨ। ਦੂਰ-ਦਰਾਜ਼ ਦੇ ਅਜੇ ਵੀ ਕਈ ਅਜਿਹੇ ਸਮਾਜਿਕ ਤੇ ਆਰਥਿਕ ਢਾਂਚੇ ਹਨ ਜਿਨ੍ਹਾਂ ਨੂੰ ਛੂਹਿਆ ਨਹੀਂ ਗਿਆ ਹੈ। ਦੇਖਿਆ ਜਾਵੇ ਤਾਂ ਪੰਜਾਬ ਵਿੱਚ ਸਮਾਜਿਕ ਲੋੜਾਂ ’ਤੇ ਆਧਾਰਿਤ ਰੁਜ਼ਗਾਰ ਪੈਦਾ ਕਰਨ ਦਾ ਤਜਰਬਾ ਕੀਤਾ ਜਾ ਸਕਦਾ ਹੈ, ਆਧੁਨਿਕ ਸ਼ਬਦਾਂ ’ਚ ਇਸ ਨੂੰ ਸੇਵਾਵਾਂ ਦੇ ਅਰਥਚਾਰੇ ਦੇ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ। ਪਿੰਡਾਂ ’ਚ ਅਜਿਹਾ ‘ਸਰਵਿਸ ਸੈਕਟਰ’ ਪਹਿਲਾਂ ਤੋਂ ਮੌਜੂਦ ਹੈ ਜਿਸ ਨੂੰ ਵਰਤੋਂ ’ਚ ਲਿਆਉਣ ਦੀ ਲੋੜ ਹੈ।

ਦਿਹਾਤੀ ਜੀਵਨ ਦਾ ਗਾਂਧੀਵਾਦੀ ਢੰਗ ਨਾਲ ਪੁਨਰਗਠਨ ਖੇਤੀਬਾੜੀ ਸੰਕਟ ਨਾਲ ਨਜਿੱਠਣ ਦਾ ਇਕ ਰਸਤਾ ਹੋ ਸਕਦਾ ਹੈ। ਕਿਸਾਨਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਕਿ ਜੇ ਉਹ ਰਿਕਾਰਡ ਪੈਦਾਵਾਰ ਨਾ ਕਰ ਸਕੇ ਤਾਂ ਆਰਥਿਕ ਰੂਪ ਤੋਂ ਟੁੱਟ ਜਾਣਗੇ। ਲੋਕਾਂ ਨੂੰ ਉਨ੍ਹਾਂ ਦੇ ਖੇਤਾਂ ਤੋਂ ਦੂਰ ਕੀਤੇ ਬਿਨਾਂ ਵੀ ਦਿਹਾਤੀ ਅਰਥਚਾਰੇ ਨੂੰ ਨਵਾਂ ਰੂਪ ਦਿੱਤਾ ਜਾ ਸਕਦਾ ਹੈ। ਅਜ ਅਮੀਰ ਲੋਕਾਂ ਲਈ ਫਾਰਮਹਾਊਸ ਖਰੀਦਣਾ ਤੇ ਦਿਹਾਤੀ ਜੀਵਨ ਨੂੰ ਠਾਠ ਨਾਲ ਜੋੜਨਾ ਫੈਸ਼ਨ ਬਣ ਗਿਆ ਹੈ। ਇਸ ਮਾਡਲ ਨੂੰ ਕਈਆਂ ਦੀ ਬਿਹਤਰੀ ਲਈ ਵਰਤਿਆ ਜਾ ਸਕਦਾ ਹੈ। ਪਿੰਡਾਂ ਵਿੱਚ ਰਹਿ ਰਹੇ ਲੋਕ ਭੁੱਲੀਆਂ-ਵਿਸਰੀਆਂ ਚੀਜ਼ਾਂ ਨੂੰ ਮੁੜ ਸਰਗਰਮ ਕਰ ਕੇ ਆਪਣੀ ਜਿ ?ਦਗੀਆਂ ਨੂੰ ਅਰਥਪੂਰਨ ਬਣਾ ਸਕਦੇ ਹਨ। ਦਿਹਾਤੀ ਢਾਂਚੇ ’ਚ ਲਘੂ ਉਦਯੋਗਾਂ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ, ਛੋਟੀ ਸਨਅਤ ਵੀ ਇਸੇ ਦਾ ਹਿੱਸਾ ਹੈ। ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚਾਲੇ ਸੰਪਰਕ ਸਥਾਪਿਤ ਹੋਣ ਕਾਰਨ ਹੁਣ ਕਿਤੇ ਵੀ ਉਤਪਾਦਨ ਯੂਨਿਟ ਲਾਉਣਾ ਸੌਖਾ ਹੋਣਾ ਚਾਹੀਦਾ ਹੈ। ਇਹ ਸਿਆਸੀ ਨੇਤਾਵਾਂ, ਨੌਕਰਸ਼ਾਹਾਂ ਤੇ ਅਰਥ ਸ਼ਾਸਤਰੀਆਂ ਵੱਲੋਂ ਨਹੀਂ ਕੀਤਾ ਜਾ ਸਕਦਾ। ਇਹ ਲੋਕਾਂ ਨੇ ਸ਼ਹਿਰਾਂ ਤੋਂ ਨਿਕਲ ਪਿੰਡਾਂ ’ਚ ਆ ਕੇ ਖ਼ੁਦ ਕਰਨਾ ਹੈ। ਉਹ ਸਰਵਿਸ ਸੈਕਟਰ ਦੇ ਉਭਾਰ ਦਾ ਲਾਹਾ ਲੈ ਸਕਦੇ ਹਨ। ਪਿੰਡਾਂ ਦੇ ਸਾਫ਼-ਸੁਥਰੇ ਵਾਤਾਵਰਨ ਨੂੰ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਵਰਤਿਆ ਜਾ ਸਕਦਾ ਹੈ। ਕਿਸਾਨਾਂ ਨੂੰ ਘਟ ਰਹੀ ਪੈਦਾਵਾਰ ਅਤੇ ਨਿੱਘਰਦੀ ਖੇਤੀਬਾੜੀ ਦੀ ਸਤਾਉਂਦੀ ਚਿੰਤਾ ਹੁਣ ਮੁੱਕ ਜਾਣੀ ਚਾਹੀਦੀ ਹੈ।

## ਭਾਵਨਾਵਾਂ ਉੱਤੇ ਕਾਬੂ ਪਾਉਣ ਸਬੰਧੀ ਭਾਸ਼ਨ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਦਫ਼ਤਰ ਵੱਲੋਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਤੰਦਰੁਸਤੀ ਲਈ ਸ਼ੁਰੂ ਕੀਤੀ ਗਈ ਜਾਗਰੂਕਤਾ ਲੜੀ ਵਿੱਚ ਪ੍ਰੋ. ਵੰਦਨਾ ਸ਼ਰਮਾ ਦਾ ਭਾਸ਼ਨ ਕਰਵਾਇਆ ਗਿਆ। ਉਨ੍ਹਾਂ ਭਾਵਨਾਵਾਂ ਉੱਤੇ ਨਿਯੰਤਰਣ ਪਾਉਣ ਸਬੰਧੀ ਮਨੋਵਿਗਿਆਨਕ ਤਕਨੀਕਾਂ ਦੇ ਹਵਾਲੇ ਨਾਲ ਗੱਲ ਕੀਤੀ। ਪ੍ਰਧਾਨਗੀ ਕਰਦਿਆਂ ਉਪ ਕੁਲਪਤੀ ਪ੍ਰੋ. ਅਰਵਿੰਦ ਨੇ ਕਿਹਾ ਕਿ ਕਿਰਤ ਤੇ ਮਿਹਨਤ ਕਰਨ ਨਾਲ਼ ਸਿਰਫ਼ ਸਰੀਰਿਕ ਸਿਹਤ ਹੀ ਤੰਦਰੁਸਤ ਨਹੀਂ ਰਹਿੰਦੀ ਬਲਕਿ ਮਾਨਸਿਕ ਸਿਹਤ ਵੀ ਦਰੁਸਤ ਰਹਿੰਦੀ ਹੈ। ਪ੍ਰੋ. ਵੰਦਨਾ ਸ਼ਰਮਾ ਨੇ ਮਨੋਵਿਗਿਆਨਕ ਵਿਧੀਆਂ ਅਤੇ ਜੁਗਤਾਂ ਦੱਸੀਆਂ ਜਿਨ੍ਹਾਂ ਰਾਹੀਂ ਵੱਖ-ਵੱਖ ਤਰ੍ਹਾਂ ਦੀਆਂ ਭਾਵਨਾਵਾਂ ਉੱਤੇ ਨਿਯੰਤਰਣ ਪਾਇਆ ਜਾ ਸਕਦਾ ਹੈ। ਡੀਨ ਵਿਦਿਆਰਥੀ ਭਲਾਈ ਪ੍ਰੋ. ਹਰਵਿੰਦਰ ਕੌਰ ਨੇ ਦੱਸਿਆ ਕਿ ਕਿਸ ਤਰ੍ਹਾਂ ਭਾਵਨਾਵਾਂ ਉੱਤੇ ਨਿਯੰਤਰਨ ਪਾ ਕੇ ਰੱਖਣਾ ਸਾਡੀ ਮਾਨਸਿਕ ਸਿਹਤ ਦੀ ਬਿਹਤਰੀ ਲਈ ਕਾਰਗਰ ਸਾਬਿਤ ਹੁੰਦਾ ਹੈ।

## ਪ੍ਰਸ਼ਾਸਨ ਨਿਊ ਏਅਰਪੋਰਟ ਰੋਡ ਲਈ ਜ਼ਮੀਨ ਐਕੁਆਇਰ ਕਰਨ ਸਬੰਧੀ ਨਵਾਂ ਰਾਹ ਲੱਭਣ ਲੱਗਿਆ



**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਟੀ ਪ੍ਰਸ਼ਾਸਨ ਵੱਲੋਂ ਚੰਡੀਗੜ੍ਹ ਤੋਂ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਹਵਾਈ ਅੱਡੇ ਤੱਕ ਦੀ ਦੂਰੀ ਘਟਾਉਣ ਲਈ ਨਵਾਂ ਰਾਹ ਤਿਆਰ ਕਰਨ ਵਾਸਤੇ ਜ਼ਮੀਨ ਐਕੁਆਇਰ ਕਰਨ ਸਬੰਧੀ ਲੋਕਾਂ ਵੱਲੋਂ ਇਤਰਾਜ਼ ਦਰਜ ਕਰਵਾਉਣ ਤੋਂ ਬਾਅਦ ਨਵਾਂ ਰਾਹ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਹੁਣ ਜ਼ਮੀਨ ਗ੍ਰਹਿਣ, ਮੁੜ ਵਸੇਬਾ ਅਤੇ ਪੁਨਰਵਾਸ ਐਕਟ2013 ਤਹਿਤ ਲੋਕਾਂ ਨੂੰ ਮੁਆਵਜ਼ਾ ਦੇਣ ਬਾਰੇ ਵਿਚਾਰ ਕਰ ਰਿਹਾ ਹੈ। ਇਸ ਤਹਿਤ ਲੋਕਾਂ ਨੂੰ ਕੁਲੈਕਟਰ ਰੇਟ ਦੇ ਆਧਾਰ ’ਤੇ ਜ਼ਮੀਨ ਦਾ ਮੁਆਵਜ਼ਾ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦਿੱਤੀ ਜਾਂਦੀ ਹੈ।

ਇਸ ਤੋਂ ਪਹਿਲਾਂ ਯੂਟੀ ਪ੍ਰਸ਼ਾਸਨ ਵੱਲੋਂ ਸਾਲ 2018 ਦੀ ਨੀਤੀ ਤਹਿਤ ਲੋਕਾਂ ਦੀਆਂ ਜ਼ਮੀਨਾਂ ਐਕੁਆਇਰ ਕਰਨ ਲਈ ਰਣਨੀਤੀ ਤਿਆਰ ਕੀਤੀ ਸੀ, ਪਰ ਉਸ ਦਾ 80 ਜ਼ਮੀਨ ਮਾਲਕਾਂ ਵੱਲੋਂ ਵਿਰੋਧ ਕੀਤਾ ਗਿਆ ਸੀ। ਜ਼ਮੀਨ ਮਾਲਕਾਂ ਦਾ ਕਹਿਣਾ ਸੀ ਕਿ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਦੀ ਤਰਜ਼ ’ਤੇ ਲੈਂਡ ਪੂਲਿੰਗ ਨੀਤੀ ਲਿਆਂਦੀ ਜਾਵੇ, ਉਸ ਆਧਾਰ ’ਤੇ ਹੀ ਜ਼ਮੀਨਾਂ ਐਕੁਆਇਰ ਕੀਤੀਆਂ ਜਾਣ। ਜ਼ਿਕਰਯੋਗ ਹੈ ਕਿ ਲੈਂਡ ਪੂਲਿੰਗ ਨੀਤੀ ਅਧੀਨ ਜ਼ਮੀਨ ਮਾਲਕਾਂ ਨੂੰ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਦੇ ਬਦਲੇ ਰਿਹਾਇਸ਼ੀ ਜਾਂ ਵਪਾਰਕ ਜਾਇਦਾਦ ਮੁਹੱਈਆ ਕਰਵਾਈ ਜਾਂਦੀ ਹੈ ਜਦੋਂਕਿ ਪ੍ਰਸ਼ਾਸਨ ਜ਼ਮੀਨ ਬਦਲੇ ਨਗਦੀ ਦੇਣ ’ਤੇ ਲਗਾਤਾਰ ਜ਼ੋਰ ਦੇ ਰਿਹਾ ਹੈ।

ਗ਼ੌਰਤਲਬ ਹੈ ਕਿ ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਨਵੰਬਰ 2023 ਵਿੱਚ ਸਾਲ 2018 ਦੀ ਨੈਗੋਸ਼ੀਏਸ਼ਨ ਨੀਤੀ ਤਹਿਤ ਨਵੀਂ ਸੜਕ ਲਈ ਜ਼ਮੀਨ ਐਕੁਆਇਰ ਦੀ ਪ੍ਰਵਾਨਗੀ ਦਿੱਤੀ ਸੀ। ਪ੍ਰਸ਼ਾਸਨ ਨੇ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਲਈ 2.54 ਕਰੋੜ ਰੁਪਏ ਤੋਂ 3.34 ਕਰੋੜ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਪੇਸ਼ਕਸ਼ ਕੀਤੀ ਸੀ। ਜ਼ਮੀਨ ਮਾਲਕਾਂ ਨੇ ਪ੍ਰਸ਼ਾਸਨ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ।

ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਚੰਡੀਗੜ੍ਹ ਵਿੱਚ ਲੈਂਡ ਪੂਲਿੰਗ ਨੀਤੀ ਲਿਆਵੇ ਤੇ ਉਸ ਆਧਾਰ ’ਤੇ ਜ਼ਮੀਨਾਂ ਐਕੁਆਇਰ ਕਰੇ। ਜੇ ਪ੍ਰਸ਼ਾਸਨ ਲੋਕਾਂ ਨਾਲ ਧੱਕੇਸ਼ਾਹੀ ਕਰਦਾ ਹੈ ਤਾਂ ਉਨ੍ਹਾਂ ਵੱਲੋਂ ਪ੍ਰਸ਼ਾਸਨ ਵਿਰੁੱਧ ਸੰਘਰਸ਼ ਕੀਤਾ ਜਾਵੇਗਾ।

## ਮੁਹਾਲੀ ’ਚ ਸਾਢੇ ਤਿੰਨ ਕਰੋੜ ਨਾਲ ਬਣਨਗੀਆਂ 12 ਲਾਇਬ੍ਰੇਰੀਆਂ: ਕੁਲਵੰਤ ਸਿੰਘ

**ਮੁਹਾਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ‘ਆਪ’ ਸਰਕਾਰ ਨੇ ਵਿਕਾਸ ਦੀ ਗੱਡੀ ਲੀਹ ’ਤੇ ਤੋਰਨ ਤੋਂ ਬਾਅਦ ਹੁਣ ਲੋਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਇਸ ਸਬੰਧੀ ਵਿਧਾਇਕ ਨੇ ‘ਹਰੇਕ ਪੰਜਾਬੀ ਦੇ ਹੱਥ ਕਿਤਾਬ ਫੜਾਓ’ ਮੁਹਿੰਮ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਇੱਥੋਂ ਦੇ ਸੈਕਟਰ-80 (ਮੌਲੀ ਬੈਦਵਾਨ) ਪਿੰਡ ਭਾਗੋਮਾਜਰਾ ਅਤੇ ਮੌਜਪੁਰ ਵਿੱਚ ਲਾਇਬ੍ਰੇਰੀਆਂ ਦੀ ਉਸਾਰੀ ਦਾ ਸ਼ੁਰੂ ਕਰਵਾਈ। ਉਨ੍ਹਾਂ ਇਸ ਮੌਕੇ 10-10 ਲੱਖ ਰੁਪਏ ਦੀ ਗ੍ਰਾਂਟ ਦੇ ਚੈੱਕ ਵੀ ਦਿੱਤੇ।

ਉਨ੍ਹਾਂ ਦੱਸਿਆ ਕਿ 3 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਮੁਹਾਲੀ ਦੇ ਦਰਜਨ ਪਿੰਡਾਂ ਅਤੇ ਸ਼ਹਿਰੀ ਖੇਤਰ ਵਿੱਚ ਪੰਜਾਬੀ ਸਾਹਿਤ ਨਾਲ ਭਰਪੂਰ ਲਾਇਬ੍ਰੇਰੀਆਂ ਬਣਾਈਆਂ ਜਾਣਗੀਆਂ।



ਮੌਲੀ ਬੈਦਵਾਨ ਵਿੱਚ ਉਸਾਰੀ ਸ਼ੁਰੂ ਕਰਵਾਉਂਦੇ ਹੋਏ ਵਿਧਾਇਕ ਕੁਲਵੰਤ ਸਿੰਘ।

ਕੁਲਵੰਤ ਸਿੰਘ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪੰਜਾਬੀ ਸਾਹਿਤ ਨਾਲ ਜੋੜਨ ਲਈ ਸ਼ਹਿਰ ਦੀਆਂ ਵੱਡੀਆਂ ਪਾਰਕਾਂ ਅਤੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਬਣਾਈਆਂ ਜਾਣਗੀਆਂ। ਇਕੱਠੇ ਬੈਠਣ ਨਾਲ ਨਾ ਸਿਰਫ਼ ਕਿਤਾਬੀ ਗਿਆਨ ਵਿੱਚ ਵਾਧਾ ਹੋਵੇਗਾ, ਸਗੋਂ ਆਪਸੀ ਭਾਈਚਾਰਕ ਸਾਂਝ ਵੀ ਮਜ਼ਬੂਤ ਹੋਵੇਗੀ।

ਵਿਧਾਇਕ ਕੁਲਵੰਤ ਸਿੰਘ ਨੇ ਹਾਜ਼ਰ ਲੋਕਾਂ ਨੂੰ ਭਰੋਸਾ ਦਿੱਤਾ ਕਿ ਚੋਣਾਂ ਵਿੱਚ ਕੀਤੇ ਸਾਰੇ ਵਾਅਦੇ ਪੜਾਅਵਾਰ ਪੂਰੇ ਕੀਤੇ ਜਾ ਰਹੇ ਹਨ।

ਇਸ ਮੌਕੇ ਆਪ ਆਗੂ ਅਵਤਾਰ ਸਿੰਘ ਮੌਲੀ, ਹਰਮੇਸ਼ ਸਿੰਘ ਕੁੰਭੜਾ, ਨੰਬਰਦਾਰ ਹਰਸੰਗਤ ਸਿੰਘ, ਸਤਵਿੰਦਰ ਸਿੰਘ ਮਿੱਠੂ, ਹਰਜੋਤ ਸਿੰਘ ਗੱਬਰ, ਭੁਪਿੰਦਰ ਸਿੰਘ ਸਰਪੰਚ, ਸਤਵਿੰਦਰ ਬਿੱਟੂ, ਹਰਦੀਪ ਸਿੰਘ, ਚੇਤਨ ਸਿੰਘ, ਜਥੇਦਾਰ ਬਲਬੀਰ ਸਿੰਘ, ਪਰਮਜੀਤ ਸਿੰਘ, ਬੰਤ ਸਿੰਘ, ਗੁਰਜੰਟ ਸਿੰਘ, ਰਣਜੀਤ ਸਿੰਘ, ਸੁਰਿੰਦਰ ਕੌਰ, ਅਵਤਾਰ ਸਿੰਘ ਬੈਰੋਪੁਰ ਬਾਘਾ ਸਿੰਘ ਮੌਜੂਦ ਸਨ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਪੰਜਾਬ ਦੇ 69 ਸਕੂਲਾਂ ਨੂੰ 5.17 ਕਰੋੜ ਦੀ ‘ਬੈਸਟ ਸਕੂਲ ਐਵਾਰਡ’ ਰਾਸ਼ੀ ਵੰਡੀ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਪੰਜਾਬ ਦੇ 69 ਸਕੂਲਾਂ ਨੂੰ 5.17 ਕਰੋੜ ਦੀ ‘ਬੈਸਟ ਸਕੂਲ ਐਵਾਰਡ’ ਰਾਸ਼ੀ ਦੀ ਵੰਡ ਕੀਤੀ ਗਈ।



ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕਰਕੇ ਦੇਸ਼ ਦਾ ਮੋਹਰੀ ਸੂਬਾ ਬਣ ਰਿਹਾ ਹੈ। ਸੂਬੇ ਦੇ ਸਕੂਲਾਂ ਦੀਆਂ ਇਮਾਰਤਾਂ ਖੂਬਸੂਰਤ ਬਣਾਉਣ ਦੇ ਨਾਲ-ਨਾਲ ਸਿੱਖਿਆ ਦੀ ਕੁਆਲਟੀ ਸੁਧਾਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਮਾਗਮ ਦੌਰਾਨ ਸੂਬੇ ਦੇ ਹਰ ਜ਼ਿਲੇ ਦੇ ਇੱਕ-ਇੱਕ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲ ਦੀ ਚੋਣ ਕਰਕੇ ਹਰੇਕ ਸਕੂਲ ਨੂੰ ਕ੍ਰਮਵਾਰ 10 ਲੱਖ, 7.5 ਲੱਖ ਅਤੇ 5 ਲੱਖ ਰੁਪਏ ਬਤੌਰ ਇਨਾਮੀ ਰਾਸ਼ੀ ਦਿੱਤੀ ਗਈ।

ਸੂਬੇ ਦੇ ਸਰਕਾਰੀ ਸਕੂਲਾਂ ਵਿਚ ਵਿੱਦਿਅਕ ਅਤੇ ਸਹਿ-ਵਿੱਦਿਅਕ ਪੈਰਾਮੀਟਰਾਂ ਦੇ ਆਧਾਰ ’ਤੇ ਹਰੇਕ ਜ਼ਿਲ੍ਹੇ ਵਿਚੋਂ ਸਰਵੋਤਮ ਸਕੂਲ ਦੀ ਚੋਣ ਕੀਤੀ ਗਈ ਹੈ।

ਇਸ ਮੌਕੇ ਬੋਲਦਿਆਂ ਸਕੂਲ ਸਿੱਖਿਆ ਮੰਤਰੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਬਿਹਤਰੀਨ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਸੀਨੀਅਰ ਸੈਕੰਡਰੀ ਸਕੂਲਾਂ ਦੀ ਸ਼੍ਰੇਣੀ ਵਿਚ ਜਿਨ੍ਹਾਂ ਸਕੂਲ ਨੂੰ ਸਨਮਾਨਿਤ ਕੀਤਾ ਗਿਆ ਉਨ੍ਹਾਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਹਣਾ ਸਿੰਘ ਰੋਡ,ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਜ਼ਿਲ੍ਹਾ ਬਰਨਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਵਾਨਗੜ੍ਹ, ਜ਼ਿਲ੍ਹਾ ਬਠਿੰਡਾ, ਡਾ. ਚੰਦਾ ਸਿੰਘ ਮਰਵਾਹਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਗੋਬਿੰਦਗੜ੍ਹ,ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਉਸਮਾਨ ਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ,ਜ਼ਿਲ੍ਹਾ ਗੁਰਦਾਸਪੁਰ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਲਾਹੜ,ਤਲਵਾੜਾ,ਜ਼ਿਲ੍ਹਾ ਹੁਸ਼ਿਆਰਪੁਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲਾਡੋਵਾਲੀ ਰੋਡ, ਜ਼ਿਲ੍ਹਾ ਜਲੰਧਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ,ਜ਼ਿਲ੍ਹਾ ਕਪੂਰਥਲਾ,ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਿਆਲਾ ਕਲਾਂ, ਜ਼ਿਲ੍ਹਾ ਮਾਨਸਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਜ਼ਿਲ੍ਹਾ ਮੋਗਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਸੋਈ, ਜ਼ਿਲ੍ਹਾ ਮਲੇਰਕੋਟਲਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਬੁਲ ਖੁਰਾਣਾ, ਲੰਬੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਜ਼ਿਲ੍ਹਾ ਪਠਾਨਕੋਟ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਹਾਦਰਗੜ੍ਹ ਜ਼ਿਲ੍ਹਾ ਪਟਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬਸੀ, ਤਖਤਗੜ੍ਹ ਜ਼ਿਲ੍ਹਾ ਰੂਪਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਦਾਮਪੁਰ ਜ਼ਿਲ੍ਹਾ ਸੰਗਰੂਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਨੌਲੀ, ਜ਼ਿਲ੍ਹਾ ਐਸ.ਏ.ਐਸ. ਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਾਡਲਾ ਜ਼ਿਲ੍ਹਾ ਐਸ.ਬੀ.ਐਸ.ਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਇੰਦਵਾਲ ਸਾਹਿਬ,ਜ਼ਿਲ੍ਹਾ ਤਰਨ ਤਾਰਨ ਸ਼ਾਮਲ ਹਨ।

ਇਸੇ ਤਰ੍ਹਾਂ ਹਾਈ ਸਕੂਲਾਂ ਦੀ ਸ਼੍ਰੇਣੀ ਵਿਚ ਜਿਨ੍ਹਾਂ ਸਕੂਲਾਂ ਨੂੰ ਸਨਮਾਨਿਤ ਕੀਤਾ ਗਿਆ ਉਨ੍ਹਾਂ ਵਿੱਚ ਸਰਕਾਰੀ ਹਾਈ ਸਕੂਲ ਗੁਰੂ ਵਾਲੀ, ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਹਾਈ ਸਕੂਲ ਕੈਰੇ ਜ਼ਿਲ੍ਹਾ ਬਰਨਾਲਾ, ਸਰਕਾਰੀ (ਕੰ) ਹਾਈ ਸਕੂਲ ਭੁੱਚੋ ਮੰਡੀ ਜ਼ਿਲ੍ਹਾ ਬਠਿੰਡਾ, ਸਰਕਾਰੀ ਹਾਈ ਸਕੂਲ ਬੀੜ ਸਿੱਖਾਂ ਵਾਲੀ ਜ਼ਿਲ੍ਹਾ ਫ਼ਰੀਦਕੋਟ, ਸਰਕਾਰੀ ਹਾਈ ਸਕੂਲ ਬਡਾਲੀ ਮਾਈ ਕਈ, ਜ਼ਿਲ੍ਹਾ ਸ਼੍ਰੀ ਫਤਹਿਗੜ੍ਹ ਸਾਹਿਬ, ਸਰਕਾਰੀ ਹਾਈ ਸਕੂਲ ਸ਼ੇਰਗੜ੍ਹ ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਹਾਈ ਸਕੂਲ ਸਤੀਏ ਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ, ਸ਼ਹੀਦ ਮੇਜਰ ਵਜਿੰਦਰ ਸਿੰਘ ਸਹੀ ਸਰਕਾਰੀ ਹਾਈ ਸਕੂਲ ਗਿੱਲਾਂਵਾਲੀ (ਕਿਲ੍ਹਾ ਦਰਸ਼ਨ ਸਿੰਘ) ਜ਼ਿਲ੍ਹਾ ਗੁਰਦਾਸਪੁਰ, ਸਰਕਾਰੀ ਹਾਈ ਸਕੂਲ ਅਮਰੋਹ, ਜ਼ਿਲ੍ਹਾ ਹੁਸ਼ਿਆਰਪੁਰ, ਸਰਕਾਰੀ ਹਾਈ ਸਕੂਲ ਨੁੱਸੀ ਜ਼ਿਲ੍ਹਾ ਜਲੰਧਰ, ਸਰਕਾਰੀ ਹਾਈ ਸਕੂਲ ਤਲਵੰਡੀ ਪਾਈਂ, ਜ਼ਿਲ੍ਹਾ ਕਪੂਰਥਲਾ, ਸਰਕਾਰੀ ਹਾਈ ਸਕੂਲ ਬੁੱਲ੍ਹੇਪੁਰ ਜ਼ਿਲ੍ਹਾ ਲੁਧਿਆਣਾ, ਸਰਕਾਰੀ ਹਾਈ ਸਕੂਲ ਦੋਦੜਾ ਜ਼ਿਲ੍ਹਾ ਮਾਨਸਾ, ਸਰਕਾਰੀ ਹਾਈ ਸਕੂਲ ਦੌਲਤਪੁਰ ਉੱਚਾ, ਜ਼ਿਲ੍ਹਾ ਮੋਗਾ, ਸਰਕਾਰੀ ਹਾਈ ਸਕੂਲ ਨੰਗਲ ਜ਼ਿਲ੍ਹਾ ਮਾਲੇਰਕੋਟਲਾ, ਸਰਕਾਰੀ ਹਾਈ ਸਕੂਲ ਲੰਡੇ ਰੋਡੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਸਰਕਾਰੀ ਹਾਈ ਸਕੂਲ ਫਤਿਹਪੁਰ ਪਠਾਨਕੋਟ, ਸਰਕਾਰੀ ਹਾਈ ਸਕੂਲ ਢਕਾਨਸੂ ਕਲਾਂ ਜ਼ਿਲ੍ਹਾ ਪਟਿਆਲਾ, ਸਰਕਾਰੀ ਹਾਈ ਸਕੂਲ ਸਸਕੌਰ ਜ਼ਿਲ੍ਹਾ ਰੂਪਨਗਰ, ਸਰਕਾਰੀ ਹਾਈ ਸਕੂਲ ਰਾਜੋਮਾਜਰਾ ਜ਼ਿਲ੍ਹਾ ਸੰਗਰੂਰ, ਸ਼ਹੀਦ ਸੂਬੇਦਾਰ ਬਲਬੀਰ ਸਿੰਘ ਸਰਕਾਰੀ ਹਾਈ ਸਕੂਲ ਦੱਪਰ ਜ਼ਿਲ੍ਹਾ ਐੱਸ.ਏ.ਐੱਸ. ਨਗਰ, ਸਰਕਾਰੀ ਹਾਈ ਸਕੂਲ ਚਾਂਦਪੁਰ ਰੁੜਕੀ ਜ਼ਿਲ੍ਹਾ ਐੱਸ.ਬੀ.ਐੱਸ. ਨਗਰ, ਸਰਕਾਰੀ ਹਾਈ ਸਕੂਲ ਅਲਗੋਂ ਕੋਠੀ ਜ਼ਿਲ੍ਹਾ ਤਰਨ ਤਾਰਨ ਸ਼ਾਮਲ ਹਨ।

ਇਸੇ ਤਰ੍ਹਾਂ ਮਿਡਲ ਸਕੂਲ ਦੀ ਸ਼੍ਰੇਣੀ ਵਿਚ ਸਰਕਾਰੀ ਮਿਡਲ ਸਕੂਲ ਕੋਟ ਮਾਹਣਾ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਮਿਡਲ ਸਕੂਲ ਧਨੌਲਾ ਖੁਰਦ ਜ਼ਿਲ੍ਹਾ ਬਰਨਾਲਾ, ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ ਜ਼ਿਲ੍ਹਾ ਬਠਿੰਡਾ, ਸਰਕਾਰੀ ਮਿਡਲ ਸਕੂਲ ਸਿਰਸੜੀ ਜ਼ਿਲ੍ਹਾ ਫ਼ਰੀਦਕੋਟ, ਸਰਕਾਰੀ ਮਿਡਲ ਸਕੂਲ ਬਹਾਦਰਗੜ੍ਹ ਜ਼ਿਲ੍ਹਾ ਸ਼੍ਰੀ ਫਤਹਿਗੜ੍ਹ ਸਾਹਿਬ, ਸਰਕਾਰੀ ਮਿਡਲ ਸਕੂਲ ਹੌਜ਼ ਖ਼ਾਸ ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਮਿਡਲ ਸਕੂਲ ਆਸਲ ਜ਼ਿਲ੍ਹਾ ਫਿਰੋਜ਼ਪੁਰ, ਸਰਕਾਰੀ ਮਿਡਲ ਸਕੂਲ ਰਸੂਲਪੁਰ ਬੇਟ ਜ਼ਿਲ੍ਹਾ ਗੁਰਦਾਸਪੁਰ,ਸਰਕਾਰੀ ਮਿਡਲ ਸਕੂਲ ਡੱਲੇਵਾਲ ਜ਼ਿਲ੍ਹਾ ਹਸ਼ਿਆਰਪੁਰ,ਸਰਕਾਰੀ ਮਿਡਲ ਸਕੂਲ ਟਾਹਲੀ ਜ਼ਿਲ੍ਹਾ ਜਲੰਧਰ, ਸਰਕਾਰੀ ਮਿਡਲ ਸਕੂਲ ਭੰਡਾਲ ਦੋਨਾ ਜ਼ਿਲ੍ਹਾ ਕਪੂਰਥਲਾ, ਸਰਕਾਰੀ ਮਿਡਲ ਸਕੂਲ ਰੋਹਣੋ ਕਲਾਂ ਜ਼ਿਲ੍ਹਾ ਲੁਧਿਆਣਾ, ਸਰਕਾਰੀ ਮਿਡਲ ਸਕੂਲ ਰਾਮਨਗਰ ਭੱਠਲ ਜ਼ਿਲ੍ਹਾ ਮਾਨਸਾ,ਸਰਕਾਰੀ ਮਿਡਲ ਸਕੂਲ ਪੁਰਾਣੇ ਵਾਲਾ ਜ਼ਿਲ੍ਹਾ ਮੋਗਾ, ਸਰਕਾਰੀ ਮਿਡਲ ਸਕੂਲ ਕਿਲਾ ਰਹਿਮਤਗੜ੍ਹ ਜ਼ਿਲ੍ਹਾ ਮਲੇਰਕੋਟਲਾ, ਸਰਕਾਰੀ ਮਿਡਲ ਸਕੂਲ ਘੁਮਿਆਰਾ ਖੇੜਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਸਰਕਾਰੀ ਮਿਡਲ ਸਕੂਲ ਮਿਸ਼ਨ ਰੋਡ ਪਠਾਨਕੋਟ,ਜ਼ਿਲ੍ਹਾ ਪਠਾਨਕੋਟ, ਸਰਕਾਰੀ ਮਿਡਲ ਸਕੂਲ ਮੈਣ ਜ਼ਿਲ੍ਹਾ ਪਟਿਆਲਾ,ਸਰਕਾਰੀ ਮਿਡਲ ਸਕੂਲ ਗੱਗ ਜ਼ਿਲ੍ਹਾ ਰੂਪਨਗਰ, ਸਰਕਾਰੀ ਮਿਡਲ ਸਕੂਲ ਆਲੋਅਰਖ ਜ਼ਿਲ੍ਹਾ ਸੰਗਰੂਰ, ਸਰਕਾਰੀ ਮਿਡਲ ਸਕੂਲ ਝੰਡੇਮਾਜਰਾ ਜ਼ਿਲ੍ਹਾ ਐੱਸ.ਏ.ਐੱਸ. ਨਗਰ,ਸਰਕਾਰੀ ਮਿਡਲ ਸਕੂਲ ਜੱਬੋਵਾਲ ਜ਼ਿਲ੍ਹਾ ਐੱਸ.ਬੀ.ਐੱਸ. ਨਗਰ, ਸਰਕਾਰੀ ਮਿਡਲ ਸਕੂਲ ਬੇਲਾ ਜ਼ਿਲ੍ਹਾ ਤਰਨਤਾਰਨ ਸ਼ਾਮਲ ਹਨ।

# ਸੁਪਨਿਆਂ ਦੀ ਵਿਲੱਖਣ ਦੁਨੀਆ



ਅਮਨਦੀਪ ਸਿੰਘ

ਅਸੀਂ ਕਈ ਵਾਰ ਆਪਣੇ ਸਰੀਰ ਨੂੰ ਚੂੰਢੀ ਮਾਰ ਕੇ ਦੇਖਦੇ ਹਾਂ ਕਿ ਅਸੀਂ ਕਿਤੇ ਕੋਈ ਸੁਪਨਾ ਤਾਂ ਨਹੀਂ ਦੇਖ ਰਹੇ! ਕਿਉਂਕਿ ਸਾਨੂੰ ਯਕੀਨ ਨਹੀਂ ਹੁੰਦਾ ਕਿ ਅਸੀਂ ਸੱਚਮੁੱਚ ਵਿੱਚ ਹੀ ਸੁਪਨਾ ਦੇਖ ਰਹੇ ਹਾਂ ਕਿ ਨਹੀਂ? ਦਰਅਸਲ, ਸਪੱਸ਼ਟ ਸੁਪਨਾ (Lucid dream) ਉਹ ਹੁੰਦਾ ਹੈ ਜਦੋਂ ਤੁਹਾਨੂੰ ਅਹਿਸਾਸ ਹੋਵੇ ਕੇ ਤੁਸੀਂ ਸੁਪਨਾ ਵੇਖ ਰਹੇ ਹੋ। ਜਿੰਨੀ ਦੇਰ ਸੁਪਨਾ ਚੱਲਦਾ ਹੈ, ਤੁਸੀਂ ਆਪਣੇ ਅਹਿਸਾਸਾਂ ਤੇ ਭਾਵਨਾਵਾਂ ਨੂੰ ਮਹਿਸੂਸ ਕਰ ਸਕਦੇ ਹੋ। ਪਰ ਕਿੰਨਾ ਚੰਗਾ ਹੋਵੇ ਜੇ ਅਸੀਂ ਆਪਣੇ ਸੁਪਨੇ ਨੂੰ ਸਪੱਸ਼ਟ ਸੁਪਨਾ ਬਣਾ ਸਕੀਏ, ਮਤਲਬ ਅਸੀਂ ਚਾਹੀਏ ਤਾਂ ਸੁਪਨੇ ਨੂੰ ਆਪਣੇ ਮੁਤਾਬਿਕ ਢਾਲ ਸਕੀਏ। ਅਸੀਂ ਸੁਪਨੇ ਨੂੰ ਨਿਯੰਤਰਿਤ ਕਰ ਸਕੀਏ, ਉਸ ਵਿਚਲੇ ਪਾਤਰਾਂ, ਮਾਹੌਲ ਤੇ ਕਹਾਣੀ ਨੂੰ ਨਿਰਦੇਸ਼ਿਤ ਕਰ ਸਕੀਏ। ਉਸ ਤਰ੍ਹਾਂ ਦਾ ਸੁਪਨਾ ਫਿਰ ਤੁਹਾਡਾ ਡਰ ਤੇ ਬੇਚੈਨੀ ਘਟਾ ਸਕਦਾ ਹੈ। ਤੁਹਾਡੇ ਡਰਾਉਣੇ ਸੁਪਨੇ ਜਾਂ ਦਬਾਅ ਘਟ ਸਕਦੇ ਹਨ। ਇਸ ਤੋਂ ਪਹਿਲਾਂ ਅਸੀਂ ਇਹ ਜਾਣੀਏ ਕਿ ਅਸੀਂ ਸਪੱਸ਼ਟ ਸੁਪਨੇ ਕਿਵੇਂ ਵੇਖ ਸਕਦੇ ਹਾਂ।

ਸਪੱਸ਼ਟ ਸੁਪਨੇ ਅਕਸਰ ਆਰਈਐੱਮ (REM-Rapid Eye Movement) ਨੀਂਦ ਦੌਰਾਨ ਆਉਂਦੇ ਹਨ, ਜੋ ਕਿ ਬਹੁਤ ਗੂੜ੍ਹੀ ਨੀਂਦ ਦੀ ਅਵਸਥਾ ਹੁੰਦੀ ਹੈ, ਜਦੋਂ ਅੱਖਾਂ ਤੇਜ਼ੀ ਨਾਲ ਘੁੰਮਦੀਆਂ ਹਨ, ਸਾਹ ਦੀ ਗਤੀ ਵੀ ਤੇਜ਼ ਹੁੰਦੀ ਹੈ ਅਤੇ ਦਿਮਾਗ਼ੀ ਗਤੀਵਿਧੀ ਵੀ ਜ਼ਿਆਦਾ ਹੁੰਦੀ ਹੈ। ਆਰਈਐੱਮ ਗੂੜ੍ਹੀ ਨੀਂਦ ਦੀ ਅਵਸਥਾ ਸਾਡੇ ਸੌਣ ਤੋਂ ਤਕਰੀਬਨ 90 ਕੁ ਮਿੰਟਾਂ ਬਾਅਦ ਸ਼ੁਰੂ ਹੁੰਦੀ ਹੈ ਤੇ 10 ਕੁ ਮਿੰਟ ਰਹਿੰਦੀ ਹੈ। ਜਿਵੇਂ ਜਿਵੇਂ ਅਸੀਂ ਨੀਂਦ ਵਿੱਚ ਗਹਿਰੇ ਡੁੱਬਦੇ ਜਾਂਦੇ ਹਾਂ, ਇਹ ਨੀਂਦ ਹੋਰ ਲੰਮੀ ਹੁੰਦੀ ਜਾਂਦੀ ਹੈ ਜੋ ਕਿ ਵੱਧ ਤੋਂ ਵੱਧ ਇੱਕ ਘੰਟਾ ਰਹਿੰਦੀ ਹੈ।

ਸਪੱਸ਼ਟ ਸੁਪਨੇ ਕਿਉਂ ਤੇ ਕਿਵੇਂ ਆਉਂਦੇ ਹਨ, ਇਸ ਬਾਰੇ ਵਿਗਿਆਨਕ ਬਹੁਤਾ ਨਹੀਂ ਜਾਣਦੇ, ਪਰ ਫੇਰ ਵੀ ਉਨ੍ਹਾਂ ਦੇ ਅੰਦਾਜ਼ੇ ਮੁਤਾਬਿਕ ਜਿਨ੍ਹਾਂ ਲੋਕਾਂ ਨੂੰ ਸਪੱਸ਼ਟ ਸੁਪਨੇ ਆਉਂਦੇ ਹਨ, ਉਨ੍ਹਾਂ ਦੇ ਦਿਮਾਗ਼ ਦਾ ਮੂਹਰਲਾ ਹਿੱਸਾ ਜਿਸ ਨੂੰ ਪ੍ਰੀਫਰੰਟਲ ਕੌਰਟੈਕਸ (Prefrontal Cortex) ਕਹਿੰਦੇ ਹਨ, ਵੱਡਾ ਹੁੰਦਾ ਹੈ। ਪ੍ਰੀਫੰਟਲ ਕੋਰਟੈਕਸ ਦਿਮਾਗ਼ ਦਾ ਉਹ ਭਾਗ ਹੈ ਜੋ ਕਿ ਉੱਚੇ ਪੱਧਰ ਦੇ ਨਿਰਣੇ ਜਿਵੇਂ ਕਿ ਫ਼ੈਸਲੇ ਲੈਣੇ, ਗੱਲਾਂ ਜਾਂ ਘਟਨਾਵਾਂ ਨੂੰ ਯਾਦ ਕਰਨਾ ਆਦਿ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਪੱਸ਼ਟ ਸੁਪਨੇ ਵੇਖਣ ਵਾਲੇ ਲੋਕ ਅੰਤਰਮੁਖੀ ਹੁੰਦੇ ਹਨ ਜੋ ਸਵੈ ਬਾਰੇ ਬਹੁਤਾ ਸੋਚਦੇ ਰਹਿੰਦੇ ਹਨ। ਜਰਮਨੀ ਵਿੱਚ ਇੱਕ ਖੋਜ ਅਧਿਐਨ ਦੇ ਮੁਤਾਬਿਕ ਸਪੱਸ਼ਟ ਸੁਪਨੇ ਵਿਚਕਾਰਲੀ ਅਵਸਥਾ ਹੋ ਸਕਦੀ ਹੈ ਜਦੋਂ ਅਸੀਂ ਪੂਰੀ ਤਰ੍ਹਾਂ ਸੁੱਤੇ ਨਹੀਂ ਹੁੰਦੇ, ਪਰ ਪੂਰੀ ਤਰ੍ਹਾਂ ਜਾਗਦੇ ਵੀ ਨਹੀਂ ਹੁੰਦੇ।

ਸਪੱਸ਼ਟ ਸੁਪਨੇ ਜਾਗਦੀ ਜ਼ਿੰਦਗੀ ਲਈ ਲਾਭਦਾਇਕ ਹੋ ਸਕਦੇ ਹਨ ਜਿਵੇਂ ਕਿ ਘੱਟ ਬੇਚੈਨੀ। ਸਪੱਸ਼ਟ ਸੁਪਨੇ ਵੇਖਦੇ ਹੋਏ ਜਿਹੜਾ ਨਿਯੰਤਰਣ ਵਿਅਕਤੀ ਸਿੱਖਦਾ ਹੈ, ਉਹ ਆਪਣੇ ਜੀਵਨ ਵਿੱਚ ਵੀ ਆਪਣਾ ਸਕਦਾ ਹੈ। ਜਦੋਂ ਤੁਸੀਂ ਸਪੱਸ਼ਟ ਸੁਪਨੇ ਵੇਖਦੇ ਹੋ ਤੇ ਆਪਣੇ ਸੁਪਨੇ 'ਤੇ ਨਿਯੰਤਰਣ ਰੱਖ ਸਕਦੇ ਹੋ। ਉਸ ਨੂੰ ਦਿਸ਼ਾ ਨਿਰਦੇਸ਼ ਦੇ ਸਕਦੇ ਹੋ ਤਾਂ ਤੁਹਾਨੂੰ ਉਸ ਨਾਲ ਸੁਕੂਨ ਮਿਲ ਸਕਦਾ ਹੈ ਜੋ ਕਿ ਇੱਕ ਤਰ੍ਹਾਂ ਦੀ ਦਵਾਈ ਦਾ ਕੰਮ ਕਰਕੇ, ਤੁਹਾਨੂੰ ਡਰਾਉਣੇ ਸੁਪਨਿਆਂ ਤੋਂ ਬਚਾ ਸਕਦਾ ਹੈ ਤੇ ਤੁਹਾਡੇ ਰੋਜ਼ਾਨਾ ਦੇ ਜੀਵਨ ਨੂੰ ਸੌਖਾ ਬਣਾ ਸਕਦਾ ਹੈ।

ਜੇ ਤੁਸੀਂ ਕਲਾਕਾਰ ਜਾਂ ਲੇਖਕ ਹੋ ਤਾਂ ਸਪੱਸ਼ਟ ਸੁਪਨੇ ਤੁਹਾਨੂੰ ਹੋਰ ਵੀ ਰਚਨਾਤਮਕ ਬਣਾ ਸਕਦੇ ਹਨ। ਸਪੱਸ਼ਟ ਸੁਪਨਿਆਂ ਵਿੱਚ ਆਉਣ ਵਾਲੇ ਪਾਤਰ ਤੁਹਾਡੇ ਪ੍ਰਗਟਾਵੇ ਦਾ ਹਿੱਸਾ ਬਣ ਕੇ ਉਸ ਨੂੰ ਹੋਰ ਵੀ ਗੂੜ੍ਹਾ ਕਰ ਸਕਦੇ ਹਨ। ਮਨੋਵਿਗਿਆਨੀਆਂ ਨੇ ਸਪੱਸ਼ਟ ਸੁਪਨੇ ਦੇਖ ਰਹੇ ਵਿਅਕਤੀਆਂ ਨਾਲ ਅਕਸਰ ਵਾਸਤਵਿਕ ਸਮੇਂ ਵਿੱਚ ਦੋ ਤਰਫ਼ਾ ਸੰਚਾਰ ਕਾਇਮ ਕੀਤਾ ਹੈ, ਜਿਸ ਨਾਲ ਉਹ ਸਪੱਸ਼ਟ ਸੁਪਨੇ ਦੇ ਦਰਮਿਆਨ ਵਿਅਕਤੀ ਨਾਲ ਅੱਖਾਂ, ਚਿਹਰੇ ਦੀਆਂ ਮਾਸਪੇਸ਼ੀਆਂ ਰਾਹੀਂ ਸਵਾਲ-ਜਵਾਬ ਕਰ ਸਕਦੇ ਹਨ। ਇਸ ਨਾਲ ਵਿਗਿਆਨੀਆਂ ਨੂੰ ਸੁਪਨਿਆਂ ਨੂੰ ਸਮਝਣ ਅਤੇ ਰਚਨਾਤਮਕ ਤੇ ਗਿਆਨ ਵਧਾਊ ਕਾਰਜਾਂ ਵਿੱਚ ਮਦਦ ਮਿਲ ਸਕਦੀ ਹੈ।



ਜੇ ਸਪੱਸ਼ਟ ਸੁਪਨਿਆਂ ਦੇ ਫਾਇਦੇ ਹਨ ਤਾਂ ਕੁਝ ਨੁਕਸਾਨ ਵੀ ਹਨ ਜਿਵੇਂ ਕਿ ਨੀਂਦ ਨਾ ਪੂਰੀ ਹੋਣੀ। ਸਪੱਸ਼ਟ ਸੁਪਨੇ ਵੇਖਦੇ ਹੋਏ ਅਸੀਂ ਅੱਧੇ ਜਾਗਰੂਕ ਹੁੰਦੇ ਹਾਂ, ਜਿਸ ਨਾਲ ਚੰਗੀ ਨੀਂਦ ਨਹੀਂ ਆਉਂਦੀ ਤੇ ਜੇ ਇੱਕ ਵਾਰ ਜਾਗ ਖੁੱਲ੍ਹ ਜਾਵੇ ਤਾਂ ਦੁਬਾਰਾ ਸੌਣਾ ਮੁਸ਼ਕਿਲ ਹੋ ਸਕਦਾ ਹੈ। ਫਿਰ ਤੁਸੀਂ ਦਿਨ ਭਰ ਪਰੇਸ਼ਾਨ ਰਹਿ ਸਕਦੇ ਹੋ। ਮਾਨਸਿਕ ਰੋਗਾਂ ਤੋਂ ਪੀੜਤ ਲੋਕਾਂ ਨੂੰ ਸਪੱਸ਼ਟ ਸੁਪਨੇ ਹੋਰ ਵੀ ਬੇਚੈਨ ਕਰ ਸਕਦੇ ਹਨ ਤੇ ਘਬਰਾਹਟ ਪੈਦਾ ਕਰ ਸਕਦੇ ਹਨ। ਕੁਝ ਵਿਅਕਤੀ ਨੀਂਦ ਦੇ ਦੌਰਾਨ ਅਧਰੰਗ ਦੀ ਅਵਸਥਾ ਵਿੱਚ ਵੀ ਜਾ ਸਕਦੇ ਹਨ, ਜੋ ਕਿ ਸਪੱਸ਼ਟ ਸੁਪਨੇ ਵਰਗੀ ਹੀ ਅਵਸਥਾ ਦਿਖਦੀ ਹੈ, ਪਰ ਹੁੰਦੀ ਨਹੀਂ। ਉਹ ਵਿਅਕਤੀ ਮਾਇਆ ਤੇ ਭਰਮ ਦੇ ਜਾਲ ਵਿੱਚ ਵੀ ਫਸਿਆ ਮਹਿਸੂਸ ਕਰ ਸਕਦੇ ਹਨ। ਇਸ ਅਧਰੰਗ ਦੀ ਅਵਸਥਾ ਵਿੱਚੋਂ ਸਰੀਰ ਦੇ ਹਿੱਸਿਆਂ ਜਿਵੇਂ ਕਿ ਉਂਗਲ ਨੂੰ ਲਗਾਤਾਰ ਹਿਲਾ ਕੇ ਤੇ ਫੇਰ ਹੱਥਾਂ-ਪੈਰਾਂ ਨੂੰ ਹਿਲਾ ਕੇ ਅਤੇ ਪੂਰੇ ਸਰੀਰ ਨੂੰ ਜਾਗ੍ਰਿਤ ਕਰਕੇ ਨਿਕਲਿਆ ਜਾ ਸਕਦਾ ਹੈ।

ਕੁਝ ਖੋਜ ਕਾਰਜਾਂ ਅਨੁਸਾਰ ਤੁਸੀਂ ਸਪੱਸ਼ਟ ਸੁਪਨੇ ਵੇਖਣ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੇ ਹੋ। ਇਸ ਦਾ ਇੱਕ ਤਰੀਕਾ ਆਪਣੇ ਸੁਪਨਿਆਂ ਦੀਆਂ ਛੋਟੀਆਂ ਛੋਟੀਆਂ ਬਾਰੀਕੀਆਂ ਨੋਟ ਕਰਨੀਆਂ ਤੇ ਸੁਪਨੇ ਵਿੱਚ ਆਪਣੇ ਮਨ-ਮਸਤਕ ਨੂੰ ਹਕੀਕਤ ਤੋਂ ਸੁਚੇਤ ਕਰਨਾ ਹੈ। ਵਿਗਿਆਨੀਆਂ ਨੇ ਕੁਝ ਤਰੀਕੇ ਅਜ਼ਮਾਏ ਵੀ ਹਨ। ਜਿਵੇਂ ਕਿ ਸੁਪਨੇ ਨੂੰ ਪਹਿਚਾਨਣਾ। ਇਸ ਤਰੀਕੇ ਵਿੱਚ ਤੁਸੀਂ ਜਾਗਦੇ ਹੋਏ ਆਪਣੇ ਆਪ ਨੂੰ ਇਹ ਅਹਿਸਾਸ ਦਿਵਾਉਂਦੇ ਹੋ ਕਿ ਕੀ ਤੁਸੀਂ ਸੁਪਨਾ ਤਾਂ ਨਹੀਂ ਦੇਖ ਰਹੇ? ਸਚਮੁੱਚ ਤੁਸੀਂ ਉਹੋ ਜਿਹੀਆਂ ਹਰਕਤਾਂ ਕਰਦੇ ਹੋ ਜੋ ਸੁਪਨੇ ਵਿੱਚ ਅਸੰਭਵ ਹਨ ਜਿਵੇਂ ਕਿ ਆਪਣੇ ਆਪ ਨੂੰ ਚੂੰਢੀ ਵੱਢ ਕੇ ਵੇਖਣਾ, ਬੰਦ ਮੂੰਹ ਰਾਹੀਂ ਸਾਹ ਲੈਣ ਦੀ ਕੋਸ਼ਿਸ਼ ਕਰਨਾ, ਕੋਈ ਕਿਤਾਬ ਪੜ੍ਹਨਾ ਆਦਿ।

ਜੇ ਤੁਹਾਨੂੰ 'ਸੁਪਨਿਆਂ ਨੂੰ ਪਹਿਚਾਨਣ' ਦਾ ਤਰੀਕਾ ਅਸੰਭਵ ਜਾਂ ਬਚਕਾਨਾ ਲੱਗਦਾ ਹੈ ਤਾਂ ਸੁਪਨਿਆਂ ਬਾਰੇ ਡਾਇਰੀ ਲਿਖਣਾ ਬਹੁਤ ਲਾਭਦਾਇਕ ਹੈ। ਜਿਹੜੇ ਲੋਕਾਂ ਨੇ ਸੁਪਨਿਆਂ ਵਾਰੇ ਲਿਖਿਆ ਹੈ ਉਨ੍ਹਾਂ ਨੂੰ ਜ਼ਿਆਦਾ ਸਪੱਸ਼ਟ ਸੁਪਨੇ ਆਏ ਹਨ, ਕਿਉਂਕਿ ਡਾਇਰੀ ਲਿਖਣ ਨਾਲ ਤੁਸੀਂ ਸੁਪਨਿਆਂ 'ਤੇ ਆਪਣਾ ਧਿਆਨ ਜ਼ਿਆਦਾ ਕੇਂਦਰਿਤ ਕਰਦੇ ਹੋ। ਕੁਝ ਖੋਜਕਾਰਾਂ ਨੇ ਇਹ ਸਮਝਿਆ ਹੈ ਕਿ ਇਕੱਲਾ ਸੁਪਨਿਆਂ ਬਾਰੇ ਡਾਇਰੀ ਲਿਖਣਾ ਹੀ ਸਪੱਸ਼ਟ ਸੁਪਨੇ ਆਉਣ ਦਾ ਤਰੀਕਾ ਨਹੀਂ ਹੈ, ਪਰ ਜਦੋਂ ਉਸ ਨਾਲ ਤੁਸੀਂ ਹੋਰ ਤਰੀਕੇ ਜੋੜਦੇ ਹੋ ਤਾਂ ਸਪੱਸ਼ਟ ਸੁਪਨੇ ਵੇਖਣ ਦੀ ਸੰਭਾਵਨਾ ਹੋਰ ਵਧ ਜਾਂਦੀ ਹੈ।

ਜੇ ਸੁਪਨੇ ਲੈਂਦੇ ਹੋਏ ਨੀਂਦ ਵਿੱਚੋਂ ਤੁਹਾਡੀ ਅੱਖ ਖੁੱਲ੍ਹ ਜਾਵੇ ਤਾਂ ਫੇਰ ਦੁਬਾਰਾ ਸੌਣ ਦੀ ਕੋਸ਼ਿਸ਼ ਕਰੋ। ਇਸ ਨਾਲ ਰੁਮਾਂਚਕ ਤੇ ਖ਼ੂਬਸੂਰਤ ਸੁਪਨੇ ਆਉਂਦੇ ਹਨ, ਜੋ ਸਾਨੂੰ ਅਕਸਰ ਯਾਦ ਵੀ ਰਹਿੰਦੇ ਹਨ ਤੇ ਪੂਰਾ-ਪੂਰਾ ਦਿਨ ਉਤਸ਼ਾਹਿਤ ਰੱਖਦੇ ਹਨ।

ਕੁਝ ਦਵਾਈਆਂ, ਸਪਲੀਮੈਂਟ ਜਾਂ ਜੜ੍ਹੀ-ਬੂਟੀਆਂ ਤੇ ਯੰਤਰ ਜਿਵੇਂ ਕਿ ਮਾਸਕ, ਰੌਸ਼ਨੀ ਜਾਂ ਆਵਾਜ਼ ਵਾਲੇ ਹੈੱਡਬੈਂਡ ਆਦਿ ਵੀ ਸਪੱਸ਼ਟ ਸੁਪਨੇ ਲਿਆਉਣ ਵਿੱਚ ਮਦਦ ਕਰ ਸਕਦੇ ਹਨ। ਜਿਵੇਂ ਕਿ ਜੇ ਅਸੀਂ ਰਾਤ ਨੂੰ ਸੌਣ ਤੋਂ ਪਹਿਲਾਂ ਫੋਨ 'ਤੇ ਕੁਝ ਦੇਖ ਕੇ ਜਾਂ ਸੁਣ ਕੇ ਸੌਂਈਏ। ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਫੋਨ, ਟੀਵੀ, ਕੰਪਿਊਟਰ ਸਕਰੀਨ ਜਾਂ ਹੋਰ ਕੋਈ ਨੀਲੀ ਰੌਸ਼ਨੀ ਛੱਡਣ ਵਾਲੇ ਯੰਤਰ ਵਰਤਣ ਨਾਲ ਨੀਂਦ ਔਖੀ ਆਉਂਦੀ ਹੈ।

ਸਪੱਸ਼ਟ ਸੁਪਨੇ ਦੇਖਣ ਨਾਲ ਸਾਨੂੰ ਅਨੇਕਾਂ ਫਾਇਦੇ ਹੋ ਸਕਦੇ ਹਨ, ਪਰ ਜੇ ਤੁਹਾਨੂੰ ਨੀਂਦ ਨਹੀਂ ਆਉਂਦੀ ਜਾਂ ਕੋਈ ਗੰਭੀਰ ਮਾਨਸਿਕ ਰੋਗ ਹੈ ਤਾਂ ਸਪੱਸ਼ਟ ਸੁਪਨੇ ਦੇਖਣ ਦੀ ਕੋਸ਼ਿਸ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰ ਲਵੋ।

# ਜੋ ਇਸ਼ਕ ਨਮਾਜ਼ਾਂ ਪੜ੍ਹਦੇ ਨੇ

ਡਾ. ਅਮਨਦੀਪ ਕੌਰ ਬਰਾੜ



ਤਿੰਨ ਅੱਖਰਾਂ ਦੀ ਸੰਯੁਕਤੀ ਤੋਂ ਬਣਿਆ ਸ਼ਬਦ 'ਪਿਆਰ' ਆਪਣੇ ਅੰਦਰ ਬ੍ਰਹਿਮੰਡ ਜਿੰਨੀ ਵਿਸ਼ਾਲਤਾ ਅਤੇ ਬੇਅੰਤ ਗਹਿਰਾਈ ਸਮੋਈ ਬੈਠਾ ਹੈ। ਗੁਰੂਆਂ ਪੀਰਾਂ ਦੇ ਵਰੋਸਾਏ ਪੰਜਾਬ ਨੂੰ ਇਸ ਦੀ ਧਰਤੀ 'ਤੇ ਠਾਠਾਂ ਮਾਰਦੇ ਪਿਆਰ ਦੇ ਦਰਿਆ ਨੇ ਆਲਮੀ ਪੱਧਰ 'ਤੇ ਵਿਲੱਖਣਤਾ ਬਖ਼ਸ਼ੀ ਹੈ। ਇਸ ਧਰਤੀ 'ਤੇ ਆਸ਼ਕਾਂ ਵੱਲੋਂ ਕਮਾਏ ਸੱਚੇ-ਸੁੱਚੇ ਇਸ਼ਕ ਨੇ ਆਸ਼ਕੀ ਨੂੰ ਪੰਜਾਬੀ ਸੰਸਕ੍ਰਿਤੀ ਦੇ ਨਿਵੇਕਲੇ ਪਛਾਣ-ਚਿੰਨ੍ਹ ਵਜੋਂ ਸਥਾਪਿਤ ਕੀਤਾ। ਵਾਰਿਸ ਸ਼ਾਹ ਆਪਣੀ ਸ਼ਾਹਕਾਰ ਰਚਨਾ ਹੀਰ ਦੇ ਮੰਗਲਾਚਰਨ ਵਿੱਚ ਜੱਗ ਦਾ ਮੂਲ ਇਸ਼ਕ ਨੂੰ ਮੰਨਦਾ ਹੈ (ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ। ਪਹਿਲਾਂ ਆਪ ਖ਼ੁਦਾ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ)। ਪਿਆਰ ਜ਼ਿੰਦਗੀ ਦਾ ਧੁਰਾ ਹੈ। ਸੱਚਾ ਪਿਆਰ ਪਰਮਾਤਮਾ ਦੀ ਲਾਸਾਨੀ, ਅਦੁੱਤੀ ਅਤੇ ਅਨਮੋਲ ਨਿਆਮਤ ਹੈ ਜਿਸ ਨੂੰ ਪ੍ਰਾਪਤ ਕਰਕੇ ਜ਼ਿੰਦਗੀ ਵਿੱਚ ਕੁਝ ਹੋਰ ਪਾਉਣ ਦੀ ਚਾਹ ਸਮਾਪਤ ਹੋ ਜਾਂਦੀ ਹੈ।

ਇਸ਼ਕ ਭਾਵੇਂ ਹਕੀਕੀ ਹੋਵੇ ਜਾਂ ਮਜ਼ਾਜੀ, ਆਦਿ ਕਾਲ ਤੋਂ ਹੀ ਸਮਾਜ ਵਿੱਚ ਪ੍ਰਵਾਨ ਨਹੀਂ। ਅਸਲੀਅਤ ਵਿੱਚ ਇਸ਼ਕ ਦੀ ਪਛਾਣ ਅਤੇ ਨਿਭਾਓ ਹੀ ਨਿਯਮਿਤ ਸਮਾਜਿਕ ਦਾਇਰਿਆਂ ਤੋਂ ਪਾਰ ਜਾਣ ਵਿੱਚ ਹੈ। ਬਾਬਾ ਫਰੀਦ ਜੀ ਲਿਖਦੇ ਨੇ: ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।। ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ।।

ਉਸ ਪ੍ਰੀਤਮ ਤੱਕ ਪਹੁੰਚਣ ਦਾ ਪੈਂਡਾ ਅਤਿ ਕਠਿਨ ਅਤੇ ਲੰਮਾ ਹੈ ਜਿਸ ਵਿੱਚ ਮਾਨਸਿਕ ਵਿਕਾਰ ਅਤੇ ਸਮਾਜਿਕ ਬੰਧਨ ਰਾਹ ਮੱਲੀ ਖੜ੍ਹੇ ਹਨ ਅਤੇ ਪਿਆਰੇ ਦੀ ਤੜਫ਼ ਵਿੱਚ ਸਹਿਕਦੀ ਜਿੰਦ ਆਪਣਾ ਨੇਹੁ ਪੁਗਾਉਣ ਲਈ ਲੋਕਾਂ ਦੇ ਤਾਅਨੇ-ਮਿਹਣਿਆਂ ਦਾ ਚਿੱਕੜ ਸਹਿਣ ਲਈ ਤਿਆਰ ਹੈ। ਪਿਆਰ ਇਬਾਦਤ ਹੈ, ਤਾਂਘ ਹੈ, ਤੜਫ਼ ਹੈ, ਤਿਆਗ ਹੈ। ਖ਼ੁਦਾ ਦੇ ਇਸ਼ਕ ਦੇ ਰੰਗ ਵਿੱਚ ਰੰਗੇ ਸਾਡੇ ਮਸਤ ਮੌਲੇ ਸੂਫ਼ੀ ਫ਼ਕੀਰ ਪਿਆਰ ਦੇ ਜਜ਼ਬੇ ਨੂੰ ਬ੍ਰਹਿਮੰਡ ਦੀਆਂ ਉਚਾਈਆਂ ਤੱਕ ਲੈ ਗਏ। ਉਨ੍ਹਾਂ ਨੇ ਆਪਣਾ ਧਰਮ, ਕਰਮ ਅਤੇ ਮਜ਼ਹਬ ਰੱਬੀ ਇਸ਼ਕ ਨੂੰ ਹੀ ਮੰਨਿਆ। ਇਸ਼ਕ ਹਕੀਕੀ ਨੂੰ ਮਾਣਦਾ ਬੁੱਲ੍ਹੇ ਸ਼ਾਹ ਜਿੱਥੇ ਆਪਣੇ ਮੁਰਸ਼ਦ ਦੀ ਨਾਰਾਜ਼ਗੀ ਦੂਰ ਕਰਨ ਲਈ ਪੈਰਾਂ ਵਿੱਚ ਘੁੰਗਰੂ ਬੰਨ੍ਹ ਸਰ੍ਹੇ ਬਾਜ਼ਾਰ ਨੱਚਦਾ ਹੈ ਉੱਥੇ ਆਪਣੇ ਦੁਨਿਆਵੀ ਰਿਸ਼ਤਿਆਂ ਦੀ ਪਰਵਾਹ ਵੀ ਨਹੀਂ ਕਰਦਾ। ਇੱਥੋਂ ਤੱਕ ਕਿ ਉਹ ਧਰਮ ਦੇ ਠੇਕੇਦਾਰਾਂ ਨੂੰ ਵੀ ਫੋਕੇ ਧਾਰਮਿਕ ਕਰਮ-ਕਾਂਡਾਂ ਤੋਂ ਵਰਜਦਿਆਂ ਰੱਬੀ ਇਸ਼ਕ ਵਿੱਚ ਰੰਗੇ ਜਾਣ ਲਈ ਪ੍ਰੇਰਦਾ ਹੈ। ਪਿਆਰ ਆਪਣੇ ਪਿਆਰੇ ਦੇ ਇਲਾਹੀ ਨੂਰ ਵਿੱਚ ਇਕਮਿਕ ਹੋਣ ਦਾ ਨਾਂ ਹੈ। ਬਾਬਾ ਬੁੱਲ੍ਹੇ ਸ਼ਾਹ ਆਪਣੇ ਇਸ਼ਕ ਦੇ ਅਹਿਸਾਸ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

ਮੈਂ ਵਿਚ ਰਾਂਝਾ ਮੈਂ ਰਾਂਝੇ ਵਿਚ, ਹੋਰ ਖਿਆਲ ਨਾ ਕੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਪਿਆਰ ਹਿਰਦੇ ਵਿੱਚੋਂ ਮੈਂ ਨੂੰ ਖ਼ਤਮ ਕਰ ਕੇ ਧੁਰ ਅੰਦਰ ਤੱਕ ਪਾਕੀਜ਼ਗੀ ਬਖ਼ਸ਼ਦਾ ਹੈ। ਪਿਆਰ ਮਨੁੱਖ ਅੰਦਰ ਮਨੁੱਖਤਾ, ਸਾਂਝੀਵਾਲਤਾ ਅਤੇ ਸਮਰਪਣ ਦੇ ਭਾਵ ਪੈਦਾ ਕਰਦਾ ਹੈ। ਪਿਆਰ ਪਾਉਣ ਦਾ ਨਹੀਂ, ਤਿਆਗ ਦਾ ਨਾਮ ਹੈ। ਪਿਆਰ ਦੇ ਪੈਂਡੇ 'ਤੇ ਕਦਮ ਰੱਖਦਿਆਂ ਹੀ ਹਰ ਪਾਸੇ ਮਹਿਬੂਬ ਨਜ਼ਰ ਆਉਂਦਾ ਹੈ। ਹਰ ਪਲ ਪ੍ਰੀਤਮ ਨੂੰ ਮਿਲਣ ਦੀ ਤਾਂਘ ਮਨ ਵਿੱਚ ਤਤਪਰ ਰਹਿੰਦੀ ਹੈ। ਇਸ਼ਕ ਭਾਵੇਂ ਦੁਨਿਆਵੀ ਹੋਵੇ ਜਾਂ ਹਕੀਕੀ, ਜੱਗ ਤੋਂ ਛੁਪਾਇਆ ਨਹੀਂ ਜਾ ਸਕਦਾ। ਸੱਚਾ ਪਿਆਰ ਸਭ ਪਰਦੇ ਅਤੇ ਕੱਜਣ ਲਾਂਭੇ ਕਰ ਕੇ ਆਪਣੀ ਮਹਿਕ ਬਿਖੇਰਦਾ ਸਾਹਮਣੇ ਆ ਹੀ ਜਾਂਦਾ ਹੈ:

ਸਾਹਿਬਾਂ ਪੜ੍ਹਦੀ ਪੱਟੀਆਂ ਮਿਰਜ਼ਾ ਪੜ੍ਹੇ ਕੁਰਾਨ,
ਲੱਗੀਆਂ ਵਿਚ ਮਸੀਤ ਦੇ ਜਾਣੇ ਕੁੱਲ ਜਹਾਨ।

ਇਸ਼ਕ ਦੇ ਅਨਮੋਲ ਬੰਧਨ ਵਿੱਚ ਬੰਨ੍ਹੇ ਪ੍ਰੇਮੀ ਇੱਕ ਦੂਜੇ ਵਿੱਚੋਂ ਰੱਬ ਵੇਖਦੇ ਹਨ। ਹੀਰ-ਰਾਂਝਾ, ਮਿਰਜ਼ਾ-ਸਾਹਿਬਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਅਤੇ ਸ਼ੀਰੀ-ਫਰਿਹਾਦ ਆਦਿ ਆਸ਼ਕਾਂ ਨੇ ਇਸ਼ਕ ਨੂੰ ਧਰਮ ਵਾਂਗ ਕਬੂਲ ਕੀਤਾ ਅਤੇ ਸਿਦਕ ਤੇ ਸਿਰੜ ਨਾਲ ਇਖਲਾਕੀ ਫ਼ਰਜ਼ ਵਾਂਗ ਨਿਭਾਇਆ। ਆਸ਼ਕੀ ਦੇ ਰੰਗ ਵਿੱਚ ਰੰਗੇ ਇਨ੍ਹਾਂ ਆਸ਼ਕਾਂ ਨੇ ਬੇਸ਼ੱਕ ਸਮਾਜਿਕ ਦਾਇਰਿਆਂ ਨੂੰ ਉਲੰਘਿਆ, ਦੁੱਖ ਸਹਿ ਲਏ ਪਰ ਇਸ਼ਕ ਦੀ ਆਨ-ਸ਼ਾਨ ਨੂੰ ਨੀਂਵਾਂ ਨਹੀਂ ਹੋਣ ਦਿੱਤਾ। ਖ਼ੁਦਾ ਵਾਂਗ ਇਹ ਇਸ਼ਕ ਦੀ ਹੀ ਰਹਿਮਤ ਸੀ ਕਿ ਸੱਸੀ ਤਪਦੇ ਥਲਾਂ ਵਿੱਚ ਸੜੀ, ਮਹੀਂਵਾਲ ਨੇ ਮਾਸ਼ੂਕ ਨੂੰ ਪੱਟ ਚੀਰ ਖੁਆਇਆ, ਸੋਹਣੀ ਝਨਾਂ ਵਿੱਚ ਡੁੱਬ ਮਰੀ ਅਤੇ ਫਰਿਹਾਦ ਨੇ ਪਹਾੜ ਚੀਰ ਦਿੱਤਾ ਪਰ ਸੱਚੇ-ਸੁੱਚੇ ਪਿਆਰ ਨੂੰ ਦਾਗ ਨਹੀਂ ਲੱਗਣ ਦਿੱਤਾ। ਪਿਆਰ ਨੇ ਇਨ੍ਹਾਂ

# ਸਿੱਖਿਆ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਹੈ ਪਰਵਾਸ ਉਡਾਰੀ ਦਾ ਰੁਝਾਨ

ਪ੍ਰੋ. ਆਰਕੇ ਉੱਪਲ (ਡਾ.)





ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਵਿੱਚੋਂ ਬਾਹਰ ਜਾਣ ਵਾਲੇ ਵਿਦਿਆਰਥੀਆਂ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ ਵਿੱਚ ਇਹ ਰੁਝਾਨ ਸਭ ਤੋਂ ਵੱਧ ਅਤੇ ਤੇਜ਼ੀ ਨਾਲ ਵਧ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਨੇ 3-4 ਵਾਰ ਦਾਖ਼ਲੇ ਵਧਾਉਣ ਲਈ ਤਰੀਕਾਂ ਬਦਲੀਆਂ ਪਰ ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਭੀੜ ਵਧ ਰਹੀ ਹੈ ਅਤੇ ਕਾਲਜ ਤੇ ਯੂਨੀਵਰਸਿਟੀਆਂ ਖਾਲੀ ਹੋਣ ਲੱਗ ਪਈਆਂ ਹਨ। ਬਹੁਤ ਸਾਰੀਆਂ ਪ੍ਰਾਈਵੇਟ ਮੈਨੇਜਮੈਂਟਾਂ ਨੇ ਕਾਲਜ ਬੰਦ ਕਰਨੇ ਸ਼ੁਰੂ ਕਰ ਦਿੱਤੇ ਹਨ। ਆਰਟਸ, ਐੱਮਬੀਏ ਅਤੇ ਬੀਟੈੱਕ ਕੋਰਸਾਂ ਦੇ ਉਪਰ ਬਹੁਤ ਮਾਰੂ ਅਸਰ ਪਿਆ ਹੈ। ਆਈਲੈੱਟਸ ਦੀ ਕੋਚਿੰਗ ਦੇਣ ਵਾਲਿਆਂ, ਬਾਹਰ ਭੇਜਣ ਦੀਆਂ ਚੋਰ-ਮੋਰੀਆਂ ਤੇ ਤਰੀਕੇ ਦੱਸਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਉਹ ਬੱਚਿਆਂ ਦਾ ਸ਼ੋਸ਼ਣ ਵੀ ਕਰ ਰਹੇ ਹਨ। ਕਈ ਵਾਰ ਤਾਂ ਗ਼ਰੀਬ ਮਾਂ-ਬਾਪ ਇਨ੍ਹਾਂ ਨੂੰ ਮੋਟੀਆਂ ਫ਼ੀਸਾਂ, ਰਿਸ਼ਵਤ (ਇਹ ਕਈ ਸਬਜ਼ਬਾਗ ਦਿਖਾਉਂਦੇ ਹਨ) ਦੇਣ ਲਈ ਮਜਬੂਰ ਹੋ ਜਾਂਦੇ ਹਨ। ਇੱਕ ਰਿਪੋਰਟ ਮੁਤਾਬਿਕ ਅਮਰੀਕਾ ਵਿੱਚ 29.60 ਲੱਖ ਏਸ਼ਿਆਈ ਵਿਦਿਆਰਥੀਆਂ ਤੇ ਇੰਜਨੀਅਰਾਂ ਵਿੱਚੋਂ 9.50 ਲੱਖ ਭਾਰਤੀ ਹਨ। ਅਮਰੀਕਾ ਵਿੱਚ 38 ਫ਼ੀਸਦ ਡਾਕਟਰ ਭਾਰਤੀ ਹਨ। ਨਾਸਾ ਵਿਗਿਆਨੀਆਂ ਵਿੱਚ 36 ਫ਼ੀਸਦੀ ਭਾਰਤੀ ਹਨ ਤੇ 34 ਫ਼ੀਸਦੀ ਮਾਈਕ੍ਰੋਸੌਫਟ ਕੰਪਨੀ ਵਿੱਚ ਭਾਰਤੀ ਹਨ। 27 ਫ਼ੀਸਦ ਇੰਜਨੀਅਰ ਇੰਨਟਿਲ ਕੰਪਨੀ ਵਿੱਚ ਅਤੇ 23 ਫ਼ੀਸਦ ਕਰਮਚਾਰੀ ਆਈਬੀਐੱਮ ਕੰਪਨੀ ਵਿੱਚ ਭਾਰਤੀ ਹੀ ਹਨ। ਰਿਪੋਰਟ ਮੁਤਾਬਕ 2003 ਤੋਂ 2016 ਤੱਕ ਭਾਰਤ ਤੋਂ ਬਾਹਰ ਜਾਣ ਵਾਲੇ ਵਿਗਿਆਨੀਆਂ ਅਤੇ ਇੰਜਨੀਅਰਾਂ ਦੀ ਗਿਣਤੀ 'ਚ 87 ਫ਼ੀਸਦ ਵਾਧਾ ਹੋਇਆ ਹੈ। ਇਹ ਮੁਲਕ ਡਾਕਟਰਾਂ, ਇੰਜਨੀਅਰਾਂ ਤੇ ਵਿਗਿਆਨੀਆਂ ਨੂੰ ਮੂੰਹ ਮੰਗਿਆ ਮਿਹਨਤਾਨਾ ਦੇ ਕੇ ਆਪਣੀ ਤਰੱਕੀ ਤੇ ਤਕਨਾਲੋਜੀ ਦੇ ਵਾਧੇ ਲਈ ਇਨ੍ਹਾਂ ਤੋਂ ਰਾਤ ਦਿਨ ਕੰਮ ਲੈ ਰਹੇ ਹਨ। ਉਚੇਰੀ ਅਤੇ ਮਿਆਰੀ ਸਿੱਖਿਆ ਲਈ 2014-15 ਵਿੱਚ 29.4 ਭਾਵ 132888 ਲੋਕ ਪੂਰੇ ਭਾਰਤ ਵਿੱਚੋਂ ਵਿਦੇਸ਼ ਗਏ ਜਦ ਕਿ 2015-16 ਵਿੱਚ 3 ਲੱਖ ਵਿਦਿਆਰਥੀ ਵੱਖ ਵੱਖ ਮੁਲਕਾਂ ਵਿੱਚ ਪੜ੍ਹਨ ਲਈ ਗਏ ਸਨ। ਇਕੱਲੇ ਅਮਰੀਕਾ ਵਿੱਚ 45 ਫ਼ੀਸਦ ਵਿਦਿਆਰਥੀਆਂ ਦੀ ਗਿਣਤੀ ਭਾਰਤੀ ਤੇ ਚੀਨੀ ਵਿਦਿਆਰਥੀਆਂ ਦੀ ਹੈ। ਇਸੇ ਤਰ੍ਹਾਂ ਪਿਛਲੇ ਸਾਲਾਂ ਦੇ ਮੁਕਾਬਲੇ 2016-17 ਵਿੱਚ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 60 ਫ਼ੀਸਦ ਵਾਧਾ ਹੋਇਆ ਹੈ; ਹਾਲਾਂਕਿ ਚੀਨ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦਾ ਵਾਧਾ 16 ਫ਼ੀਸਦ ਰਿਹਾ। ਭਾਰਤੀ ਵਿਦਿਆਰਥੀ ਵਿਕਸਤ ਮੁਲਕਾਂ ਵੱਲ ਰੁਖ਼ ਕਰ ਰਹੇ ਹਨ। ਇਨ੍ਹਾਂ ਦੀ ਪਹਿਲੀ ਪਸੰਦ ਅਮਰੀਕਾ, ਯੂਕੇ, ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ, ਚੀਨ ਅਤੇ ਜਰਮਨੀ ਹਨ।

ਦਰਅਸਲ, ਮਸਲਾ ਸਿਰਫ ਵਿਦੇਸ਼ ਜਾਣ ਦਾ ਹੈ। ਸਟੱਡੀ ਵੀਜ਼ਾ (ਆਈਲੈੱਟਸ), ਪੁਆਇੰਟ ਆਧਾਰ ਵੀਜ਼ਾ, ਵਰਕ ਵੀਜ਼ਾ, ਸ਼ਰਨ ਲੈਣਾ ਆਦਿ ਬਹੁਤ ਸਾਰੇ ਕਾਨੂੰਨੀ ਤਰੀਕੇ ਹਨ। ਪੰਜਾਬ ਦੇ ਤਿੰਨ ਲੱਖ ਤੋਂ ਵੱਧ ਵਿਦਿਆਰਥੀ ਹਰ ਸਾਲ ਆਈਲੈੱਟਸ ਦਾ ਟੈਸਟ ਦਿੰਦੇ ਹਨ। ਖੁੰਭਾਂ ਵਾਂਗ ਉੱਗੇ ਆਈਲੈੱਟਸ ਕੋਚਿੰਗ ਸੈਂਟਰਾਂ ਦੀ ਭਰਮਾਰ ਇੰਨੀ ਜ਼ਿਆਦਾ ਵੱਧ ਗਈ ਹੈ ਕਿ ਟੀਵੀ 'ਤੇ ਹਰ ਪੰਦਰਾਂ ਮਿੰਟ ਬਾਅਦ ਕਿਸੇ ਨਾ ਕਿਸੇ ਏਜੰਟ ਦਾ ਇਸ਼ਤਿਹਾਰ ਚੱਲਦਾ ਰਹਿੰਦਾ ਹੈ। ਅੱਜ ਸਾਡੇ ਨੌਜਵਾਨ ਹਰ ਹੀਲਾ ਵਰਤ ਕੇ ਪਰਾਏ ਮੁਲਕ ਵਿੱਚ ਜਾਣ ਲਈ ਕਾਹਲੇ ਹਨ। ਅਜਿਹਾ ਕਿਉਂ? ਇਸ ਦਾ ਮੁੱਖ ਕਾਰਨ ਭਾਰਤ ਦੀ ਦਿਸ਼ਾਹੀਣ ਸਿੱਖਿਆ ਪ੍ਰਣਾਲੀ ਹੈ। ਇੱਥੇ ਡਿਗਰੀ ਤਾਂ ਮਿਲ ਜਾਂਦੀ ਹੈ ਪਰ ਰੁਜ਼ਗਾਰ ਨਹੀਂ। ਇਸ ਮਾੜੀ ਸਿੱਖਿਆ ਦੀ ਜ਼ਿੰਮੇਵਾਰੀ ਲੈਣ ਨੂੰ ਕੋਈ ਵੀ ਤਿਆਰ ਨਹੀਂ। ਭਾਰਤ ਅੰਦਰ ਵਿਦਿਅਕ ਖੇਤਰ ਬ੍ਰਿਟਿਸ਼ ਕਾਲ ਤੋਂ ਹੀ ਨਿਘਾਰ ਦਾ ਸ਼ਿਕਾਰ ਰਿਹਾ ਹੈ। ਸਾਡੇ ਸਿਆਸਤਦਾਨਾਂ ਅੰਦਰ ਇਸ ਮੁੱਢਲੇ ਅਤੇ ਪਵਿੱਤਰ ਕਾਜ ਲਈ ਇੱਛਾ ਸ਼ਕਤੀ ਹੀ ਮਰ ਚੁੱਕੀ ਲੱਗਦੀ ਹੈ। ਭਾਰਤ ਵਿੱਚ ਬਿਨਾਂ ਵਿਦਿਅਕ ਨੀਤੀ, ਯੋਜਨਾਬੰਦੀ ਅਤੇ ਇੱਛਾ ਸ਼ਕਤੀ ਦੇ ਬਹੁਤ ਸਾਰਾ ਧਨ ਖ਼ਰਚਣ ਦੇ ਬਾਵਜੂਦ ਸੰਸਾਰ ਦੀ ਸਭ ਤੋਂ ਵੱਡੀ ਅਨਪੜ੍ਹ ਅਤੇ ਅੱਧਪੜ੍ਹ ਫੌਜ ਭਾਰਤ ਵਿੱਚ ਰਹਿੰਦੀ ਹੈ। ਇੱਕ ਰਿਪੋਰਟ ਅਨੁਸਾਰ 2015 ਵਿਚ ਮੁਲਕ ਦੇ 650 ਕਾਲਜਾਂ ਵਿੱਚੋਂ ਡੇਢ ਲੱਖ ਇੰਜਨੀਅਰਿੰਗ ਪਾਸ ਵਿਦਿਆਰਥੀ ਰੁਜ਼ਗਾਰ ਦੇ ਕਾਬਲ ਨਹੀਂ ਸਨ। ਸਿੱਧੀ ਜਿਹੀ ਗੱਲ ਹੈ, 20 ਲੱਖ ਖ਼ਰਚ ਕਰ ਕੇ ਇੰਜਨੀਅਰ ਬਣੇ ਨੌਜਵਾਨਾਂ ਨੂੰ ਕੋਈ ਪ੍ਰਾਈਵੇਟ ਕੰਪਨੀ ਜਦੋਂ 6000 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੰਦੀ ਹੈ ਤਾਂ ਉਹ ਸਮਝਦਾ ਹੈ ਕਿ ਇਸ ਨਾਲੋਂ ਤਾਂ ਉਹ ਵਿਦੇਸ਼ ਵਿੱਚ ਜਾ ਕੇ ਪੜ੍ਹਾਈ ਕਰੇ ਤਾਂ ਉਸ ਦੀ ਕਾਬਲੀਅਤ ਦਾ ਪੂਰਾ ਮੁੱਲ ਪਵੇਗਾ। ਅਧਿਆਪਕ, ਡਾਕਟਰ, ਇੰਜਨੀਅਰ, ਖੇਤੀਬਾੜੀ ਅਫਸਰਾਂ ਤੱਕ ਸਰਕਾਰ ਨਿਰੋਲ ਠੇਕੇ ਤੇ ਨਿਗੂਣੀ ਤਨਖਾਹ 'ਤੇ ਭਰਤੀ ਕਰਦੀ ਹੈ। ਸਾਡੀ ਸਿੱਖਿਆ ਪ੍ਰਣਾਲੀ ਨੌਜਵਾਨਾਂ ਨੂੰ ਹੁਨਰਮੰਦ ਤੇ ਰੁਜ਼ਗਾਰ ਦੇ ਕਾਬਲ ਬਣਾਉਣ ਦੀ ਥਾਂ ਨਿਕੰਮਾ ਬਣਾ ਰਹੀ ਹੈ। ਵਿਦੇਸ਼ਾਂ ਵਿੱਚ ਜਾਣ ਦਾ ਵੱਡਾ ਕਾਰਨ ਇਹ ਵੀ ਹੈ ਕਿ ਉੱਥੇ ਕੰਮ ਅਤੇ ਕਾਬਲੀਅਤ ਦੀ ਕਦਰ ਹੈ। ਪੜ੍ਹਨ ਦੇ ਨਾਲ ਨਾਲ ਕੰਮ ਵੀ ਕੀਤਾ ਜਾ ਸਕਦਾ ਹੈ। ਇਸੇ ਕਰ ਕੇ ਲੋਕਾਂ ਵਿੱਚ ਵਿਦੇਸ਼ ਜਾਣ ਦੇ ਰੁਝਾਨ ਨੂੰ ਘੱਟ ਕਰਨਾ ਇਸ ਵਕਤ ਸਰਕਾਰ ਦੀ ਅਹਿਮ ਜ਼ਰੂਰਤ ਅਤੇ ਵੱਡੀ ਚੁਣੌਤੀ ਹੈ। ਇੰਜਨੀਅਰ, ਡਾਕਟਰਾਂ ਤੇ ਵਿਦਿਆਰਥੀਆਂ ਨੂੰ ਮਿਹਨਤਾਨਾ ਦੇ ਕੇ ਇਨ੍ਹਾਂ ਦੀਆਂ ਸੇਵਾਵਾਂ ਮੁਲਕ ਦੀ ਤਰੱਕੀ ਤੇ ਤਕਨਾਲੋਜੀ ਦੇ ਵਾਧੇ ਲਈ ਵਰਤੀਆਂ ਜਾਣ। ਨੌਜਵਾਨਾਂ ਨੂੰ ਰੁਜ਼ਗਾਰ ਦੀ ਗਾਰੰਟੀ ਲਈ ਨਵੀਂ ਸਿੱਖਿਆ ਨੀਤੀ ਬਣੇ। ਬਹੁਤੇ ਨੌਜਵਾਨ ਸਰਕਾਰੀ ਨੀਤੀਆਂ ਤੋਂ ਦੁਖੀ ਹੋ ਕੇ ਬਾਹਰਲੇ ਮੁਲਕਾਂ ਵਿੱਚ ਜਾ ਰਹੇ ਹਨ। ਇਸ ਨੂੰ ਠੱਲ੍ਹਣ ਲਈ ਕਾਬਲੀਅਤ ਦੇ ਆਧਾਰ 'ਤੇ ਨੌਕਰੀ ਦਿੱਤੀ ਜਾਵੇ। ਸਰਕਾਰੀ ਨੀਤੀ ਤਹਿਤ ਦਸ ਦਸ ਪਿੰਡਾਂ ਲਈ ਰੋਜ਼ਗਾਰ ਮੇਲੇ ਲਗਾਏ ਜਾਣ। ਕਾਂਗਰਸ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਘਰ ਘਰ ਨੌਕਰੀ' ਦਾ ਵਾਅਦਾ ਕੀਤਾ ਸੀ ਪਰ ਹੁਣ ਸਾਬਤ ਹੋ ਰਿਹਾ ਹੈ ਕਿ ਇਹ ਸਭ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਹੀ ਕੀਤਾ ਗਿਆ ਸੀ। ਇਹ ਤਾਂ ਹੋਇਆ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਤੋਂ ਆਸ ਲਗਾਉਣ ਦਾ ਕਾਰਜ; ਇਸੇ ਨੁਕਤੇ ਦਾ ਦੂਜਾ ਪਾਸਾ, ਵਧੀਆ ਸਿੱਖਿਆ ਅਤੇ ਰੁਜ਼ਗਾਰ ਲਈ ਜੂਝਣ ਦਾ ਹੈ। ਜ਼ਰਾ ਸੋਚੋ, ਜੇ ਸਾਰੇ ਨੌਜਵਾਨ ਵਿਦੇਸ਼ਾਂ ਵੱਲ ਹੀ ਰੁਖ਼ ਕਰ ਲੈਣਗੇ ਤਾਂ ਫਿਰ ਇੱਥੇ ਵਧੀਆ ਸਿੱਖਿਆ ਅਤੇ ਰੁਜ਼ਗਾਰ ਲਈ ਕੌਣ ਲੜੇਗਾ? ਸੰਜੀਦਾ ਅਤੇ ਜੁਝਾਰੂ ਨੌਜਵਾਨਾਂ ਨੂੰ ਇਸ ਪੱਖ ਨੂੰ ਵੀ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੀ ਲੀਹੋਂ ਲੱਥੀ ਗੱਡੀ ਮੁੜ ਲੀਹ ਉੱਤੇ ਚੜ੍ਹ ਸਕੇ।

ਸੰਪਰਕ: 94789-09640

# ਕੇਂਦਰ ਦੀ ਭਾਜਪਾ ਸਰਕਾਰ ਨੇ ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਖੇਤੀਬਾੜੀ ਦੋਨੋਂ ਹਾਸ਼ੀਏ 'ਤੇ ਧੱਕੇ: ਸਪੀਕਰ ਸੰਧਵਾਂ



**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕੇਂਦਰ ਦੀ ਭਾਜਪਾ ਸਰਕਾਰ ਨੇ ਅੰਨਦਾਤਾ ਕਿਸਾਨ ਅਤੇ ਖੇਤੀਬਾੜੀ ਦੋਨੋਂ ਹਾਸ਼ੀਏ 'ਤੇ ਧੱਕ ਦਿੱਤੇ ਹਨ। ਉਨ੍ਹਾਂ ਐਲਾਨ ਕਰਦਿਆਂ ਕਿਹਾ ਕਿ ਐਮ.ਐਸ.ਪੀ. ਦੀ ਲੋੜ ਕਿਉਂ ਹੈ ? ਵਿਸ਼ੇ 'ਤੇ ਕਾਲਜਾਂ 'ਚ ਕਰਵਾਏ ਜਾਣਗੇ ਲੇਖ ਮੁਕਾਬਲੇ ਕਰਵਾਏ ਜਾਣਗੇ ਤਾਂ ਜੋ ਦੇਸ਼ ਅਤੇ ਸੂਬੇ ਦੇ ਨੌਜਵਾਨ ਇਸ ਸੱਚ ਤੋਂ ਵਾਕਿਫ ਹੋ ਸਕਣ।

ਸਪੀਕਰ ਸੰਧਵਾਂ ਨੇ ਕਿਹਾ ਕਿ ਹੁਣ ਸਮੇਂ ਦੀ ਲੋੜ ਹੈ ਕਿ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫ਼ਸਲਾਂ ਦਾ ਮੁੱਲ ਮਿਲ ਸਕੇ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ ਅਤੇ ਮੌਜੂਦਾ ਸਮੇਂ ਵਿੱਚ ਵੀ ਹੱਕੀ ਮੰਗਾਂ ਨੂੰ ਲੈ ਕੇ ਕਿਸਾਨਾਂ ਵੱਲੋਂ ਅੰਦੋਲਨ ਸ਼ੁਰੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੇਖ ਮੁਕਾਬਲੇ ਕਰਵਾ ਕੇ ਅਜੋਕੀ ਨਵੀਂ ਪੀੜ੍ਹੀ ਨੂੰ ਖੇਤੀਬਾੜੀ ਪ੍ਰਤੀ ਜਾਗਰੂਕ ਕਰਨ ਲਈ ਇੱਕ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਐਮ.ਐਸ.ਪੀ ਦੇ ਵਿਸ਼ੇ ਉੱਤੇ ਕਾਲਜਾਂ ਵਿੱਚ ਲੇਖ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਜੇਤੂ ਵਿਦਿਆਰਥੀਆਂ ਨੂੰ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ 51 ਹਜ਼ਾਰ, 31 ਹਜ਼ਾਰ ਤੇ 21 ਹਜ਼ਾਰ ਦੇ ਨਕਦ ਇਨਾਮ ਦਿੱਤੇ ਜਾਣਗੇ।

ਸ. ਸੰਧਵਾਂ ਨੇ ਕਿਹਾ ਕਿ ਕੇਂਦਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਾਨੂੰਨ ਬਣਾਉਣ ਸਮੇਤ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਨੂੰ ਦੇਸ਼ ਦਾ ਅੰਨਦਾਤਾ ਕਿਹਾ ਜਾਂਦਾ ਹੈ ਅਤੇ ਆਜ਼ਾਦੀ ਤੋਂ ਬਾਅਦ ਸੱਤਾ 'ਚ ਰਹੀਆਂ ਕੇਂਦਰ ਦੀਆਂ ਸਰਕਾਰਾਂ ਨੇ ਅਜਿਹੀਆਂ ਨੀਤੀਆਂ ਬਣਾਈਆਂ ਕਿ ਕਿਸਾਨ ਅਤੇ ਖੇਤੀਬਾੜੀ ਦੋਨੋਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ।

ਸਪੀਕਰ ਨੇ ਕਿਹਾ ਕਿ ਜਦੋਂ ਕੇਂਦਰ ਸਰਕਾਰ ਨੇ ਸਾਲ 2021 ਕਿਸਾਨਾਂ ਦੀਆਂ ਵੱਖ-ਵੱਖ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਅਤੇ ਹੁਣ ਤੱਕ ਮੰਗਾਂ 'ਤੇ ਅਮਲ ਕਿਉਂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਨੂੰ ਪਿਛਲੇ ਸਮੇਂ ਦੌਰਾਨ ਮੰਨੀਆਂ ਮੰਗਾਂ ਨੂੰ ਅਮਲੀ ਰੂਪ 'ਚ ਲਾਗੂ ਕਰਵਾਉਣ ਲਈ ਦਿੱਲੀ ਜਾਣ ਕਿਉਂ ਰੋਕਿਆ ਜਾ ਰਿਹਾ ਹ

# ਦੇਸ਼ ਸਮਾਜ ਮਾਨਵਤਾ ਦੀ ਸੁਰੱਖਿਆ ਭਲਾਈ ਉਨਤੀ ਖੁਸ਼ਹਾਲੀ ਲਈ ਫਰਜ਼ ਨਿਭਾਉਣਾ ਜ਼ਰੂਰੀ : ਧਾਲੀਵਾਲ

**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਆਪਣੇ ਦੇਸ਼, ਸਮਾਜ ਅਤੇ ਮਾਨਵਤਾ ਦੀ ਸੁਰੱਖਿਆ ਭਲਾਈ ਉੱਨਤੀ, ਖੁਸ਼ਹਾਲੀ ਅਤੇ ਉਜਵੱਲ ਭਵਿੱਖ ਲਈ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਆਪਣੇ ਫ਼ਰਜ਼ਾਂ ਜੁਮੇਵਾਰੀਆਂ ਪ੍ਰਤੀ ਵਫ਼ਾਦਾਰ ਇਮਾਨਦਾਰ ਰਹਿਣਾ ਹੀ ਸੱਚੀ ਦੇਸ਼ ਭਗਤੀ ਹੈ। ਦੇਸ਼, ਸਮਾਜ ਅਤੇ ਮਾਨਵਤਾ ਇਨਸਾਨ ਨੂੰ ਸੁਖ ਸਹੂਲਤਾਂ ਸਨਮਾਨ ਸੁਰੱਖਿਆ ਦਿੰਦੇ ਹਨ, ਇਹ ਵਿਚਾਰ ਸੈਂਟ ਜੇਵੀਅਰ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਸ੍ਰੀਮਤੀ ਗੁਰਪ੍ਰੀਤ ਕੌਰ ਧਾਲੀਵਾਲ ਨੇ ਲੈਫਟੀਨੈਂਟ ਜਨਰਲ ਬੈਡਨ ਪਾਵਲ ਦੇ ਜਨਮ ਦਿਹਾੜੇ ਅਤੇ ਅੰਤਰਰਾਸ਼ਟਰੀ ਸਿਵਲ ਡਿਫੈਂਸ ਫਸਟ ਏਡ ਦਿਵਸ਼ ਮੌਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਪ੍ਰਗਟ ਕੀਤੇ। ਇਸ ਮੌਕੇ ਸ੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ਅਤੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਨੇ ਵਿਦਿਆਰਥੀਆਂ ਨੂੰ ਲੈਫਟੀਨੈਂਟ ਜਨਰਲ ਬੈਡਨ ਪਾਵਲ ਜੀ ਵਲੋਂ ਇੰਗਲੈਂਡ ਆਰਮੀ ਤੋਂ ਸੇਵਾ ਮੁਕਤ ਹੋਕੇ ਆਪਣੇ ਤਜਰਬਿਆਂ ਗਿਆਨ ਭਾਵਨਾਵਾਂ ਅਤੇ ਵਿਚਾਰਾਂ ਨਾਲ ਇੰਗਲੈਂਡ ਤੋਂ ਸ਼ੁਰੂ ਕਰਕੇ ਭਾਰਤ ਅਤੇ ਦੁਨੀਆਂ ਦੇ 160 ਦੇਸ਼ਾਂ ਨੂੰ ਸਕਾਊਟ ਗਾਈਡਜ਼ ਗਤੀਵਿਧੀਆਂ ਨਾਲ ਜੋੜਿਆ ਤਾਂ ਜੋ ਬੱਚੇ ਨੌਜਵਾਨ ਆਪਣੇ ਦੇਸ਼ ਸਮਾਜ ਵਾਤਾਵਰਨ ਮਾਨਵਤਾ ਨੂੰ ਪਿਆਰ ਸਤਿਕਾਰ ਦੇਣ ਅਤੇ ਇਨ੍ਹਾਂ ਦੀ ਉਨਤੀ ਖੁਸ਼ਹਾਲੀ ਲਈ ਹਮੇਸ਼ਾ ਯਤਨਸ਼ੀਲ ਰਹਿਣ। ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਅੰਤਰਰਾਸ਼ਟਰੀ ਸਿਵਲ ਡਿਫੈਂਸ ਸੰਸਥਾ ਵੱਲੋਂ 1 ਮਾਰਚ ਤੋਂ 3 ਮਾਰਚ ਤੱਕ ਦੁਨੀਆ ਵਿੱਚ ਆਫ਼ਤਾਵਾ ਜੰਗਾਂ ਮਹਾਂਮਾਰੀਆਂ ਘਰੇਲੂ ਘਟਨਾਵਾਂ ਰੋਕਣ, ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਬੱਚਿਆਂ, ਨੌਜਵਾਨਾਂ ਅਤੇ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਸਿੱਖਿਅਤ ਅਤੇ ਪੀੜਤਾਂ ਦੇ ਮਦਦਗਾਰ ਦੋਸਤ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਵਾਲਿਆਂ ਦਾ ਧੰਨਵਾਦ ਕਰਨ ਦੇ ਵਿਚਾਰ ਦਿੱਤੇ ਹਨ। ਸ਼੍ਰੀ ਕਾਕਾ ਰਾਮ ਵਰਮਾ ਨੇ ਵਿਦਿਆਰਥੀਆਂ ਅਧਿਆਪਕਾਂ ਨੂੰ ਦਸਿਆ ਕਿ ਘਰਾਂ ਮੁਹੱਲਿਆਂ ਦੁਕਾਨਾਂ ਇਮਾਰਤਾਂ ਵਿਖੇ ਅੱਗਾਂ ਲਗਣ, ਗੈਸਾਂ ਲੀਕ ਹੋਣ, ਬਿਜਲੀ ਕਰੰਟ ਅਤੇ ਆਵਾਜਾਈ ਹਾਦਸਿਆਂ ਨੂੰ ਘਟਾਉਣ ਲਈ ਟਰੇਨਿੰਗ ਅਭਿਆਸ ਅਤੇ ਮੌਕ ਡਰਿੱਲਾਂ ਰਾਹੀਂ ਸਿਖਿਅਤ ਕਰਨ ਤੇ ਜ਼ੋਰ ਦਿੱਤਾ, ਕਿਉਂਕਿ 80 ਪ੍ਰਤੀਸ਼ਤ ਘਟਨਾਵਾਂ ਹਾਦਸੇ ਅਤੇ ਅਚਾਨਕ ਹੋਣ ਵਾਲੀਆਂ ਮੌਤਾਂ, ਇਨਸਾਨੀ ਗਲਤੀਆਂ ਲਾਪਰਵਾਹੀਆਂ ਕਾਹਲੀ ਤੇਜ਼ੀ ਅਗਿਆਨਤਾ ਕਾਰਨ ਹੋ ਰਹੀਆਂ ਹਨ।

ਇਸ ਲਈ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਵਿਦਿਆਰਥੀਆਂ ਅਧਿਆਪਕਾਂ ਨਾਗਰਿਕਾਂ ਐਨ ਐਸ ਐਸ ਵੰਲਟੀਅਰਾਂ ਐਨ ਸੀ ਸੀ ਕੈਡਿਟਸ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਆਵਾਜਾਈ ਨਿਯਮਾਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਪ੍ਰਿੰਸੀਪਲ ਸ਼੍ਰੀਮਤੀ ਪੂਨਮ ਧੀਮਾਨ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਸਿਹਤਮੰਦ ਤਦਰੁੰਸਤ ਰਾਸ਼ਟਰ ਸਮਾਜ ਘਰ ਪਰਿਵਾਰਾਂ ਅਤੇ ਵਾਤਾਵਰਨ ਪ੍ਰੇਮੀ ਬਣਾਉਣ ਲਈ ਸਾਨੂੰ ਸੱਭ ਨੂੰ ਯਤਨ ਕਰਨੇ ਚਾਹੀਦੇ ਹਨ ਜਿਸ ਹਿੱਤ ਸ਼੍ਰੀ ਕਾਕਾ ਰਾਮ ਵਰਮਾ ਜੀ ਲੰਮੇ ਸਮੇਂ ਤੋਂ ਪ੍ਰਸੰਸਾਯੋਗ ਉਪਰਾਲੇ ਕਰ ਰਹੇ ਹਨਵਿਦਿਆਰਥੀਆਂ ਅਧਿਆਪਕਾਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਅਤੇ ਟਰੇਨਿੰਗ ਐਮਰਜੈਂਸੀ ਸਮੇਂ ਜਾਨਾਂ ਬਚਾਉਣ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ।

# ਲਾਈਨਜ਼ ਕਲੱਬ ਗੁੱਡਵਿਲ ਵੱਲੋਂ ਲਗਾਏ ਗਏ ਸਿਹਤ ਮੇਲੇ ਦਾ ਉਦਘਾਟਨ ਹਰਜੀਤ ਸਿੰਘ ਐਸ.ਐਸ.ਪੀ ਨੇ ਕੀਤਾ



**ਜੈਤੋਂ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਗਡਵਿਲ, ਜੈਤੋ ਵੱਲੋਂ ਲਾਇੰਸ ਆਈ ਕੇਅਰ ਸੈਂਟਰ, ਗਊਸ਼ਾਲਾ ਰੋਡ ਜੈਤੋ ਵਿਖੇ ਵਿਸ਼ਾਲ ਸਿਹਤ ਮੇਲਾ ਲਗਾਇਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਸ਼੍ਰੀ ਹਰਜੀਤ ਸਿੰਘ ਐਸ ਐਸ ਪੀ ਫਰੀਦਕੋਟ ਵੱਲੋ ਕੀਤਾ ਗਿਆ। ਇਸ ਮੌਕੇ ਤੇ ਲਾਇੰਸ ਆਈ ਕੇਅਰ ਸੈਂਟਰ ਜੈਤੋ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ , ਜ਼ੋਨ ਚੇਅਰਮੈਂ ਪਰਵੀਨ ਜਿੰਦਲ,ਪ੍ਰਧਾਨ ਸੰਦੀਪ ਜਿੰਦਲ, ਸੈਕਟਰੀ ਪ੍ਰੇਮ ਬਾਂਸਲ, ਖਜਾਨਚੀ ਸਿੰਗਲਾ ਤੋ ਇਲਾਵਾ ਲਾਇਨ ਕਲੱਬ ਗੰਗਸਰ ਦੇ ਮੈਂਬਰ ਵੀ ਮੌਜੂਦ ਸਨ। ਉਦਘਾਟਨੀ ਸਮਾਰੋਹ ਮੌਕੇ ਹਰਜੀਤ ਸਿੰਘ ਐਸ ਐਸ ਪੀ ਫਰੀਦਕੋਟ ਵੱਲੋ ਲਾਇਨ ਕਲੱਬ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਦੀ ਖੂਬ ਪ੍ਰਸੰਸਾ ਕੀਤੀ ਗਈ।

ਇਸ ਕੈਂਪ ਦੌਰਾਨ ਵੱਖ ਵੱਖ ਰੋਗਾ ਜਿਵੇਂ ਪੇਟ ਦੀਆਂ ਬਿਮਾਰੀਆਂ ਦਾ ਔਰਤਾਂ ਦੇ ਰੋਗਾਂ ਦਾ ਅਤੇ ਅੱਖਾ ਦੀਆਂ ਬਿਮਾਰੀਆਂ ਦੇ ਇਲਾਜ ਲਈ ਮੁਫ਼ਤ ਚੈਕਅੱਪ ਕੈਂਪ ਲਗਾਇਆ ਗਿਆ। ਇਸ ਸਿਹਤ ਮੇਲੇ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਡਾ: ਭੰਵਰਜੋਤ ਸਿੰਘ, ਪੇਟ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਰਮਨ ਗਰਗ ਅਤੇ ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਸ਼ਿਵਾਨੀ ਗੋਇਲ ਆਦਿ ਵੱਲੋਂ, ਇਸ ਸਿਹਤ ਮੇਲੇ ਦੌਰਾਨ ਵੱਖ ਵੱਖ ਮਰੀਜ਼ਾ ਦੀਆਂ ਵੱਖ ਵੱਖ ਬੀਮਾਰੀਆਂ ਦਾ ਚੈੱਕਅਪ ਕੀਤਾ ਗਿਆ। ਇਸ ਕੈਂਪ ਦੌਰਾਨ ਲਾਈਨ ਕਲੱਬ ਗੁਡਵਿਲ ਜੈਤੋ ਲਾਇਨ ਕਲੱਬ ਗੰਗਸਰ ਜੈਤੋ ਵੱਲ ਬਹੁਤ ਹੀ ਖੂਬਸੂਰਤ ਪ੍ਰਬੰਧ ਕੀਤੇ ਹੋਏ ਸਨ। ਇਸ ਮੌਕੇ ਤੇ ਲਾਇਨ ਕਲੱਬ ਗੰਗਸਰ ਜੈਤੋ ਦੇ ਪ੍ਰਧਾਨ ਸਪੰਨ ਕੋਠਰੀ, ਭੀਮ ਸੈਨ ਜਿੰਦਲ,ਪਰਦੀਪ ਸਿੰਗਲਾ, ਪਵਨ ਗੋਇਲ,ਰਮੇਸ਼ ਵਰਮਾ,ਰਾਮ ਅਵਤਾਰ ਵਰਮਾ,ਮੈਨੂੰ ਗੋਇਲ,ਵਿਸ਼ਾਲ ਬਾਂਸਲ ਪਵਨ ਵਧਵਾ,ਪਰਸ਼ੋਤਮ ਸਿੰਗਲਾ, ਸੱਤ ਪਾਲ ਜਿੰਦਲ, ਆਸ਼ਿਤਾ ਕਟਾਰੀਆ, ਪਰਵੀਨ ਜੈਨ, ਨਰੇਸ਼ ਜਿੰਦਲ,ਮਦਨ ਬਾਂਸਲ ਐਡਵੋਕੇਟ, ਭੂਸ਼ਣ ਸੋਢੀ,vHkas ਬਾਂਸਲ, ਲਵਲੀਨ ਕੋਚਰ,ਰਾਜੇਸ਼ ਲੂੰਬਾ, ਭਰਤ ਬਾਂਸਲ, ਸੰਧਾਸ਼ੂ ਜਿੰਦਲ,ਭੂਸ਼ਣ ਜਿੰਦਲ, ਮੁਕੇਸ਼ ਗੋਇਲ, ਆਦਿ ਤੋਂ ਇਲਾਵਾ ਹੋਰ ਵੀ ਸ਼ਹਿਰ ਦੇ ਪਤਵੰਤੇ ਸੱਜਣ ਮੌਜੂਦ ਸਨ। ਇਸ ਸਿਹਤ ਮੇਲੇ ਦੌਰਾਨ ਭਾਰੀ ਗਿਣਤੀ ਵਿੱਚ ਵੱਖ ਵੱਖ ਬਿਮਾਰੀਆਂ ਨਾਲ ਸਬੰਧਿਤ ਮਰੀਜ਼ਾ ਵੱਲੋ ਇਲਾਜ ਕਰਵਾਇਆ ਗਿਆ। ਲਾਇਨ ਕਲੱਬ ਦੇ ਪ੍ਰਧਾਨ ਸੰਦੀਪ ਜਿੰਦਲ ਅਤੇ ਸਕੱਤਰ ਪ੍ਰੇਮ ਬਾਂਸਲ ਨੇ ਦੱਸਿਆ ਕਿ ਇਸ ਸਿਹਤ ਮੇਲੇ ਦੌਰਾਨ 227 ਮਰੀਜ਼ਾ ਦਾ ਚੈੱਕਅਪ ਕੀਤਾ ਗਿਆ ਅਤੇ ਸਾਰੇ ਹੀ ਮਰੀਜ਼ਾ ਨੂੰ ਦਵਾਈਆਂ ਵੀ ਮੁੱਫਤ ਦਿੱਤੀਆ ਗਈਆਂ ।

# ਸਿਵਲ ਹਸਪਤਾਲ ਬਠਿੰਡਾ ਦਾ ਮੈਡੀਕਲ ਅਫਸਰ ਤੇ ਸਫਾਈ ਸੇਵਕ ਦੂਜੀ ਕਿਸ਼ਤ ਵਜੋਂ 5,000 ਰੁਪਏ ਰਿਸ਼ਵਤ ਲੈਂਦੇ ਵਿਜੀਲੈਂਸ ਬਿਊਰੋ ਵੱਲੋਂ ਕਾਬੂ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਸਿਵਲ ਹਸਪਤਾਲ ਬਠਿੰਡਾ ਵਿਖੇ ਤਾਇਨਾਤ ਡਾਕਟਰ ਨਰਿੰਦਰਪਾਲ ਸਿੰਘ ਮੈਡੀਕਲ ਅਫਸਰ ਅਤੇ ਰਾਮ ਸਿੰਘ ਉਰਫ਼ ਟੀਨੂ ਨਾਂ ਦੇ ਸਫਾਈ ਸੇਵਕ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮਾਂ ਨੂੰ ਪਿੰਡ ਗੁਰੂਸਰ ਸਹਿਣੇ ਵਾਲਾ, ਜ਼ਿਲ੍ਹਾ ਬਠਿੰਡਾ ਦੇ ਵਸਨੀਕ ਨਿਰਮਲ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮਾਂ ਨੇ ਇੱਕ ਝਗੜੇ ਵਿੱਚ ਜ਼ਖਮੀ ਹੋਏ ਉਸ ਦੇ ਨੌਕਰ ਦੀ ਮੈਡੀਕੋ ਲੀਗਲ ਰਿਪੋਰਟ (ਐਮ.ਐਲ.ਆਰ.) ਜਾਰੀ ਕਰਨ ਬਦਲੇ 12,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ ਪਰ 10,000 ਰੁਪਏ ਦੀ ਰਿਸ਼ਵਤ ਦੇਣ ਦਾ ਸੌਦਾ ਤੈਅ ਹੋਇਆ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਕਤ ਦੋਵੇਂ ਮੁਲਜ਼ਮ ਪਹਿਲਾਂ ਇਸ ਸਬੰਧੀ 5 ਹਜ਼ਾਰ ਰੁਪਏ ਮੌਕੇ 'ਤੇ ਹੀ ਲੈ ਚੁੱਕੇ ਹਨ ਅਤੇ ਰਿਸ਼ਵਤ ਦੀ ਬਾਕੀ ਰਕਮ ਮੰਗ ਰਹੇ ਹਨ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਬਠਿੰਡਾ ਰੇਂਜ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਉਕਤ ਮੈਡੀਕਲ ਅਫਸਰ ਅਤੇ ਸਫਾਈ ਸੇਵਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸ਼ਵਤ ਦੀ ਦੂਜੀ ਕਿਸ਼ਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ।

ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ।

# ਸਕੂਲ ਦਾ ਨਾਂ ਰੌਸ਼ਨ ਕੀਤਾ



**ਸੁਨਾਮ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ ਦੀ ਪੰਜਾਬੀ ਅਧਿਆਪਕਾ ਸ਼੍ਰੀਮਤੀ ਮਨਿੰਦਰ ਕੌਰ ਨੇ ਆਪਣਾ ਪੰਜਾਬ ਫਾਊਂਡੇਸ਼ਨ ਜਿਸ ਦੀ ਪ੍ਰਧਾਨਗੀ ਸ਼੍ਰੀ ਸੁਰਜੀਤ ਪਾਤਰ ਪਦਮ ਸ਼੍ਰੀ ਅਵਾਰਡੀ ਕਰ ਰਹੇ ਹਨ, ਤੋਂ ਸੁਭਾ ਕਰਮਨ ਅਵਾਰਡ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਸਬੰਧ ਵਿੱਚ ਬ੍ਰਿਟੇਨਿਕਾ ਕੰਪਲੈਕਸ ਲੁਧਿਆਣਾ ਵਿਖੇ ਸਮਾਗਮ ਕਰਵਾਇਆ ਗਿਆ।ਮਾਤ-ਭਾਸ਼ਾ ਉਹ ਭਾਸ਼ਾ ਹੈ ਜਿਸਦੀ ਵਰਤੋਂ ਅਸੀਂ ਜੀਵਨ ਦੇ ਸਾਰੇ ਮਾਮਲਿਆਂ ਵਿੱਚ ਸਭ ਤੋਂ ਵੱਧ ਖੁੱਲ੍ਹ ਕੇ ਅਤੇ ਸਰਗਰਮੀ ਨਾਲ ਕਰਦੇ ਹਾਂ। ਬੱਚਾ ਜਨਮ-ਭਾਸ਼ਾ ਰਾਹੀਂ ਸੰਸਾਰ ਨੂੰ ਸਿੱਖਦਾ ਹੈ। ਇਹ ਸ਼ਬਦ ਉਸ ਭਾਸ਼ਾ ਨੂੰ ਦਰਸਾਉਂਦਾ ਹੈ ਜੋ ਅਸੀਂ ਆਪਣੇ ਮਾਤਾ-ਪਿਤਾ ਤੋਂ ਸੁਣਦੇ ਹਾਂ ਜਿਸ ਵਿੱਚ ਅਸੀਂ ਵੱਡੇ ਹੋਏ ਹਾਂ ਅਤੇ ਜੋ ਲੋਕਾਂ ਅਤੇ ਉਸ ਸਥਾਨ ਲਈ ਆਮ ਹੈ ਜਿੱਥੇ ਸਾਡਾ ਜਨਮ ਹੋਇਆ ਸੀ।ਸਕੂਲ ਦੇ ਚੇਅਰਮੈਨ ਦੀਪਕ ਗੁਪਤਾ ਅਤੇ ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਨੇ ਉਸ ਨੂੰ ਵਧਾਈ ਦਿੱਤੀ ਅਤੇ ਉਸ ਦੀ ਇਸ ਪ੍ਰਾਪਤੀ @ਤੇ ਮਾਣ ਮਹਿਸੂਸ ਕੀਤਾ। ਸਕੂਲ ਦੇ ਸਾਰੇ ਮੈਂਬਰਾਂ ਨੇ ਇਸ ਪਲ ਦਾ ਆਨੰਦ ਮਾਣਿਆ

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡ ਤਕੀਪੁਰ ਵਿੱਚ ਰੱਖਿਆ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ ਅਤੇ ਕੀਤਾ ਵਾਲੀਬਾਲ ਗਰਾਊਂਡ ਦਾ ਉਦਘਾਟਨ

**ਸੁਨਾਮ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਹਲਕਾ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਪਿੰਡ ਤਕੀਪੁਰ ਵਿੱਚ 70 ਲੱਖ ਰੁਪਏ ਲਾਗਤ ਨਾਲ ਸਾਫ਼ ਪੀਣਯੋਗ ਪਾਣੀ ਦੀ ਘਰ-ਘਰ ਸਪਲਾਈ ਲਈ ਬਣਾਈ ਜਾਣ ਵਾਲੀ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ ਰੱਖਿਆ ਅਤੇ ਤਕਰੀਬਨ 4 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਵਾਲੀਬਾਲ ਗਰਾਊਂਡ ਦਾ ਉਦਘਾਟਨ ਵੀ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਪੂਰੀ ਸੰਜੀਦਗੀ ਨਾਲ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਸੇ ਤਹਿਤ ਹੀ ਪਿੰਡਾਂ ਦੇ ਸਰਵਪੱਖੀ ਵਿਕਾਸ ਦੇ ਸੁਪਨੇ ਨੂੰ ਹਕੀਕਤ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਨੂੰ ਸੁਨਾਮ ਹਲਕੇ ਵਿੱਚ ਵੀ ਪੂਰੀ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਦੀ ਮੰਗ ਅਨੁਸਾਰ ਲੋੜੀਂਦੇ ਵਿਕਾਸ ਪ੍ਰੋਜੈਕਟ ਸ਼ੁਰੂ ਕਰਵਾ ਕੇ ਸਮੇਂ ਸਿਰ ਪੂਰੇ ਕਰਵਾਉਣੇ ਉਹ ਖੁਦ ਯਕੀਨੀ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਹਰ ਪਿੰਡ ਅਤੇ ਸ਼ਹਿਰਾਂ ਦੇ ਹਰ ਇਲਾਕੇ ਵਿੱਚ ਲੋੜੀਂਦੇ ਵਿਕਾਸ ਕੰਮ ਉਨ੍ਹਾਂ ਦੀ ਤਰਜੀਹ ਉੱਪਰ ਹਨ ਅਤੇ ਆਪਣੀ ਸਰਕਾਰ ਦੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਮਿਆਰੀ ਢੰਗ ਨਾਲ ਪੂਰਾ ਕਰਵਾਉਣਾ ਹਰ ਹੀਲੇ ਯਕੀਨੀ ਬਣਾਉਣਗੇ।

ਇਸ ਮੌਕੇ ਐਕਸੀਅਨ ਜਲ ਸਪਲਾਈ ਚਮਕ ਸਿੰਗਲਾ, ਪ੍ਰਧਾਨ ਗੁਰਦੀਪ ਸਿੰਘ ਤਕੀਪੁਰ, ਲਖਵਿੰਦਰ ਸਿੰਘ ਸੁਖ ਸਾਹੋਕੇ ਬਲਾਕ ਪ੍ਰਧਾਨ, ਬਲਵਿੰਦਰ ਸਿੰਘ ਢਿੱਲੋਂ, ਮਾਸਟਰ ਬਲਵਿੰਦਰ ਸਿੰਘ, ਸਰਪੰਚ ਦਵਿੰਦਰ ਸਿੰਘ, ਨਿਰਮਲ ਸਿੰਘ ਨੰਬਰਦਾਰ, ਜਸਪਾਲ ਸਿੰਘ, ਗੁਰਮੀਤ ਵਿਰਕ, ਗੁਰਦੀਪ ਸਿੰਘ, ਗੁਰਦੀਪ ਸਿੰਘ ਸ਼ਾਹਪੁਰੀਆ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿੱਚ ਸ਼੍ਰੀ ਸ਼ਿਵ ਪਰਿਵਾਰ ਜੀ ਦੀ ਮੂਰਤੀ ਸਥਾਪਨਾ




**ਸੁਨਾਮ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਰਜਿ. ਵੱਲੋਂ ਮਹਾਸ਼ਿਵਰਾਤਰੀ ਦੇ ਤਿਉਹਾਰ ਤੇ ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿੱਚ ਸ਼੍ਰੀ ਸ਼ਿਵ ਪਰਿਵਾਰ ਜੀ ਦੀ ਮੂਰਤੀ ਸਥਾਪਨਾ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਸ਼੍ਰੀ ਬਾਲਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਮੰਦਰ ਪਰਿਸਰ ਵਿੱਚ ਨਰਮਦੇਸ਼ਵਰ ਸ਼ਿਵਲਿੰਗ ਦੀ ਸਥਾਪਨਾ ਕੀਤੀ ਜਾ ਰਹੀ ਹੈ। ਨਰਮਦੇਸ਼ਵਰ ਸ਼ਿਵਲਿੰਗ ਦੀ ਪੂਜਾ ਨੂੰ ਸ਼ਾਸਤਰਾਂ ਵਿਚ ਸਭ ਤੋਂ ਉੱਤਮ ਮੰਨਿਆ ਗਿਆ ਹੈ। ਨਰਮਦੇਸ਼ਵਰ ਸ਼ਿਵਲਿੰਗ ਨੂੰ ਭਗਵਾਨ ਸ਼ੰਕਰ ਦੇ ਆਸ਼ੀਰਵਾਦ ਨਾਲ ਸਵਭਊ ਮੰਨਿਆ ਜਾਂਦਾ ਹੈ। ਸ਼੍ਰੀ ਸ਼ਿਵ ਪਰਿਵਾਰ ਦੀ ਮੂਰਤੀਆ ਮਹਾਸ਼ਿਵਰਾਤਰੀ ਵਾਲੇ ਦਿਨ 8 ਮਾਰਚ ਨੂੰ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਸ਼੍ਰੀ ਬਾਲਾਜੀ ਮੰਦਰ ਵਿੱਚ ਸਥਾਪਿਤ ਕੀਤੀਆ ਜਾਣ ਗਿਆ। ਸ਼੍ਰੀ ਸ਼ਿਵ ਪਰਿਵਾਰ ਅਤੇ ਪੂਜਾ ਦੀ ਸੇਵਾ ਦਿੱਲੀ ਦੇ ਵਪਾਰੀ ਸ਼੍ਰੀ ਮਨੁਜ ਸਚਦੇਵਾ ਸਪੁੱਤਰ ਸ਼੍ਰੀ ਜੈ ਨਰਾਇਣ ਸਚਦੇਵਾ ਵੱਲੋਂ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰਾਣ ਪ੍ਰਤਿਸ਼ਠਾ ਉਤਸਵ 2 ਮਾਰਚ ਸ਼ਨੀਵਾਰ ਤੋਂ 7 ਮਾਰਚ ਵੀਰਵਾਰ ਤੱਕ ਚੱਲੇਗਾ ਅਤੇ 8 ਮਾਰਚ ਸ਼ੁਕਰਵਾਰ ਨੂੰ ਮਹਾਂਸ਼ਿਵਰਾਤਰੀ 'ਵਾਲੇ ਦਿਨ ਮੂਰਤੀਆਂ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿਹਾ ਕਿ ਮੂਰਤੀ ਸਥਾਪਨਾ ਦੇ ਮੌਕੇ ਤੇ 2 ਮਾਰਚ ਸ਼ਨੀਵਾਰ ਨੂੰ ਕਲਸ਼ ਯਾਤਰਾ ਨਿਕਾਲੀ ਜਾਵੇਗੀ ਇਹ ਯਾਤਰਾ ਸਵੇਰੇ 10 ਵਜੇ ਸ੍ਰੀ ਬਾਲਾ ਜੀ ਮੰਦਿਰ ਤੋਂ ਸ਼ੁਰੂ ਹੋ ਕਰ ਬਿਗੜਵਾਲ ਰੋਡ , ਇੰਦਰਾ ਮਾਰਗ, ਸ਼੍ਰੀ ਰਾਮ ਆਸ਼ਰਮ ਮੰਦਿਰ ਤੋਂ ਸ਼੍ਰੀ ਰਾਮੇਸ਼ਵਰ ਸ਼ਿਵ ਮੰਦਿਰ ਤੋਂ ਜਲ ਲੈ ਕੇ ਸ਼੍ਰੀ ਬਾਲਾ ਜੀ ਮੰਦਿਰ ਵਾਪਿਸ ਆਵੇਗੀ।

ਉਨ੍ਹਾਂ ਨੇ ਸਾਰੇ ਸ਼ਹਿਰ ਵਾਸੀਆਂ ਬਹੁਤ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਨੇ ਮੰਦਿਰ ਪਰਿਸਰ ਦੇ ਵਿਸਤਾਰ ਲਈ ਤਨ ਮਨ ਧਨ ਨਾਲ ਸਹਿਯੋਗ ਕੀਤਾ ਅਤੇ ਕਿਸੀ ਵੀ ਦਾਨੀ ਸੱਜਨ ਨੇ ਅਪਣੇ ਮਾਤਾ ਪਿਤਾ ਦੀ ਯਾਦ ਵਿੱਚ ਕਮਰੇ ਦਾ ਨਿਰਮਾਣ ਕਰਵਾਨਾ ਹੈ ਤਾਂ ਉਹ ਮੰਦਿਰ ਦੇ ਕਿਸੀ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ।

ਇਸ ਮੌਕੇ ਅੰਕਿਤ ਬਾਂਸਲ ਸ਼ਿਬੂ, ਪ੍ਰਵੇਸ਼ ਅਗਰਵਾਲ, ਰਾਜੀਵ ਜੈਨ, ਸ਼ੀਤਲ ਮਿੱਤਲ, ਸੰਜੀਵ ਨਾਗਰਾ, ਵਰੁਣ ਕਾਂਸਲ, ਰਾਜੇਸ਼ ਬਾਂਸਲ, ਦੇਵਰਾਜ ਸਿੰਗਲਾ, ਅਨੀਲ ਗੋਇਲ , ਨਰਾਇਣ ਸ਼ਰਮਾ,ਰਜਤ ਜੈਨ ਆਦਿ ਹਾਜ਼ਰ ਸਨ।

# ਸੁਪਰੀਮ ਕੋਰਟ ਵੱਲੋਂ ਜੇਲ੍ਹਾਂ ਦੇ ਸੁਧਾਰ ਲਈ ਮੀਟਿੰਗ ਹੋਈ

**ਤਰਨ ਤਾਰਨ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਸੁਪਰੀਮ ਕੋਰਟ ਵੱਲੋਂ ਜੇਲ੍ਹਾਂ ਦੇ ਸੁਧਾਰ ਲਈ ਗਠਿਤ ਕੀਤੀ ਗਈ ਕਮੇਟੀ ਅਨੁਸਾਰ ਮਾਨਯੋਗ ਪ੍ਰਿਆ ਸੂਦ, ਜ਼ਿਲਾਂ ਅਤੇ ਸੈਸ਼ਨਜ਼ ਜੱਜ, ਤਰਨ ਤਾਰਨ ਜੀ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਮੀਟਿੰਗ ਕੀਤੀ ਗਈ। ਜਿਸ ਵਿੱਚ ਸ਼੍ਰੀ ਵਰਿੰਦਰਪਾਲ ਸਿੰਘ, ਅਡੀਸ਼ਨਲ ਡਿਪਟੀ ਕਮਿਸ਼ਨਰ, ਤਰਨ ਤਾਰਨ, ਮਿਸ. ਮਿਸ. ਪ੍ਰਤਿਮਾ ਅਰੋੜਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸ਼੍ਰੀ ਸਤਨਾਮ ਸਿੰਘ, ਡਿਪਟੀ, ਸੁਪਰਡੈਂਟ ਆਫ਼ ਪੁਲਿਸ ਤਰਨ ਤਾਰਨ, ਸ਼੍ਰੀ ਗੁਰਚਰਨ ਸਿੰਘ ਧਾਲੀਵਾਲ ਸੁਪਰਡੈਂਟ, ਸੈਂਟਰਲ ਜੇਲ ਸ਼੍ਰੀ ਗੋਇੰਦਵਾਲ ਸਾਹਿਬ, ਸ਼੍ਰੀ ਜਤਿੰਦਰਪਾਲ ਸਿੰਘ, ਡਿਪਟੀ ਸੁਪਰਡੈਂਟ, ਸਬ-ਜੇਲ ਪੱਟੀ, ਹਾਜ਼ਰ ਸਨ। ਇਸ ਮੀਟਿੰਗ ਮਾਨਯੋਗ ਜੱਜ ਸਾਹਿਬ ਜੀ ਨੂੰ ਜੇਲ੍ਹਾਂ ਦੇ ਸੁਪਰਡੰਟਾਂ ਕੋਲੋ ਜੇਲ੍ਹਾ ਦਾ ਕਿਸ ਤਰ੍ਹਾਂ ਨਾਲ ਸੁਧਾਰ ਕੀਤਾ ਜਾ ਸਕਦਾ ਹੈ ਇਸ ਬਾਰੇ ਗੱਲ ਬਾਤ ਕੀਤੀ ਅਤੇ ਸੈਂਟਰਲ ਜੇਲ੍ਹ ਗੋਇੰਦਵਾਲ ਦੇ ਸੁਪਰਡੰਟ ਨੇ ਦੱਸਿਆ ਕਿ ਸਾਨੂੰ ਸਟਾਫ ਦੀ ਬਹੁਤ ਜ਼ਿਆਦਾ ਕਮੀ ਹੈ ਸੈਂਟਰਲ ਜੇਲ੍ਹ ਗੋਇੰਦਵਾਲ ਸਾਹਿਬ ਵਿੱਚ ਸਾਰੀਆਂ ਪੋਸਟਾਂ 470 ਹੈਂ ਪਰ ਇਸ ਵਿੱਚ ਅੱਜ ਤੱਕ ਸਿਰਫ 174 ਪੋਸਟਾਂ ਹੀ ਭਰੀਆਂ ਹਨ 297 ਪੋਸਟਾਂ ਖਾਲੀ ਹਨ। 174 ਪੋਸਟਾਂ ਜੋ ਭਰੀਆਂ ਹਨ ਉਹਨਾਂ ਵਿੱਚੋਂ 27 ਜੇਲ ਵਾਂਡਰ ਪਟਿਆਲਾ ਟ੍ਰੇਨਿੰਗ ਸਕੂਲ ਵਿੱਚ ਟ੍ਰੇਨਿੰਗ ਲੈ ਰਹੇ ਹਨ। ਸੈਂਟਰਲ ਜੇਲ੍ਹ ਗੋਇੰਦਵਾਲ ਸਾਹਿਬ ਦੇ ਸੁਪਰਡੰਟ ਨੇ ਦੱਸਿਆ ਕਿ ਜੇਲ ਅੰਦਰ 17 ਵਾਕੀ ਟੋਕੀ ਹੈ ਉਹਨਾਂ ਵਿੱਚ 07 ਸਿਰਫ ਕੰਮ ਕਰਦੇ ਹਨ ਅਤੇ ਇਸ ਤੋਂ ਇਲਾਵਾਂ ਸੁਪਰਡੰਟ ਸਾਹਿਬ ਨੇ ਦੱਸਿਆਂ ਕਿ ਜੇਲ ਅੰਦਰ 220 ਸੀ.ਸੀ.ਟੀ.ਵੀ ਕੈਮਰਿਆਂ ਦੀ ਲੋੜ ਹੈ ਪਰ ਇਸ ਟਾਈਮ ਸਿਰਫ 100 ਕੈਮਰੇ ਹੀ ਕੰਮ ਕਰ ਰਹੇ ਹਨ। ਅਤੇ ਮੈਡੀਕਲ ਲਈ 20 ਪਰਮਾਨੈਂਟ ਪੁਲਿਸ ਕਰਮਚਾਰੀਆਂ ਦੀ ਗਾਰਦ ਦੀ ਲੋੜ ਹੈ ਪਰ ਇਸ ਟਾਈਮ ਜੇਲ ਅੰਦਰ ਕੋਈ ਵੀ ਪਰਮਾਨੈਂਟ ਮੈਡੀਕਲ ਗਾਰਦ ਨਹੀਂ ਹੈ। ਸੁਪਰਡੈਂਟ, ਸੈਂਟਰਲ ਜੇਲ੍ਹ ਗੋਇੰਦਵਾਲ ਸਾਹਿਬ ਨੇ ਮਾਨਯੋਗ ਜੱਜ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਮੈਡੀਕਲ ਗਾਰਦ ਦਾ ਪਰਮਾਨੈਂਟ ਪ੍ਰਬੰਧ ਕਰਵਾਇਆ ਜਾਵੇ ਜੀ । ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਜੀ ਨੇ ਕਮੇਟੀ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਜੇਲਾਂ ਦਾ ਸੁਧਾਰ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।

# ਮਾਛੀਵਾੜਾ ਸਾਹਿਬ ਦੇ ਖੇਡ ਮੇਲੇ 'ਚ ਫੁੱਟਬਾਲ ਭਰਥਲਾ ਅਤੇ ਹਾਕੀ ਕੱਪ ਰਾਮਪੁਰ ਟੀਮ ਨੇ ਜਿੱਤਿਆ



**ਮਾਛੀਵਾੜਾ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚਰਨ ਕੰਵਲ ਸਪੋਰਟਸ ਐਂਡ ਵੈਲਫੇਅਰ ਕਲੱਬ ਵਲੋਂ ਮਾਛੀਵਾੜਾ ਸਾਹਿਬ ਦੀ ਇਤਿਹਾਸਕ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਸਵ. ਜਗਮੋਹਣ ਸਿੰਘ ਟੱਕਰ ਅਤੇ ਕੋਚ ਸਵ. ਗਿਆਨ ਸਿੰਘ ਯਾਦਗਾਰੀ ਚਾਰ ਰੋਜ਼ਾ ਖੇਡ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਫੁੱਟਬਾਲ ਕੱਪ ਦਾ ਫਾਈਨਲ ਮੁਕਾਬਲਾ ਭਰਥਲਾ ਅਤੇ ਕੁਲੀਏਵਾਲ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ ਵਿਚ ਭਰਥਲਾ ਨੇ ਜਿੱਤ ਪ੍ਰਾਪਤ ਕਰ ਪਹਿਲਾ ਇਨਾਮ ਪ੍ਰਾਪਤ ਕੀਤਾ। ਹਾਕੀ ਦੇ ਫਾਈਨਲ ਮੁਕਾਬਲੇ ਵਿਚ ਰਾਮਪੁਰ ਦੇ ਖਿਡਾਰੀ ਜੇਤੂ ਰਹੇ ਜਦਕਿ ਦੂਜੇ ਨੰਬਰ 'ਤੇ ਭੈਣੀ ਸਾਹਿਬ ਦੀ ਟੀਮ ਰਹੀ। ਹਾਕੀ 45 ਸਾਲ ਤੋਂ ਵੱਧ ਉਮਰ ਦੇ ਮੁਕਾਬਲੇ 'ਚ ਸਮਰਾਲਾ ਤੇ ਸਰੀਂਹ ਦੀਆਂ ਟੀਮਾਂ ਬਰਾਬਰੀ 'ਤੇ ਰਹੀਆਂ। ਇੰਡੀਅਨ ਸ਼ਿਕਾਰੀ ਕੁੱਤਿਆਂ ਦੀਆਂ ਦੌੜਾਂ 'ਚ 106 ਕੁੱਤਿਆਂ ਨੇ ਭਾਗ ਲਿਆ। ਇਨ੍ਹਾਂ ਦੌੜਾਂ 'ਚ ਹੈਰੀ ਕਿਲ੍ਹਾ ਰਾਏਪੁਰ ਦੀ ਕੁੱਤੀ ਏਵਨ ਨੇ ਪਹਿਲਾ ਅਤੇ ਟੋਨੀ ਇਯਾਲੀ ਟਾਈਗਰ ਗਰੁੱਪ ਦੇ ਕੁੱਤੇ ਟਾਈਗਰ ਬੁਆਏ ਨੇ ਦੂਜਾ ਸਥਾਨ, ਜਗਦੀਪ ਸਮਾਣਾ ਦੀ ਕੁੱਤੀ ਥਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਪਹਿਲੇ 15 ਸਥਾਨ ਪ੍ਰਾਪਤ ਕਰਨ ਵਾਲੇ ਕੁੱਤਿਆਂ ਨੂੰ ਵੀ ਇਨਾਮ ਦੇ ਕੇ ਨਿਵਾਜਿਆ ਗਿਆ। ਖੇਡ ਮੇਲੇ ਅੰਤਿਮ ਦਿਨ ਮੁੱਖ ਮਹਿਮਾਨ ਵਜੋਂ ਐਮ.ਪੀ. ਡਾ. ਅਮਰ ਸਿੰਘ, ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ, ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, 'ਆਪ' ਜ਼ਿਲਾ ਪ੍ਰਧਾਨ ਪਰਮਿੰਦਰ ਸਿੰਘ ਸੰਧੂ, ਸੋਨੂੰ ਕਲਿਆਣ, ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਕਾਂਗਰਸ ਜ਼ਿਲਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਜਗਜੀਤ ਸਿੰਘ ਪ੍ਰਿਥੀਪੁਰ, ਤੇਜਿੰਦਰ ਸਿੰਘ ਕੂੰਨਰ ਪੁੱਜੇ ਜਿਨ੍ਹਾਂ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਖਿਡਾਰੀਆਂ ਨੂੰ ਇਨਾਮ ਵੰਡੇ। ਇਸ ਮੌਕੇ ਐਮ.ਪੀ. ਅਮਰ ਸਿੰਘ ਵਲੋਂ ਸਪੋਰਟਸ ਕਲੱਬ ਨੂੰ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਹਰਜਤਿੰਦਰ ਸਿੰਘ ਪਵਾਤ, ਬਲਾਕ ਸੰਮਤੀ ਮੈਂਬਰ ਹਰਜੋਤ ਸਿੰਘ ਮਾਂਗਟ, ਜਸਪਾਲ ਸਿੰਘ ਟੱਕਰ, ਜਸਪ੍ਰੀਤ ਸਿੰਘ ਕਾਕਾ ਮਾਛੀਵਾੜਾ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਦਵਿੰਦਰ ਸਿੰਘ ਬਵੇਜਾ, ਸਾਬਕਾ ਈ.ਓ. ਸੁਖਸਾਗਰ ਸਿੰਘ, ਪ੍ਰਿੰ. ਦਰਸ਼ਨ ਲਾਲ ਜੈਨ, ਸ਼ਿਵ ਕੁਮਾਰ ਸ਼ਿਵਲੀ, ਪ੍ਰਵੀਨ ਮੱਕੜ, ਜਗਮੀਤ ਸਿੰਘ ਮੱਕਡ ?, ਆੜ੍ਹਤੀ ਬਲਵਿੰਦਰ ਸਿੰਘ ਬਿੰਦਰ, ਦਲੀਪ ਸਿੰਘ ਮੱਲ੍ਹੀ, ਜਸਵੀਰ ਸਿੰਘ ਗਿੱਲ, ਹਰਿੰਦਰ ਸਿੰਘ, ਨਰਿੰਦਰਪਾਲ ਨਿੰਦੀ, ਮਿੰਕੂ ਹੰਸ, ਅੰਤਰਜੋਤ ਸਿੰਘ, ਪੀ.ਏ. ਹਰਚੰਦ ਸਿੰਘ, ਗੁਰਮੁਖ ਸਿੰਘ, ਹਰਿੰਦਰ ਸਿੰਘ ਪੱਪੀ, ਚੇਤਨ ਕੁਮਾਰ, ਜਗਦੀਪ ਸਿੰਘ ਝੱਜ, ਨੀਰਜ ਸਿਹਾਲਾ, ਸਿਮਰਨਜੀਤ ਸਿੰਘ ਗੋਗੀਆ ਤੋਂ ਇਲਾਵਾ ਕਲੱਬ ਮੈਂਬਰਾਂ ਵਿਚ ਡਾ. ਅਜੀਤਪਾਲ ਗਿੱਲ, ਕਮਲਜੋਤ ਬੱਤਰਾ (ਦੋਵੇਂ ਉਪ ਪ੍ਰਧਾਨ), ਕੈਸ਼ੀਅਰ ਰਾਜ ਕੁਮਾਰ ਬੰਟੀ, ਜੁਆਇੰਟ ਕੈਸ਼ੀਅਰ ਅਮਰਜੀਤ ਸਿੰਘ ਮੁੰਡੀ, ਸਕੱਤਰ ਮਨਦੀਪ ਸਿੰਘ ਬੈਨੀਪਾਲ, ਜੁਆਇੰਟ ਸਕੱਤਰ ਗੁਰਪ੍ਰੀਤ ਸਿੰਘ ਵਿੱਕੀ, ਕੰਵਰਦੀਪ ਸਿੰਘ ਬੰਨੀ, ਗੁਰਦੀਪ ਸਿੰਘ ਬਿੱਟੂ, ਜਸਵੀਰ ਸਿੰਘ ਬੌਬੀ, ਅਸ਼ੋਕ ਕੁਮਾਰ, ਦਵਿੰਦਰ ਸਿੰਘ ਫੌਜੀ, ਵੀ ਮੌਜੂਦ ਸਨ। ਖੇਡ ਮੇਲੇ ਦੌਰਾਨ ਕੁਮੈਂਟਰੀ ਦੀ ਭੂਮਿਕਾ ਗੋਲਡੀ ਨਸਰਾਲੀ ਨੇ ਕੀਤੀ।

# ਸੰਯੁਕਤ ਕਿਸਾਨ ਮੋਰਚੇ ਨੇ ਨੈਸ਼ਨਲ ਹਾਈਵੇ ਤੇ ਟਰੈਕਟਰ ਰੋਸ ਪ੍ਰਦਰਸ਼ਨ ਕਰਕੇ ਡੀ ਸੀ ਦਫ਼ਤਰ ਤਰਨਤਾਰਨ ਅੱਗੇ ਵਿਸ਼ਵ ਵਪਾਰ ਸੰਸਥਾ ਦਾ ਪੁਤਲਾ ਫੂਕਿਆ

**ਤਰਨ ਤਾਰਨ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਨੇ ਡੀ ਸੀ ਦਫ਼ਤਰ ਤਰਨਤਾਰਨ ਤੋਂ ਹਰੀਕੇ ਜੌਣੇਕੇ ਟੀ ਪੁਆਇੰਟ ਤੱਕ ਟਰੈਕਟਰ ਖੜ੍ਹੇ ਕਰਕੇ ਵਿਸ਼ਵ ਵਪਾਰ ਸੰਸਥਾ ਦੀਆਂ ਕਿਸਾਨ ਮਾਰੂ ਨੀਤੀਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਕੇ ਡੀ ਸੀ ਦਫ਼ਤਰ ਤਰਨਤਾਰਨ ਅੱਗੇ W T O ਦਾ ਪੁਤਲਾ ਫੂਕਿਆ ਗਿਆ ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ) ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ , ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਗੂ , ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ , ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗ਼ਲ ਚੱਕ , ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਲੁਹਾਰ , ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ ਦੇ ਸੂਬਾ ਪ੍ਰਧਾਨ ਨਿਰਵੈਲ ਸਿੰਘ ਡਾਲੇਕੇ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਇੰਦਰਜੀਤ ਸਿੰਘ ਮਰਹਾਣਾ , ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ , ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂ , ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਮਹਿੰਦੀਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਮੇਹਰ ਸਿੰਘ ਸਖੀਰਾ ਆਦਿ ਕਿਸਾਨ ਆਗੂਆਂ ਨੇ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਵੱਲੋਂ ਅੱਜ ਆਬੂਧਾਬੀ ਵਿਖੇ ਕਾਨਫਰੰਸ ਕਰਕੇ ਤੀਜੀ ਦੁਨੀਆਂ ਦੇ ਦੇਸ਼ਾਂ ਮਿਲਦੀਆਂ ਨਿਗੂਣੀਆਂ ਸਬਸਿਡੀਆਂ ਤੇ ਕੁਹਾੜਾ ਫੇਰਿਆ ਜਾ ਰਿਹਾ ਹੈ ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਦੀ ਕਿਸਾਨੀ ਛੋਟੇ ਛੋਟੇ ਖੇਤਾਂ ਦੀ ਮਾਲਕ ਹੋਣ ਕਾਰਨ ਵੱਡੇ ਵੱਡੇ ਫਾਰਮਾਂ ਵਾਲੇ ਕਿਸਾਨਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਜੇਕਰ ਅਜਿਹੀਆਂ ਨੀਤੀਆਂ ਲਾਗੂ ਹੁੰਦੀਆਂ ਤਾਂ ਲਾਜ਼ਮੀ ਛੋਟੇ ਕਿਸਾਨਾਂ ਨੂੰ ਮਜਬੂਰੀ ਵੱਸ ਖੇਤੀ ਦੇ ਕਿੱਤੇ ਛਡਣਾ ਪਵੇਗਾ ਜਿਸ ਕਾਰਨ ਭਾਰਤ ਦਾ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਰਿਹਾ ਹੈ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰ ਰਹੀ ਹੈ ਜਿਸ ਦੇ ਖਿਲਾਫ ਭਾਰਤ ਦਾ ਕਿਸਾਨ ਅੰਦੋਲਨ ਕਰ ਰਿਹਾ ਹੈ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਕੇਂਦਰ ਦੀ ਭਾਜਪਾ ਦੀ ਸਰਕਾਰ ਕਿਸਾਨਾਂ ਨਾਲ ਕੀਤੇ ਲਿਖਤੀ ਵਾਧਿਆਂ ਨੂੰ ਪੂਰਾ ਕਰਦੀ ਤਾਂ ਕਿਸਾਨਾਂ ਵੱਲੋਂ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ ਅੱਜ ਦੇ ਇਸ ਰੋਸ ਪ੍ਰਦਰਸ਼ਨ ਵਿੱਚ ਭੁਪਿੰਦਰ ਸਿੰਘ ਤਖ਼ਤ ਮੱਲ , ਮਾਂਹਬੀਰ ਸਿੰਘ ਗਿੱਲ , ਰਤਨ ਸਿੰਘ ਢੰਗ , ਬਲਵਿੰਦਰ ਸਿੰਘ ਸਖੀਰਾ , ਅਮਰਜੀਤ ਸਿੰਘ ਭਿੱਖੀਵਿੰਡ , ਤੇਜਿੰਦਰਪਾਲ ਸਿੰਘ , ਸੁਖਚੈਨ ਸਿੰਘ ਸਰਹਾਲੀ , ਤਰਸੇਮ ਸਿੰਘ ਕੋਹਾੜਕਾ , ਗੁਰਬਚਨ ਸਿੰਘ ਘੜਕਾ , ਦਵਿੰਦਰ ਸੋਹਲ , ਰੇਸ਼ਮ ਸਿੰਘ ਫੇਲੋਕੇ , ਹਰਿੰਦਰ ਸਿੰਘ ਵਲੀਪੁਰ , ਕਸ਼ਮੀਰ ਸਿੰਘ ਲੌਹਕਾ , ਸੁਲੱਖਣ ਸਿੰਘ ਤੁੜ , ਰਸ਼ਪਾਲ ਸਿੰਘ ਭੈਲ , ਦਿਲਬਾਗ ਸਿੰਘ ਬਾਣੀਆਂ , ਬਲਵਿੰਦਰ ਸਿੰਘ ਦਦੇਹਰ ਸਾਹਿਬ , ਹਰਦੀਪ ਸਿੰਘ ਬੱਠੇਭੈਣੀ , ਜਰਨੈਲ ਸਿੰਘ , ਲੱਖਾਂ ਰੂੜੀਵਾਲਾ , ਬਲਕਾਰ ਸਿੰਘ ਬਾਕੀਪੁਰ, ਜੋਗਿੰਦਰ ਸਿੰਘ , ਕੁਲਵੰਤ ਸਿੰਘ ਖਾਰਾ , ਹਰਜਿੰਦਰ ਸਿੰਘ , ਹਰਭਜਨ ਸਿੰਘ , ਅਮਰੀਕ ਸਿੰਘ , ਹਿੰਦ ਬੀਰ ਸਿੰਘ ਵਰਾਣਾ , ਬਚਿੱਤਰ ਸਿੰਘ ਜੌਣੇਕੇ , ਅਮੋਲਕ ਸਿੰਘ , ਗੁਰਵਿੰਦਰ ਸਿੰਘ ਖਹਿਰਾ , ਕੁਲਦੀਪ ਸਿੰਘ ਮੰਤਰੀ , ਕੁਲਵੰਤ ਸਿੰਘ ਚੌਧਰੀਵਾਲਾ , ਰਣਬੀਰ ਸਿੰਘ ਚੋਹਲਾ , ਦਿਲਬਾਗ ਸਿੰਘ ਆਦਿ ਆਗੂ ਵੀ ਹਾਜ਼ਰ ਸਨ

# 1 ਮਾਰਚ ਦੀ ਕੀਤੀ ਜਾ ਰਹੀ ਇਤਿਹਾਸਿਕ ਰੈਲੀ ਦੀਆਂ ਤਿਆਰੀਆਂ ਦਾ ਲਿਆ ਜਾਇਜਾ

**ਤਰਨ ਤਾਰਨ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਪੋਰੇਟ ਭਜਾਓ ਭਾਜਪਾ ਹਰਾਓ ਦੇਸ਼ ਬਚਾਓ ਦੇ ਨਾਹਰੇ ਤਹਿਤ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ.ਐਮ.ਪੀ.ਆਈ ) ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਚ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਸਬੰਧੀ ਪਾਰਟੀ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ, ਉਨ੍ਹਾਂ ਨਾਲ ਪਾਰਟੀ ਦੇ ਜਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਬਲਦੇਵ ਸਿੰਘ ਪੰਡੋਰੀ ਨੇ ਤਰਨ ਤਾਰਨ ਖਡੂਰ ਸਾਹਿਬ ਤਹਿਸੀਲਾਂ ਦਾ ਵੱਖ ਵੱਖ ਪਿੰਡਾ ਚ ਜਾ ਕੇ ਜਾਇਜਾ ਲਿਆ।

ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਜਾਣਕਾਰੀ ਦੇਂਦਿਆ ਦੱਸਿਆ ਕਿਹਾ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦਾ ਮੁੱਖ ਏਜੰਡਾ ਧਰਮ ਅਧਾਰਿਤ ਇਕੱਠੀਆਂ ਕਰਕੇ 2024 ਦੀਆਂ ਚੋਣਾਂ ਜਿੱਤ ਕੇ ਫਿਰ ਦੁਬਾਰਾ ਹਿੱਟਲਰਸ਼ਾਹੀ ਰਾਜ ਕਰਨਾ ਚਾਹੁੰਦਾ ਹੈ। ਸਾਡੇ ਕੁਦਰਤੀ ਵਸੀਲੇ ਜੰਗਲ ਖਣਿਜ ਜਲ ਸਰੋਤ ਜਮੀਨਾ ਅਤੇ ਪਬਲਿਕ ਦੇ ਸਰਕਾਰ ਅਰਧ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੇ ਹਨ । ਮੋਦੀ ਸਰਕਾਰ ਕਿਸਾਨੀ ਜਵਾਨੀ ਛੋਟੀ ਇੰਡਸਟਰੀ ਨੂੰ ਤਬਾਹ ਕਰਨ ਤੇ ਤੁਲੀ ਹੋਈ ਹੈ। ਨੌਜਵਾਨਾਂ ਨੂੰ ਹਰ ਸਾਲ 2 ਕਰੋੜ ਰੁਜ਼ਗਾਰ ਦੇਣ ਦੇ ਵਾਅਦੇ ਬੁਰੀ ਤਰ੍ਹਾਂ ਫੇਲ ਹੋਏ ਹਨ।

# ਪਾਵਰ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ

**ਤਰਨ ਤਾਰਨ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨਤਾਰਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਮੁੱਖ ਦਫਤਰ ਦੇ ਗੇਟ ਅੱਗੇ ਸਾਂਝਾ ਫੋਰਮ ਤੇ ਏਕਤਾ,ਮੰਚ ਦੇ ਸੱਦੇ ਤੇ ਜਿਲਾ ਪੱਧਰ ਤੇ ਬਿਜਲੀ ਕਾਮਿਆ ਵੱਲੋ ਪਾਵਰ ਮੈਨੇਜਮੈਂਟ ਖਿਲਾਫ ਇਕ ਵਿਸਾਲ ਰੋਸ ਪ੍ਰਦਰਸ਼ਨ ਅਤੇ ਧਰਨਾ ਦਿੱਤਾ ਗਾਏ।

ਧਰਨਾ ਦੇ ਰਹੇ ਬਿਜਲੀ ਕਾਮਿਆ ਨੂੰ ਸੰਬਧੋਨ ਕਰਦਿਆ ਹੋਇਆ ਵਖ ਵਖ ਜਥੇਬੰਦੀਆ ਦੇ ਆਗੂਆ ਨੇ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਹੈਂਕੜ ਰਵੱਈਏ ਖਿਲਾਫ ਮੁਲਾਜ਼ਮਾਂ ਦੀਆ ਵਾਜਿਬ ਮੰਗਾਂ ਵਟੇ ਖਾਤੇ ਪਾਉਣ ਵਿਰੁੱਧ ਪਾਵਰਕਾਮ ਦੇ ਭਾਰੀ ਨਾਅਰੇ ਗਾਏ @ਲਗਾਏ ਹਨ ।ਪਾਵਰ ਮੈਨੇਜਮੈਂਟ ਤੇ ਸਨਅਤੀ ਅਦਾਰੇ ਦਾ ਮਾਹੌਲ ਖਰਾਬ ਕਰਨ ਦੇ ਕਥਿਤ ਤੌਰ ਤੇ ਦੋਸ ਲਗਾਏ, ਆਗੂਆ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮੁਲਾਜ਼ਮਾਂ ਦੀਆ ਮੰਨੀਆ ਮੰਗਾਂ ਲਾਗੂ ਨਾ ਹੋਈਆ ਤਾਂ 6ਮਾਰਚ ਨੂੰ ਬਿਜਲੀ ਨਿਗਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਰੋਹ ਭਰਪੂਰ ਰੋਸ ਧਰਨਾ ਲਗਾ ਕੇ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ ਕਰਨ ਉਪਰੰਤ 13 ਮਾਰਚ ਨੂੰ ਸੰਗਰੂਰ ਵਿੱਚ ਸੂਬਾ ਪੱਧਰ ਦੀ ਰੈਲੀ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਵਲ ਰੋਸ ਮਾਰਚ ਕੀਤਾ ਜਾਵੇਗਾ ।

# ਮੁੱਖ ਮੰਤਰੀ ਵੱਲੋਂ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼ ਦਾ ਉਦਘਾਟਨ

## ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਸਟੇਟ ਹੈੱਡਕੁਆਰਟਰ ਸਮੇਤ ਚਾਰ ਜ਼ੋਨਲ ਦਫਤਰ ਵੀ ਕੀਤੇ ਲੋਕ ਸਮਰਪਿਤ

**ਮੁਹਾਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਸੰਸਥਾ ਦੀ ਸਥਾਪਨਾ ਸਬੰਧੀ 2022 ਦੇ ਬਜਟ ਸੈਸ਼ਨ ਵਿੱਚ ਐਲਾਨ ਕੀਤਾ ਗਿਆ ਸੀ ਅਤੇ ਇਹ ਪੰਜਾਬ ਦੀ ਪਹਿਲੀ ਸਰਕਾਰੀ ਸਿਹਤ ਸੰਸਥਾ ਹੋਵੇਗੀ ਜਿਸ ਵਿੱਚ ਮਰੀਜ਼ਾਂ ਨੂੰ ਐਂਡੋਸਕੋਪੀ, ਫਾਈਬਰੋਸਕੋਪੀ ਅਤੇ ਐਂਡੋਸਕੋਪਿਕ ਅਲਟਰਾਸਾਊਂਡ ਵਰਗੀਆਂ ਅਤਿ-ਆਧੁਨਿਕ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਸੰਸਥਾ ਦੇ ਮਾਹਿਰਾਂ ਵੱਲੋਂ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਟੈਲੀ-ਮੈਡੀਸਨ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਹੈਪੇਟੋਲੋਜੀ ਵਿੱਚ ਸਿਖਲਾਈ ਅਤੇ ਖੋਜ ਸਹੂਲਤਾਂ ਲਈ ਇਸ ਨੂੰ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਗਿਆ ਹੈ।



ਇਸ ਇੰਸਟੀਚਿਊਟ ਦੀ ਸਥਾਪਨਾ 40 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਕੀਤੀ ਗਈ ਹੈ ਅਤੇ ਇਸ ਵਿੱਚ 80 ਡਾਕਟਰ, 150 ਸਟਾਫ਼ ਨਰਸਾਂ ਅਤੇ 200 ਗਰੁੱਪ-ਡੀ ਕਰਮਚਾਰੀਆਂ ਸਮੇਤ 450 ਦੇ ਕਰੀਬ ਸਟਾਫ਼ ਹੋਵੇਗਾ। ਪ੍ਰੋਫੈਸਰ ਵਰਿੰਦਰ ਸਿੰਘ, ਜੋ ਕਿ ਹੈਪੇਟੋਲੋਜੀ ਪੀਜੀਆਈ, ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਅਤੇ ਮੁਖੀ ਹਨ, ਨੂੰ ਸੰਸਥਾ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਇਸ ਸੰਸਥਾ ਵਿੱਚ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਇਨਡੋਰ ਅਤੇ ਐਮਰਜੈਂਸੀ ਸੇਵਾਵਾਂ ਰਾਹੀਂ ਲਿਵਰ ਸਬੰਧੀ ਬਿਮਾਰੀਆਂ ਦਾ ਵਿਸ਼ੇਸ਼ ਤੌਰ 'ਤੇ ਇਲਾਜ ਕੀਤਾ ਜਾਵੇਗਾ। ਇਸ ਦਾ ਉਦੇਸ਼ ਪੰਜਾਬ ਨੂੰ ਦੇਸ਼ ਭਰ ਵਿੱਚ ਮੈਡੀਕਲ ਸਿਹਤ ਸਹੂਲਤਾਂ ਦਾ ਕੇਂਦਰ ਬਣਾਉਣਾ ਹੈ।

ਇਸ ਦੇ ਨਾਲ ਹੀ ਮੁੱਖ ਮੰਤਰੀ ਵੱਲੋਂ ਪੰਜਾਬ ਵਿੱਚ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਸਟੇਟ ਹੈੱਡਕੁਆਰਟਰ ਅਤੇ ਚਾਰ ਜ਼ੋਨਲ ਦਫ਼ਤਰਾਂ ਦਾ ਵੀ ਵਰਚੂਅਲ ਤੌਰ ਉਤੇ ਉਦਘਾਟਨ ਕੀਤਾ ਗਿਆ।

ਇਹ ਸਟੇਟ ਹੈੱਡਕੁਆਰਟਰ ਦਫ਼ਤਰ 2.63 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਜਦਕਿ ਗੁਰਦਾਸਪੁਰ, ਜਲੰਧਰ, ਬਠਿੰਡਾ ਅਤੇ ਫਿਰੋਜ਼ਪੁਰ ਵਿਖੇ ਸਥਾਪਿਤ ਕੀਤੇ ਗਏ ਜ਼ੋਨਲ ਦਫ਼ਤਰ ਲਗਭਗ 2.78 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਨ। ਇਸ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਅਤੇ ਹੁਸ਼ਿਆਰਪੁਰ ਵਿੱਚ ਚਾਰ ਹੋਰ ਜ਼ੋਨਲ ਦਫ਼ਤਰ ਉਸਾਰੀ ਅਧੀਨ ਹਨ, ਜਿਨ੍ਹਾਂ ਦਾ ਨਿਰਮਾਣ ਕਾਰਜ ਜਲਦ ਹੀ ਮੁਕੰਮਲ ਹੋ ਜਾਵੇਗਾ।

ਇਸ ਤੋਂ ਇਲਾਵਾ ਫਾਜ਼ਿਲਕਾ, ਮੋਗਾ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਜ਼ਿਲ੍ਹਾ ਦਫ਼ਤਰਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦਫ਼ਤਰਾਂ ਲਈ ਜ਼ਮੀਨ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ 34.66 ਕਰੋੜ ਰੁਪਏ ਦੀ ਲਾਗਤ ਨਾਲ ਇਨ੍ਹਾਂ ਦਫ਼ਤਰਾਂ ਵਿੱਚ ਬੁਨਿਆਦੀ ਢਾਂਚਾ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਦਫ਼ਤਰ ਨਵੀਨਤਮ ਸੂਚਨਾ ਤਕਨਾਲੋਜੀ ਸਹੂਲਤਾਂ ਨਾਲ ਲੈਸ ਹੋਣਗੇ।

ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਵੱਲੋਂ ਪੰਜਾਬ ਵਿੱਚ ਐਲੋਪੈਥਿਕ ਦਵਾਈਆਂ, ਕਾਸਮੈਟਿਕ ਅਤੇ ਹੋਮਿਓਪੈਥਿਕ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਡਰੱਗ ਲਾਇਸੰਸ ਜਾਰੀ ਕੀਤੇ ਜਾਂਦੇ ਹਨ ਅਤੇ ਇਹ ਨਵੇਂ ਦਫ਼ਤਰ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨਗੇ।

# ਹਿਮਾਚਲ ਪ੍ਰਦੇਸ਼ 'ਚ ਵਿਧਾਨ ਸਭਾ ਸਪੀਕਰ ਨੇ ਜੈਰਾਮ ਠਾਕੁਰ ਸਮੇਤ ਭਾਜਪਾ ਦੇ 15 ਵਿਧਾਇਕਾਂ ਨੂੰ ਕੀਤਾ ਮੁਅੱਤਲ

## ਕਾਂਗਰਸ ਦੇ 6 ਵਿਧਾਇਕਾਂ ਦੀ ਮੈਂਬਰਸ਼ਿਪ ਕੀਤੀ ਰੱਦ

**ਸ਼ਿਮਲਾ , 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਸਮੇਤ ਭਾਜਪਾ ਦੇ 15 ਵਿਧਾਇਕਾਂ ਨੂੰ ਬੁੱਧਵਾਰ ਨੂੰ ਮੁਅੱਤਲ ਕਰ ਦਿੱਤਾ ਅਤੇ ਫਿਰ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਭਾਜਪਾ ਵਿਧਾਇਕਾਂ ਨੂੰ ਸਦਨ 'ਚ ਗਲਤ ਰਵੱਈਏ ਅਤੇ ਨਾਅਰੇਬਾਜ਼ੀ ਦੇ ਦੋਸ਼ 'ਚ ਮੁਅੱਤਲ ਕੀਤਾ ਗਿਆ।

ਜੈਰਾਮ ਠਾਕੁਰ ਨੇ ਸਵੇਰੇ ਕਿਹਾ ਸੀ,''ਸਾਨੂੰ ਸ਼ੱਕ ਹੈ ਕਿ ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਭਾਜਪਾ ਵਿਧਾਇਕਾਂ ਨੂੰ ਮੁਅੱਤਲ ਕਰ ਸਕਦੇ ਹਨ ਤਾਂ ਕਿ ਬਜਟ ਵਿਧਾਨ ਸਭਾ 'ਚ ਪਾਸ ਕੀਤਾ ਜਾ ਸਕੇ।'' ਉਨ੍ਹਾਂ ਕਿਹਾ ਕਿ ਰਾਜ ਸਭਾ ਚੋਣਾਂ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸ ਸਰਕਾਰ ਘੱਟ ਗਿਣਤੀ 'ਚ ਹੈ। ਠਾਕੁਰ ਨੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਅਸਤੀਫ਼ੇ ਦੀ ਮੰਗ ਕੀਤੀ। ਮੰਗਲਵਾਰ ਨੂੰ ਹਿਮਾਚਲ ਪ੍ਰਦੇਸ਼ ਦੀ ਇਕਮਾਤਰ ਰਾਜ ਸਭਾ ਸੀਟ 'ਤੇ ਭਾਜਪਾ ਦੇ ਜਿੱਤ ਹਾਸਲ ਕਰਨ ਦੇ ਇਕ ਦਿਨ ਬਾਅਦ ਵਿਧਾਇਕਾਂ ਨੂੰ ਮੁਅੱਤਲ ਕਰਨ ਦਾ ਇਹ ਫ਼ੈਸਲਾ ਆਇਆ ਹੈ।



ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਵੀਰਵਾਰ ਨੂੰ 6 ਵਿਧਾਇਕਾਂ ਨੂੰ ਅਯੋਗ ਐਲਾਨ (ਮੈਂਬਰਸ਼ਿਪ ਰੱਦ) ਕਰ ਦਿੱਤਾ। ਵਿਧਾਇਕਾਂ ਨੇ ਸਦਨ 'ਚ ਵਿੱਤ ਬਿੱਲ 'ਤੇ ਸਰਕਾਰ ਦੇ ਪੱਖ 'ਚ ਵੋਟਿੰਗ ਕਰਨ ਦੇ ਪਾਰਟੀ ਵਹਿਪ ਦੀ ਉਲੰਘਣਾ ਕੀਤੀ ਸੀ। ਅਯੋਗ ਐਲਾਨ ਕੀਤੇ ਗਏ ਵਿਧਾਇਕਾਂ 'ਚ ਰਾਜੇਂਦਰ ਰਾਣਾ, ਸੁਧੀਰ ਸ਼ਰਮਾ, ਇੰਦਰਦੱਤ ਲਖਨਪਾਲ, ਦੇਵੇਂਦਰ ਕੁਮਾਰ ਭੁੱਟੋ, ਰਵੀ ਠਾਕੁਰ ਅਤੇ ਚੈਤਨਯ ਸ਼ਰਮਾ ਸ਼ਾਮਲ ਹਨ। ਪਠਾਨੀਆ ਨੇ ਬੁੱਧਵਾਰ ਨੂੰ ਵਿਧਾਇਕਾਂ ਦੀ ਅਯੋਗਤਾ 'ਤੇ ਆਪਣਾ ਫ਼ੈਸਲਾ ਸੁਰੱਖਿਅਤ ਕਰ ਲਿਆ ਸੀ।

ਉਨ੍ਹਾਂ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਧਾਇਕਾਂ ਨੇ ਕਾਂਗਰਸ ਵਹਿਪ ਦੀ ਉਲੰਘਣਾ ਕੀਤੀ, ਜਿਸ ਕਾਰਨ ਉਨ੍ਹਾਂ 'ਤੇ ਦਲ ਬਦਲ ਵਿਰੋਧੀ ਕਾਨੂੰਨ ਲਾਗੂ ਹੁੰਦਾ ਹੈ, ਕਿਉਂਕਿ ਉਹ ਪਾਰਟੀ ਦੇ ਟਿਕਟ 'ਤੇ ਚੁਣੇ ਗਏ ਸਨ। ਵਿਧਾਨ ਸਭਾ ਸਪੀਕਰ ਨੇ ਕਿਹਾ,''ਇਹ 6 ਵਿਧਾਇਕ ਅਯੋਗ ਐਲਾਨ ਕੀਤੇ ਜਾਂਦੇ ਹਨ ਅਤੇ ਇਹ ਤੁਰੰਤ ਪ੍ਰਭਾਵ ਤੋਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਮੈਂਬਰ ਨਹੀਂ ਰਹਿਣਗੇ।'' ਇਨ੍ਹਾਂ ਵਿਧਾਇਕਾਂ ਨੇ ਮੰਗਲਵਾਰ ਨੂੰ ਰਾਜ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਉਮੀਦਵਾਰ ਹਰਸ਼ ਮਹਾਜਨ ਦੇ ਪੱਖ 'ਤੇ ਕ੍ਰਾਸ ਵੋਟਿੰਗ ਕੀਤੀ ਸੀ। ਪਠਾਨੀਆ ਵਲੋਂ 15 ਭਾਜਪਾ ਵਿਧਾਇਕਾਂ ਨੂੰ ਮੁਅੱਤਲ ਕਰਨ ਤੋਂ ਬਾਅਦ ਸਦਨ ਨੇ ਵਿੱਤ ਬਿੱਲ ਨੂੰ ਆਵਾਜ਼ੀ ਵੋਟ ਨਾਲ ਪਾਸ ਕਰ ਦਿੱਤਾ। ਇਸ ਤੋਂ ਬਾਅਦ ਵਿਧਾਨ ਸਭਾ ਸਪੀਕਰ ਨੇ ਸੈਸ਼ਨ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਸੀ।

## ਰਵਨੀਤ ਬਿੱਟੂ ਸਣੇ ਹੋਰਨਾਂ ਖ਼ਿਲਾਫ਼ ਦਰਜ

**ਲੁਧਿਆਣਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦਫ਼ਤਰ ਨੂੰ ਜ਼ਬਰਦਸਤੀ ਤਾਲਾ ਲਾਉਣ ਦੇ ਦੋਸ਼ 'ਚ ਥਾਣਾ ਕੋਤਵਾਲੀ ਦੀ ਪੁਲਸ ਨੇ ਸੰਸਦ ਮੈਂਬਰ ਰਵਨੀਤ ਬਿੱਟੂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ ਅਤੇ ਸਾਬਕਾ ਡਿਪਟੀ ਮੇਅਰ ਸ਼ਾਮ ਸੁੰਦਰ ਮਲਹੋਤਰਾ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਹ ਮਾਮਲਾ ਸਰਕਾਰੀ ਡਿਊਟੀ 'ਚ ਵਿਘਨ ਪਾਉਣ ਦੇ ਮੱਦੇਨਜ਼ਰ ਦਰਜ ਕੀਤਾ ਗਿਆ ਹੈ। ਪੁਲਸ ਨੇ ਚੌਂਕੀਦਾਰ ਦੀ ਡਿਊਟੀ 'ਤੇ ਤਾਇਨਾਤ ਅਮਿਤ ਕੁਮਾਰ ਦੇ ਬਿਆਨ 'ਤੇ ਕਾਰਵਾਈ ਕੀਤੀ ਹੈ। ਅਮਿਤ ਕੁਮਾਰ ਨੇ ਪੁਲਸ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਉਹ ਨਗਰ ਨਿਗਮ ਜ਼ੋਨ-ਏ 'ਚ ਬਤੌਰ ਚੌਂਕੀਦਾਰ ਡਿਊਟੀ ਕਰਦਾ ਹੈ। ਉਹ 27 ਫਰਵਰੀ ਨੂੰ ਕਾਰਪੋਰੇਸ਼ਨ ਦੇ ਮੇਨ ਗੇਟ 'ਤੇ ਡਿਊਟੀ 'ਤੇ ਤਾਇਨਾਤ ਸੀ ਤਾਂ ਉਕਤ ਲੋਕਾਂ ਨੇ ਉਸ ਨੂੰ ਧੱਕਾ ਮਾਰ ਕੇ ਕਾਰਪੋਰੇਸ਼ਨ ਦਫ਼ਤਰ ਅੰਦਰ ਦਾਖ਼ਲ ਹੋ ਕੇ ਜ਼ਬਰਦਸਤੀ ਦਫਤਰ ਨੂੰ ਤਾਲਾ ਲਾ ਦਿੱਤਾ ਅਤੇ ਸਰਕਾਰੀ ਡਿਊਟੀ 'ਚ ਰੁਕਾਵਟ ਪਾਈ। ਇਸ ਤੋਂ ਇਲਾਵਾ ਦਫ਼ਤਰ 'ਚ ਲੋਕਾਂ ਨੂੰ ਨਹੀਂ ਆਉਣ ਦਿੱਤਾ ਗਿਆ।



# ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਪੰਜਾਬ ਦੀਆਂ ਸਰਕਾਰੀ ਸੰਸਥਾਵਾਂ ਤਬਾਹ ਕੀਤੀਆਂ : ਮੁੱਖ ਮੰਤਰੀ

## ➢ ਪੰਜਾਬ ਸਰਕਾਰ ਹੁਣ ਸਿਹਤ ਤੇ ਸਿੱਖਿਆ ਖੇਤਰ ਵਿੱਚ ਸਰਕਾਰੀ ਸੰਸਥਾਵਾਂ ਨੂੰ ਦੇ ਰਹੀ ਤਰਜੀਹ
## ➢ ਮੋਹਾਲੀ ਵਿਖੇ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਅਰੀ ਸਾਇੰਸਜ਼ ਲੋਕਾਂ ਨੂੰ ਸਮਰਪਿਤ

**ਮੁਹਾਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀਆਂ ਸਰਕਾਰੀ ਸੰਸਥਾਵਾਂ ਦੀ ਬਦਹਾਲੀ ਲਈ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੂੰ ਸਿੱਧੇ ਤੌਰ ਉਤੇ ਜ਼ਿੰਮੇਵਾਰ ਠਹਿਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਹੁਣ ਸਰਕਾਰੀ ਸੰਸਥਾਵਾਂ ਵਿੱਚ ਆਹਲਾ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਤਾਂ ਕਿ ਪੰਜਾਬ ਦਾ ਕੋਈ ਵੀ ਵਿਅਕਤੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ।ਇੱਥੇ 'ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਅਰੀ ਸਾਇੰਸਜ਼' ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਮੌਕੇ ਸਿਆਸਤਦਾਨ ਪ੍ਰਾਈਵੇਟ ਸੰਸਥਾਵਾਂ ਦੇ ਕਾਰੋਬਾਰ ਵਿੱਚੋਂ ਹਿੱਸਾਪੱਤੀ ਲੈਂਦੇ ਸਨ ਅਤੇ ਇਸ ਦੇ ਇਵਜ਼ ਵਿੱਚ ਸਰਕਾਰੀ ਸੰਸਥਾਵਾਂ ਨੂੰ ਬਿਲਕੁਲ ਹੀ ਅਣਗੌਲਿਆ ਕਰ ਦਿੰਦੇ ਸਨ। ਮੁੱਖ ਮੰਤਰੀ ਨੇ ਕਿਹਾ, ਇਹ ਸਿਆਸਤਦਾਨ ਏਨੇ ਲਾਲਸੀ ਅਤੇ ਬੇਰਹਿਮ ਸਨ ਕਿ ਇਨ੍ਹਾਂ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਪੰਜਾਬ ਦਾ ਸਰਕਾਰੀ ਸਿਹਤ ਤੇ ਸਿੱਖਿਆ ਢਾਂਚਾ ਖਤਮ ਕਰ ਦਿੱਤਾ ਸੀ ਤਾਂ ਕਿ ਸਰਕਾਰੀ ਸੰਸਥਾਵਾਂ ਦੇ ਦਰਵਾਜ਼ੇ ਬੰਦ ਹੋਣ ਤੋਂ ਬਾਅਦ ਆਮ ਵਿਅਕਤੀ ਸਿੱਖਿਆ ਜਾਂ ਇਲਾਜ ਲਈ ਮਜਬੂਰ ਹੋ ਕੇ ਪ੍ਰਾਈਵੇਟ ਲੋਕਾਂ ਕੋਲ ਪਹੁੰਚੇ। ਪ੍ਰਾਈਵੇਟ ਹਸਪਤਾਲਾਂ ਵਿੱਚ ਕੈਂਸਰ ਦਾ ਇਲਾਜ ਏਨਾ ਮਹਿੰਗਾ ਹੁੰਦਾ ਸੀ ਕਿ ਕੈਂਸਰ ਰੋਗੀ ਆਰਥਿਕ ਹਾਲਤ ਕਾਰਨ ਇਲਾਜ ਹੀ ਨਹੀਂ ਸੀ ਕਰਵਾਉਂਦਾ। ਇਹ ਲੋਕ ਪ੍ਰਾਈਵੇਟ ਸੰਸਥਾਵਾਂ ਨੂੰ ਮੁਨਾਫਾ ਕਮਾਉਣ ਲਈ ਖੁੱਲ੍ਹ ਦਿੰਦੇ ਸਨ ਅਤੇ ਉਸ ਮੁਨਾਫੇ ਵਿੱਚੋਂ ਕਮਿਸ਼ਨ ਲੈਂਦੇ ਸਨ। ਦੁੱਖਾਂ ਦੇ ਮਾਰੇ ਲੋਕ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਸਨ। ਪਰਿਵਾਰਵਾਦ ਦੇ ਮੋਹ ਵਿੱਚ ਡੁੱਬੇ ਇਨ੍ਹਾਂ ਸਿਆਸਤਦਾਨਾਂ ਨੂੰ ਕਦੇ ਵੀ ਪੰਜਾਬ ਦਾ ਦਰਦ ਨਹੀਂ ਰਿਹਾ ਜਿਸ ਕਰਕੇ ਪੰਜਾਬ



ਵਾਸੀਆਂ ਨੇ ਇਨ੍ਹਾਂ ਨੂੰ ਘਰ ਬਿਠਾ ਦਿੱਤਾ। ਸੂਬੇ ਵਿੱਚ ਹੁਣ ਸਰਕਾਰੀ ਸੰਸਥਾਵਾਂ ਦੀ ਬਿਹਤਰੀ ਲਈ ਚੁੱਕੇ ਜਾ ਰਹੇ ਕਦਮਾਂ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਮਿਸਾਲ ਵਜੋਂ ਦੱਸਿਆ ਕਿ ਮੋਹਾਲੀ ਵਿਖੇ ਅੱਜ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਅਰੀ ਸਾਇੰਸਜ਼ ਦੇਸ਼ ਦੀ ਦੂਜੀ ਅਤੇ ਪੰਜਾਬ ਦੀ ਪਹਿਲੀ ਵੱਕਾਰੀ ਸੰਸਥਾ ਹੈ ਜਿਸ ਕੋਲ ਏਨੀਆਂ ਆਧੁਨਿਕ ਮਸ਼ੀਨਾਂ ਹਨ ਕਿ ਕਿਸੇ ਪ੍ਰਾਈਵੇਟ ਹਸਪਤਾਲ ਕੋਲ ਵੀ ਨਹੀਂ ਹਨ। ਇਹ ਪਹਿਲੀ ਸੰਸਥਾ ਵੀ ਦਿੱਲੀ ਸਰਕਾਰ ਨੇ ਸਥਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਵਿੱਚ 45 ਜੱਚਾ-ਬੱਚਾ ਦੇਖਭਾਲ ਕੇਂਦਰ ਸਥਾਪਤ ਕਰ ਰਹੀ ਹੈ ਜਿਨ੍ਹਾਂ ਵਿੱਚੋਂ 37 ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 664 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ ਜਿੱਥੇ ਇਲਾਜ ਬਿਲਕੁਲ ਮੁਫਤ ਹੈ ਅਤੇ ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੱਕ ਇਕ ਕਰੋੜ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ।

ਪਿਛਲੀਆਂ ਸਰਕਾਰਾਂ ਦੇ ਢਹਿੰਦੀ ਕਲਾ ਵਾਲੇ ਸਿਸਟਮ ਤੋਂ ਨਾਰਾਜ਼ ਹੋ ਚੁੱਕੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦੀ 'ਵਤਨ ਵਾਪਸੀ' (ਰਿਵਰਸ ਮਾਈਗ੍ਰੇਸ਼ਨ) ਦੀ ਮਿਸਾਲ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਦੋ ਸਾਲਾਂ ਵਿੱਚ 40,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਜੋ ਪੰਜਾਬ ਦੇ ਇਤਿਹਾਸ ਵਿੱਚ ਰਿਕਾਰਡ ਹੈ।

# ਡਿਪਟੀ ਕਮਿਸ਼ਨਰ ਵੱਲੋਂ ਨਵਜੰਮੇ ਲਾਵਾਰਿਸ ਬੱਚਿਆਂ ਦੀਆਂ ਕੀਮਤੀ ਜਾਨਾਂ ਦੀ ਰਾਖੀ ਲਈ ਉਨ੍ਹਾਂ ਨੂੰ ਪੰਘੂੜੇ 'ਚ ਪਾਉਣ ਦੀ ਅਪੀਲ

**ਜਲੰਧਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅਜਿਹੇ ਮਾਪਿਆਂ, ਜੋ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਤੋਂ ਅਸਮਰੱਥ ਹਨ, ਨੂੰ ਬੱਚਿਆਂ ਦੀਆਂ ਕੀਮਤੀ ਜਾਨਾਂ ਦੀ ਰਾਖੀ ਲਈ 'ਪੰਘੂੜਾ' ਸਕੀਮ ਦਾ ਸਹਾਰਾ ਲੈਣ ਦੀ ਅਪੀਲ ਕੀਤੀ। ਉਹ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਬਾਲ ਭਲਾਈ ਅਤੇ ਸੁਰੱਖਿਆ ਕਮੇਟੀ (ਡੀ.ਸੀ.ਪੀ.ਸੀ.) ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ, ਜਿਸ ਵਿੱਚ ਉਨ੍ਹਾਂ ਨੇ 'ਪੰਘੂੜਾ' ਸਕੀਮ ਨੂੰ ਜ਼ਿਲ੍ਹੇ ਵਿੱਚ ਲਾਵਾਰਿਸ ਬੱਚਿਆਂ ਖਾਸ ਕਰਕੇ ਬੱਚੀਆਂ ਲਈ ਸੁਰੱਖਿਅਤ ਪਨਾਹਗਾਹ ਕਰਾਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਵਿਲੱਖਣ ਸਕੀਮ ਗੈਰ-ਕਾਨੂੰਨੀ ਲਿੰਗ ਚੋਣ ਅਤੇ ਨਵਜੰਮੇ ਬੱਚਿਆਂ ਨੂੰ ਕੂੜੇ ਜਾਂ ਸੜਕਾਂ ਕਿਨਾਰੇ ਸੁੱਟਣ 'ਤੇ ਰੋਕ ਲਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਕੀਮ ਇਸ ਸਮੇਂ ਨਾਰੀ ਨਿਕੇਤਨ ਅਤੇ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ (ਯੂਨੀਕ ਹੋਮ) ਸਮੇਤ ਦੋ ਥਾਵਾਂ 'ਤੇ ਚੱਲ ਰਹੀ ਹੈ। ਸ੍ਰੀ ਸਾਰੰਗਲ ਨੇ ਕਿਹਾ ਕਿ



ਅਣਚਾਹੇ ਬੱਚਿਆਂ ਨੂੰ ਇਨ੍ਹਾਂ ਥਾਵਾਂ ਦੇ ਬਾਹਰ ਪੰਘੂੜੇ ਵਿੱਚ ਪਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੱਚਿਆਂ ਦੇ ਮਾਪੇ ਜਾਂ ਤਾਂ ਬੱਚੇ ਨਹੀਂ ਚਾਹੁੰਦੇ ਜਾਂ ਇਨ੍ਹਾਂ ਦੀ ਪਰਵਰਿਸ਼ ਕਰਨ ਤੋਂ ਅਸਮਰੱਥ ਹੁੰਦੇ ਹਨ, ਇਸ ਲਈ ਬੱਚਿਆਂ ਨੂੰ ਏਧਰ-ਉਧਰ ਸੁੱਟ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਪੰਘੂੜਾ ਸਕੀਮ ਅਜਿਹੀਆਂ ਘਟਨਾਵਾਂ ਨੂੰ ਕਾਫੀ ਹੱਦ ਤੱਕ ਕਾਬੂ ਕਰਨ ਵਿੱਚ ਕਾਮਯਾਬ ਰਹੀ ਹੈ ਅਤੇ ਇਸ ਸਕੀਮ ਅਧੀਨ ਪਾਲਣ ਪੋਸ਼ਣ ਪ੍ਰਾਪਤ ਕਰਨ ਵਾਲੇ ਬੱਚੇ ਵਧੀਆ ਜੀਵਨ ਬਤੀਤ ਕਰ ਸਕਦੇ ਹਨ ਕਿਉਂਕਿ ਕਈ ਖੁਸ਼ਹਾਲ ਪਰਿਵਾਰਾਂ ਨੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਪੂਰੀ ਕਰਨ ਉਪਰੰਤ ਗੋਦ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਉਨ੍ਹਾਂ ਮਾਪਿਆਂ ਲਈ ਵਧੀਆ ਸਹਾਰੇ ਦੀ ਤਰ੍ਹਾਂ ਹੈ, ਜੋ ਆਪਣੇ ਬੱਚਿਆਂ ਨੂੰ ਪਾਲਣ ਵਿੱਚ ਅਸਮਰੱਥ ਹਨ।

ਉਨ੍ਹਾਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਨੂੰ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਬਾਲ ਘਰਾਂ ਵਿੱਚ ਰਹਿ ਰਹੇ ਬੱਚਿਆਂ ਲਈ ਕੋਚਿੰਗ ਕਲਾਸਾਂ ਸ਼ੁਰੂ ਕਰਨ ਦੀ ਹਦਾਇਤ ਦਿੱਤੀ ਤਾਂ ਜੋ ਉਨ੍ਹਾਂ ਨੂੰ ਬਾਲ ਘਰਾਂ ਵਿੱਚ ਵਧੀਆ ਵਿੱਦਿਅਕ ਸਹੂਲਤਾਂ ਮਿਲ ਸਕਣ।ਇਹ ਕੋਚਿੰਗ ਕਲਾਸਾਂ ਜ਼ਿਲ੍ਹੇ ਦੇ ਸਾਰੇ 7 ਬਾਲ ਘਰਾਂ ਵਿੱਚ ਲਗਾਈਆਂ ਜਾਣਗੀਆਂ, ਜਿਸ ਦੇ ਲਈ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇਗੀ। ਇਸੇ ਤਰ੍ਹਾਂ ਡਿਪਟੀ ਕਮਿਸ਼ਨਰ ਨੇ ਜੁਵੇਨਾਈਲ ਜਸਟਿਸ ਐਕਟ, ਪੋਕਸੋ ਐਕਟ, ਬਾਲ ਮਜ਼ਦੂਰੀ ਐਕਟ, ਬਾਲ ਵਿਆਹ ਸੁਰੱਖਿਆ ਐਕਟ ਆਦਿ ਬਾਰੇ ਬੱਚਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕਰਨ ਲਈ ਸਾਰੇ ਵਿੱਦਿਅਕ ਅਦਾਰਿਆਂ ਵਿੱਚ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨ ਦੇ ਵੀ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਭੀਖ ਮੰਗਣ ਵਾਲੇ ਬੱਚਿਆਂ ਨੂੰ ਭੀਖ ਮੰਗਣ ਤੋਂ ਹਟਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਇਸ ਕੰਮ ਨੂੰ ਤਰਜੀਹ ਦੇਣ ਦੀ ਤਾਕੀਦ ਕੀਤੀ।

# ਵਿਧਾਇਕ ਕੋਹਲੀ ਪੁੱਜੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਕੈਂਪ 'ਚ

**ਪਟਿਆਲਾ, 1 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਇੱਥੇ ਧਰਮਸ਼ਾਲਾ ਕਸ਼ਅਪ ਰਾਜਪੂਤ ਸਭਾ, ਬਡੂੰਗਰ ਵਿਖੇ ਲਗਾਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲਿਆ।



ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲੈਂਦੇ ਹੋਏ।

ਇਸ ਮੌਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।

ਵਿਧਾਇਕ ਕੋਹਲੀ ਨੇ ਕੈਂਪ ਵਿੱਚ ਪੁੱਜੇ ਤੇ ਕੈਂਪ ਤੋਂ ਸੰਤੁਸ਼ਟ ਲੋਕਾਂ ਤੋਂ ਫੀਡਬੈਕ ਵੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਇੱਕ ਮਹੀਨਾ ਚੱਲਣ ਵਾਲੇ ਇਨ੍ਹਾਂ ਕੈਂਪਾਂ ਵਿੱਚ ਲੋੜਵੰਦਾਂ ਨੇ ਸਰਕਾਰ ਦੇ ਪ੍ਰੋਗਰਾਮਾਂ ਤੇ ਭਲਾਈ ਸਕੀਮਾਂ ਦਾ ਲਾਭ ਲਿਆ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਤੱਕ ਪਹੁੰਚ ਕਰਨ ਲਈ ਇਹ ਕੈਂਪ ਲੋਕਾਂ ਨੂੰ ਬਹੁਤ ਫਾਇਦੇਮੰਦ ਸਾਬਤ ਹੋਏ ਹਨ ਤੇ ਇੱਥੇ ਤਤਕਾਲ ਹੀ ਲੋਕਾਂ ਦੇ ਕੰਮ ਹੋ ਰਹੇ ਹਨ।

ਅੱਜ ਕੈਂਪ ਦੌਰਾਨ 45 ਸੇਵਾਵਾਂ ਤੋਂ ਇਲਾਵਾ ਸਾਂਝ ਕੇਂਦਰ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵੀ ਲੋਕਾਂ ਨੂੰ ਇਕੋ ਛੱਤ ਥੱਲੇ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਨੁਮਾਇੰਦਿਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਹਰਪ੍ਰੀਤ ਸਿੰਘ ਦਾ ਕੀਤਾ ਸਨਮਾਨ



**ਸ੍ਰੀ ਅਨੰਦਪੁਰ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ ਦੇ ਜੰਮਪਲ ਸਿੱਖ ਨੌਜਵਾਨ ਹਰਪ੍ਰੀਤ ਸਿੰਘ ਜੋ ਕਿ ਹਮੇਸ਼ਾ ਸਿੱਖੀ ਬਾਣੇ ਵਿੱਚ ਰਹਿੰਦੇ ਹਨ। ਵੱਲੋਂ ਜਰਮਨ ਦੀ ਪੋਟਸਡੰਪ ਵਿਖੇ ਹੋਈ ਦੋ ਰੋਜਾ ਓਪਨ ਭਾਰ ਤੋਲਨ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਕੌਮਾਂਤਰੀ ਪੱਧਰ ਤੇ ਚਾਂਦੀ ਦਾ ਤਗਮਾ ਜਿੱਤ ਕੇ ਸਮੁੱਚੀ ਸਿੱਖ ਕੌਮ ਦਾ ਅੰਤਰਰਾਸ਼ਟਰੀ ਪੱਧਰ ਤੇ ਨਾਮ ਰੋਸ਼ਨ ਕੀਤਾ ਹੈ।ਤਖਤ ਸ੍ਰੀ ਕੇਸਗੜ ਸਾਹਿਬ ਵਿਖੇ ਪਹੁੰਚਣ ਤੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ਼੍ਰੋਮਣੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ,ਵਧੀਕ ਮੈਨੇਜਰ ਹਰਦੇਵ ਸਿੰਘ ਵੱਲੋਂ ਸਿਰਪਾਓ, ਸਿਰੀ ਸਾਹਿਬ ਅਤੇ ਤਖ਼ਤ ਸਾਹਿਬ ਜੀ ਦੀ ਤਸਵੀਰ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਸਿੰਘ ਸਾਹਿਬ ਨੇ ਕਿਹਾ ਹਰਪ੍ਰੀਤ ਸਿੰਘ ਤੋਂ ਸੇਧ ਲੈ ਕੇ ਨੌਜਵਾਨਾਂ ਨੂੰ ਆਪਣੇ ਸਿੱਖੀ ਸਰੂਪ ਵਿੱਚ ਹੀ ਖੇਡ ਮੁਕਾਬਲਿਆਂ ਚ ਭਾਗ ਲੈਣਾ ਚਾਹੀਦਾ ਹੈ ਅਤੇ ਸਿੱਖ ਕੌਮ ਦਾ ਅੰਤਰਰਾਸ਼ਟਰੀ ਪੱਧਰ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ।

# ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਪੂਰੀ ਜਾਂਚ ਕੀਤੀ ਜਾਵੇਗੀ : ਮੁੱਖ ਮੰਤਰੀ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਅੰਦੋਲਨ ਦੌਰਾਨ ਬੀਤੇ ਦਿਨੀਂ ਖਨੌਰੀ ਬਾਰਡਰ 'ਤੇ ਮਾਰੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਕਤ ਮਾਮਲੇ ਦੀ ਪੂਰੀ ਜਾਂਚ ਕੀਤੀ ਜਾਵੇਗੀ ਕਿ ਘਟਨਾ ਕਿੱਥੇ ਹੋਈ ਹੈ ਅਤੇ ਇਸ ਦੇ ਲਈ ਕੌਣ-ਕੌਣ ਜ਼ਿੰਮੇਵਾਰ ਹੈ। ਭਗਵੰਤ ਮਾਨ ਨੇ ਕਿਹਾ ਕਿ ਕਾਨੂੰਨੀ ਮਾਹਿਰਾਂ ਤੋਂ ਸਲਾਹ ਲੈਣ ਉਪਰੰਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਮਗਰੋਂ ਹੀ ਸ਼ੁਭਕਰਨ ਸਿੰਘ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ।

ਉਨ੍ਹਾਂ ਕਿਹਾ ਕਿ ਇਕ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਪਹਿਲਾਂ ਹੀ ਕੀਤਾ ਗਿਆ ਅਤੇ ਉਸ



ਦੀ ਛੋਟੀ ਭੈਣ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਕੱਲ੍ਹ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਵਿਚ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ।

ਇਥੇ ਦੱਸਣਯੋਗ ਹੈ ਕਿ ਅੱਜ ਸ਼ੁਭਕਰਨ ਸਿੰਘ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਉਸ ਦੇ ਬਠਿੰਡਾ ਸਥਿਤ ਜੱਦੀ ਪਿੰਡ ਬੱਲੋ ਵਿਚ ਕਰ ਦਿੱਤਾ ਜਾਵੇਗਾ। ਅੰਤਿਮ ਸੰਸਕਾਰ ਤੋਂ ਪਹਿਲਾਂ ਸ਼ੁਭਕਰਨ ਸਿੰਘ ਦੀ ਮ੍ਰਿਤਕ ਦੇਹ ਖਨੌਰੀ ਬਾਰਡਰ 'ਤੇ ਅੰਤਿਮ ਦਰਸ਼ਨਾਂ ਲਈ ਲਿਜਾਇਆ ਗਿਆ ਹੈ। ਖਨੌਰੀ ਬਾਰਡਰ 'ਤੇ ਕਿਸਾਨਾਂ ਨੇ ਸ਼ੁਭਕਰਨ ਸਿੰਘ ਦੀ ਮ੍ਰਿਤਕ ਦੇਹ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਕਿਸਾਨੀ ਨਾਅਰੇ ਲਗਾਏ। ਇਸ ਦੌਰਾਨ ਹਰ ਕਿਸੇ ਦੀ ਅੱਖ ਨਮ ਨਜ਼ਰ ਆਈ।

**ਪਾਤੜਾਂ 'ਚ ਧਾਰਾ-302 ਤੇ 114 ਦਰਜ ਕੀਤੀ ਗਈ ਹੈ ਐੱਫ. ਆਈ. ਆਰ.**

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪਟਿਆਲਾ ਪੁਲਸ ਨੇ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ 21 ਸਾਲਾ ਕਿਸਾਨ ਸ਼ੁਭਕਰਨ ਸਿੰਘ ਦੇ ਮਾਮਲੇ 'ਚ ਪਾਤੜਾਂ 'ਚ ਧਾਰਾ-302 ਅਤੇ 114 ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਜ਼ੀਰੋ ਐੱਫ. ਆਈ. ਆਰ. ਦਰਜ ਕਰ ਲਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਆਈ. ਜੀ. ਸੁਖਚੈਨ ਗਿੱਲ ਨੇ ਦੱਸਿਆ ਕਿ ਸ਼ੁਭਕਰਨ ਸਿੰਘ ਦੇ ਮਾਮਲੇ 'ਚ ਕਾਨੂੰਨੀ ਮਾਹਿਰਾਂ ਤੋਂ ਸਲਾਹ ਲੈਣ ਮਗਰੋਂ ਜ਼ੀਰੋ ਐੱਫ. ਆਈ. ਆਰ. ਦਰਜ ਕੀਤੀ ਗਈ ਹੈ।

# ਮੈਟਾ ਨੇ ਗਲਤ ਜਾਣਕਾਰੀ ਦੇ ਫੈਲਣ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ 'ਜਾਣੋ ਕੀ ਅਸਲੀ' ('Know What-s Real') ਮੁਹਿੰਮ ਸ਼ੁਰੂ ਕੀਤੀ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦੇ ਡਿਜੀਟਲ ਯੁੱਗ ਵਿੱਚ ਗਲਤ ਜਾਣਕਾਰੀ ਨਾਲ ਲੜਨ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਦੇ ਯਤਨ ਵਿੱਚ, ਮੈਟਾ ਨੇ ਇੱਕ ਏਕੀਕ੍ਰਿਤ ਸੁਰੱਖਿਆ ਮੁਹਿੰਮ 'ਜਾਣੋ ਕੀ ਅਸਲੀਅਤ' ('Know What's Real') ਸ਼ੁਰੂ ਕੀਤੀ ਹੈ। ਮੁਹਿੰਮ ਦਾ ਉਦੇਸ਼ ਡਿਜੀਟਲ ਸਰਵੋਤਮ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਅਤੇ ਉਪਲਬਧ ਸੁਰੱਖਿਆ ਸਾਧਨਾਂ ਨੂੰ ਉਜਾਗਰ ਕਰਕੇ ਵਟਸਐਪ ਅਤੇ ਇੰਸਟਾਗ੍ਰਾਮ 'ਤੇ ਗਲਤ ਜਾਣਕਾਰੀ ਦੀ ਪਛਾਣ ਕਰਨ ਅਤੇ ਹੱਲ ਕਰਨ ਲਈ ਉਪਭੋਗਤਾਵਾਂ ਨੂੰ ਸਿੱਖਿਅਤ ਕਰਨਾ ਹੈ। ਮੁਹਿੰਮ ਦੀ ਸ਼ੁਰੂਆਤ 'ਤੇ ਟਿੱਪਣੀ ਕਰਦੇ ਹੋਏ, ਸ਼ਿਵਨਾਥ ਠੁਕਰਾਲ, ਡਾਇਰੈਕਟਰ, ਪਬਲਿਕ ਪਾਲਿਸੀ ਇੰਡੀਆ ਮੈਟਾ ਨੇ ਕਿਹਾ ਮੇਟਾ ਆਨਲਾਈਨ ਗਲਤ ਜਾਣਕਾਰੀ ਨਾਲ ਲੜਨ ਲਈ ਵਚਨਬੱਧ ਹੈ। ਅਸੀਂ ਉਦਯੋਗ ਦੇ ਪ੍ਰਮੁੱਖ ਪ੍ਰੋਗਰਾਮਾਂ ਵਿੱਚ ਨਿਵੇਸ਼ ਕੀਤਾ ਹੈ ਜਿਵੇਂ ਕਿ ਸੁਤੰਤਰ ਤੱਥ-ਜਾਂਚਕਰਤਾਵਾਂ ਦਾ ਇੱਕ ਮਜ਼ਬੂਤ ਨੈੱਟਵਰਕ ਸਥਾਪਤ ਕਰਨਾ ਜੋ ਝੂਠੇ ਦਾਅਵਿਆਂ ਨੂੰ ਨਕਾਰਨ ਅਤੇ ਨਾਗਰਿਕਾਂ ਨੂੰ ਭਰੋਸੇਯੋਗ ਜਾਣਕਾਰੀ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ ਕੰਮ ਕਰਦਾ ਹੈ, ਜਿਸ ਵਿੱਚ 19 ਦੁਆਰਾ ਤਿਆਰ ਕੀਤੀ ਗਈ ਗਲਤ ਜਾਣਕਾਰੀ ਨੂੰ ਰੋਕਣ ਲਈ ਇੱਕ ਵਟਸਐਪ ਟਿਪਲਾਈਨ ਲਾਂਚ ਕਰਨ ਲਈ $31 ਨਾਲ ਸਹਿਯੋਗ ਕਰਨਾ ਸ਼ਾਮਲ ਹੈ। ਇਹ ਮੁਹਿੰਮ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਲਈ ਸਾਡੇ ਚੱਲ ਰਹੇ ਯਤਨਾਂ ਦਾ ਇੱਕ ਵਿਸਤਾਰ ਹੈ ਅਤੇ ਲੋਕਾਂ ਨੂੰ ਇਸ ਬਾਰੇ ਸਿੱਖਿਅਤ ਕਰਨ ਲਈ ਇੱਕ ਸਧਾਰਨ ਸੁਰੱਖਿਆ ਗਾਈਡ ਵਜੋਂ ਕੰਮ ਕਰਦੀ ਹੈ ਕਿ ਉਹ ਇਸਦਾ ਮੁਕਾਬਲਾ ਕਰਨ ਲਈ ਨਿਭਾ ਸਕਦੇ ਹਨ।

8-ਹਫ਼ਤਿਆਂ ਦੀ ਮੁਹਿੰਮ ਵਟਸਐਪ 'ਤੇ ਮੌਜੂਦ ਇਨ-ਬਿਲਟ ਉਤਪਾਦ ਵਿਸ਼ੇਸ਼ਤਾਵਾਂ ਅਤੇ ਸੁਰੱਖਿਆ ਉਪਾਵਾਂ ਨੂੰ ਉਜਾਗਰ ਕਰਦੀ ਹੈ ਜਿਵੇਂ ਕਿ ਬਲਾਕ ਅਤੇ ਰਿਪੋਰਟ, ਫਾਰਵਰਡ ਲੇਬਲ ਜੋ ਉਪਭੋਗਤਾਵਾਂ ਨੂੰ ਗਲਤ ਜਾਣਕਾਰੀ ਦਾ ਪਤਾ ਲਗਾਉਣ ਅਤੇ ਇਸਦੇ ਹੋਰ ਫੈਲਣ ਨੂੰ ਰੋਕਣ ਲਈ ਤਿਆਰ ਕਰਦੇ ਹਨ, ਅਤੇ ਲੋਕਾਂ ਨੂੰ ਇਸ ਦੁਆਰਾ ਸ਼ੱਕੀ ਜਾਂ ਗਲਤ ਜਾਪਦੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਉਤਸ਼ਾਹਿਤ ਕਰਦੇ ਹਨ। ਵਟਸਐਪ ਚੈਨਲਾਂ 'ਤੇ ਤੱਥਾਂ ਦੀ ਜਾਂਚ ਕਰਨ ਵਾਲੀਆਂ ਸੰਸਥਾਵਾਂ।

ਇੰਸਟਾਗ੍ਰਾਮ 'ਤੇ, ਮੈਟਾ ਜਾਣਕਾਰੀ ਦੀ ਤਸਦੀਕ ਕਰਨ ਲਈ ਤੱਥਾਂ ਦੀ ਜਾਂਚ ਕਰਨ ਵਾਲਿਆਂ ਦੇ ਇੱਕ ਮਜ਼ਬੂਤ ਨੈੱਟਵਰਕ ਨਾਲ ਟੀਮ ਬਣਾਉਂਦਾ ਹੈ। ਜੇਕਰ ਕੁਝ ਗਲਤ, ਜਿਵੇਂ ਕਿ ਡੀਪ ਫੇਕ, ਪਾਇਆ ਜਾਂਦਾ ਹੈ, ਤਾਂ ਉਹ ਲੋਕਾਂ ਨੂੰ ਇਹ ਦੱਸਣ ਲਈ ਐਪ ਵਿੱਚ ਚੇਤਾਵਨੀ ਲੇਬਲ ਲਗਾ ਦਿੰਦੇ ਹਨ ਕਿ ਇਹ ਸਹੀ ਨਹੀਂ ਹੈ। ਅਸੀਂ ਸਾਡੇ ਤੱਥ-ਜਾਂਚਕਰਤਾਵਾਂ ਦੁਆਰਾ ÷ਗਲਤ÷ ਲੇਬਲ ਵਾਲੀ ਸਮੱਗਰੀ ਦੀ ਪਹੁੰਚ ਨੂੰ ਵੀ ਸੀਮਤ ਕਰਦੇ ਹਾਂ ਤਾਂ ਜੋ ਘੱਟ ਲੋਕ ਇਸਨੂੰ ਦੇਖ ਸਕਣ।

ਮੁਹਿੰਮ ਦੇ ਜ਼ਰੀਏ, ਮੈਟਾ ਲੋਕਾਂ ਨੂੰ ਕਿਸੇ ਵੀ ਗੈਰ-ਪ੍ਰਮਾਣਿਕ ਸਮੱਗਰੀ ਨੂੰ ਅੱਗੇ ਜਾਂ ਸਾਂਝਾ ਨਾ ਕਰਨ ਲਈ ਉਤਸ਼ਾਹਿਤ ਕਰ ਰਿਹਾ ਹੈ ਅਤੇ ਇਸ ਦੀ ਬਜਾਏ ਸ਼ਿਕਾਇਤ ਅਧਿਕਾਰੀ ਜਾਂ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਕਿਸੇ ਵੀ ਸੁਤੰਤਰ ਤੱਥ ਜਾਂਚ ਭਾਗੀਦਾਰ ਨੂੰ ਰਿਪੋਰਟ ਕਰੋ।

ਭਾਰਤ ਵਿੱਚ ਮੈਟਾ ਦੇ ਤੱਥ-ਜਾਂਚ ਪ੍ਰੋਗਰਾਮ ਵਿੱਚ 11 ਸੁਤੰਤਰ ਤੱਥ-ਜਾਂਚ ਸੰਸਥਾਵਾਂ ਦੇ ਨਾਲ ਭਾਈਵਾਲੀ ਸ਼ਾਮਲ ਹੈ ਜੋ ਵਿਸ਼ਵ ਪੱਧਰ 'ਤੇ ਤੱਥ-ਜਾਂਚ ਕਰਨ ਵਾਲੇ ਭਾਈਵਾਲਾਂ ਦੇ ਸਭ ਤੋਂ ਵੱਡੇ ਨੈੱਟਵਰਕਾਂ ਵਿੱਚੋਂ ਇੱਕ ਹੈ। ਇਹਨਾਂ ਭਾਈਵਾਲਾਂ ਕੋਲ ਪੰਜਾਬੀ ਦੇ ਨਾਲ-ਨਾਲ 15 ਭਾਰਤੀ ਭਾਸ਼ਾਵਾਂ ਵਿੱਚ ਸਮੱਗਰੀ ਦੀ ਤੱਥਾਂ ਦੀ ਜਾਂਚ ਕਰਨ ਦੀਆਂ ਸਮਰੱਥਾਵਾਂ ਹਨ - ਲੋਕਾਂ ਨੂੰ Meta ਪਲੇਟਫਾਰਮਾਂ 'ਤੇ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਵਿੱਚ ਪਛਾਣ ਕਰਨ, ਸਮੀਖਿਆ ਕਰਨ, ਜਾਣਕਾਰੀ ਦੀ ਪੁਸ਼ਟੀ ਕਰਨ ਅਤੇ ਮਦਦ ਕਰਨ ਦੇ ਯੋਗ ਬਣਾਉਂਦਾ ਹੈ। ਪਿਛਲੇ ਹਫ਼ਤੇ ਹੀ, ਕੰਪਨੀ ਨੇ 19-ਉਤਪੰਨ ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਵਿੱਚ helpline on WhatsApp ਸ਼ੁਰੂ ਕਰਨ ਦੀ ਘੋਸ਼ਣਾ ਕੀਤੀ - ਖਾਸ ਤੌਰ 'ਤੇ ਡੀਪ ਫੇਕ, ਅਤੇ ਲੋਕਾਂ ਨੂੰ ਪ੍ਰਮਾਣਿਤ ਅਤੇ ਭਰੋਸੇਯੋਗ ਜਾਣਕਾਰੀ ਨਾਲ ਜੁੜਨ ਵਿੱਚ ਮਦਦ ਕੀਤੀ। ਮੈਟਾ ਕ੍ਰਾਸ-ਇੰਡਸਟਰੀ ਅਤੇ ਮਲਟੀ-ਸਟੇਕਹੋਲਡਰ ਦੀ ਅਗਵਾਈ ਵਾਲੀ ਮਿਸਇਨਫਰਮੇਸ਼ਨ ਕੰਬੈਟ ਅਲਾਇੰਸ ($31) ਦੀ ਪਹਿਲਕਦਮੀ ਨੂੰ ਤੀਜੀ-ਧਿਰ ਦੇ ਤੱਥ ਜਾਂਚਕਰਤਾਵਾਂ ਲਈ ਸਵੈ-ਰੈਗੂਲੇਟਰੀ ਸੰਸਥਾ (SRO) ਦੀ ਸਥਾਪਨਾ ਦਾ ਸਮਰਥਨ ਵੀ ਕਰਦਾ ਹੈ।

# ਪੰਜਾਬ ਸਰਕਾਰ ਪਹਿਲੇ ਪੜਾਅ ਵਿੱਚ 260 ਖੇਡ ਨਰਸਰੀਆਂ ਖੋਲ੍ਹੇਗੀ: ਮੀਤ ਹੇਅਰ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਵੀਂ ਖੇਡ ਨੀਤੀ ਤਹਿਤ ਸਥਾਪਤ ਕੀਤੀਆਂ ਜਾਣ ਵਾਲੀਆਂ 1000 ਖੇਡ ਨਰਸਰੀਆਂ ਵਿੱਚੋਂ 260 ਨਰਸਰੀਆਂ ਪਹਿਲੇ ਪੜਾਅ ਵਿੱਚ ਸਥਾਪਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਸਥਾਪਨਾ ਲਈ ਖੇਡ ਸੁਪਰਵਾਈਜ਼ਰਾਂ ਤੇ ਕੋਚਾਂ ਦੀ ਭਰਤੀ ਲਈ 10 ਮਾਰਚ ਤੱਕ ਬਿਨੈ ਪੱਤਰ ਮੰਗੇ ਗਏ ਹਨ।

ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਅਤੇ ਪਿੰਡ ਪੱਧਰ ਉਤੇ ਖਿਡਾਰੀਆਂ ਲਈ ਢਾਂਚਾ ਉਸਾਰਨ ਦੀਆਂ ਕੋਸ਼ਿਸ਼ਾਂ ਦੇ ਚੱਲਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਉਤੇ ਬਣਾਈ ਨਵੀਂ ਖੇਡ ਨੀਤੀ ਤਹਿਤ ਹਰ 4-5 ਕਿਲੋਮੀਟਰ ਦੇ ਘੇਰੇ ਵਿੱਚ ਇਕ ਖੇਡ ਨਰਸਰੀ ਬਣਾਈ ਜਾ ਰਹੀ ਹੈ।

ਖੇਡ ਮੰਤਰੀ ਨੇ ਕਿਹਾ ਕਿ ਪਹਿਲਾਂ ਪਹਿਲੇ ਪੜਾਅ ਵਿੱਚ 205 ਨਰਸਰੀਆਂ ਖੋਲ੍ਹਣ ਦੀ ਤਜਵੀਜ਼ ਸੀ ਜਿਸ ਸਬੰਧੀ ਬਾਕਾਇਦਾ ਭਰਤੀ ਲਈ ਇਸ਼ਤਿਹਾਰ ਵੀ ਦਿੱਤਾ ਗਿਆ। ਇਸ ਤੋਂ ਬਾਅਦ ਕਈ ਖਿਡਾਰੀਆਂ ਅਤੇ ਸਬੰਧਤ ਧਿਰਾਂ ਵੱਲੋਂ ਪਹੁੰਚ ਕਰਕੇ ਹੋਰ ਨਰਸਰੀਆਂ ਖੋਲ੍ਹਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਅਜਿਹੀਆਂ ਖੇਡਾਂ ਨੂੰ ਵੀ ਸ਼ਾਮਲ ਕਰਨ ਦੀ ਪੁਰਜ਼ੋਰ ਮੰਗ ਉੱਠੀ ਜਿਹੜੀਆਂ ਪਹਿਲੇ ਪੜਾਅ ਵਿੱਚ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਹੁਣ ਖੇਡ ਵਿਭਾਗ ਪਹਿਲੇ ਪੜਾਅ ਵਿੱਚ 2024-25 ਸੈਸ਼ਨ ਵਿੱਚ ਹੀ 260 ਖੇਡ ਨਰਸਰੀਆਂ ਖੋਲ੍ਹਣ ਜਾ ਰਿਹਾ ਹੈ ਜਿਸ ਲਈ ਸੋਧਿਆ ਇਸ਼ਤਿਹਾਰ ਜਾਰੀ ਕਰਕੇ ਇਸ ਸਬੰਧੀ ਵੇਰਵੇ ਵਿਭਾਗ ਦੀ ਵੈਬਸਾਈਟ www.pbsports. punjab.gov.in ਉਪਰ ਪਾ ਦਿੱਤੇ ਗਏ ਹਨ।

ਮੀਤ ਹੇਅਰ ਨੇ ਦੱਸਿਆ ਕਿ 260 ਖੇਡ ਨਰਸਰੀਆਂ ਲਈ 260 ਕੋਚ ਅਤੇ 26 ਸੁਪਰਵਾਈਜ਼ਰ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾਂ ਖੇਡ ਅਨੁਸਾਰ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਖੇਡ ਨਰਸਰੀਆਂ ਲਈ ਅਥਲੈਟਿਕਸ ਲਈ 58, ਹਾਕੀ ਤੇ ਵਾਲੀਬਾਲ ਲਈ 22-22, ਕੁਸ਼ਤੀ ਤੇ ਬੈਡਮਿੰਟਨ ਲਈ 20, ਫੁਟਬਾਲ, ਮੁੱਕੇਬਾਜ਼ੀ ਤੇ ਬਾਸਕਟਬਾਲ ਲਈ 15-15, ਕਬੱਡੀ ਲਈ 12, ਤੀਰਅੰਦਾਜ਼ੀ ਤੇ ਤੈਰਾਕੀ ਲਈ 10-10, ਵੇਟਲਿਫਟਿੰਗ ਤੇ ਜੂਡੋ ਲਈ 5-5, ਜਿਮਨਾਸਟਿਕ, ਰੋਇੰਗ ਤੇ ਸਾਈਕਲਿੰਗ ਲਈ 4-4, ਹੈਂਡਬਾਲ, ਵੁਸ਼ੂ ਤੇ ਕ੍ਰਿਕਟ ਲਈ 3-3, ਖੋ ਖੋ, ਤਲਵਾਰਬਾਜ਼ੀ, ਟੈਨਿਸ ਤੇ ਟੇਬਲ ਟੈਨਿਸ ਲਈ 2-2, ਕਿੱਕ ਬਾਕਸਿੰਗ ਤੇ ਨੈਟਬਾਲ ਲਈ 1-1 ਕੋਚ ਦੀ ਭਰਤੀ ਕੀਤੀ ਜਾ ਰਹੀ ਹੈ।

ਖੇਡ ਮੰਤਰੀ ਨੇ ਅੱਗੇ ਦੱਸਿਆ ਕਿ ਜਿਸ ਇਲਾਕੇ ਵਿੱਚ ਜਿਹੜੀ ਖੇਡ ਵੱਧ ਮਕਬੂਲ ਹੈ ਅਤੇ ਸਬੰਧਤ ਖੇਡ ਦੇ ਖਿਡਾਰੀਆਂ ਦੀ ਗਿਣਤੀ ਵੱਧ ਹੈ, ਉੱਥੇ ਉਸੇ ਖੇਡ ਦੀ ਨਰਸਰੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਦੀ ਸਫਲਤਾ ਤੋਂ ਬਾਅਦ ਵਿਭਾਗ ਕੋਲ ਡਾਟਾ ਮੌਜੂਦ ਹੈ ਕਿ ਕਿਸ ਇਲਾਕੇ ਵਿੱਚ ਕਿਹੜੀ ਖੇਡ ਵੱਧ ਖੇਡੀ ਜਾਂਦੀ ਹੈ।

# ਮਿਸ਼ਨ ਸਮਰਥ ਦੇ ਨਤੀਜੇ ਉਤਸ਼ਾਹਜਨਕ: ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮਿਸ਼ਨ ਸਮਰਥ ਦੇ ਨਤੀਜੇ ਬਹੁਤ ਉਤਸ਼ਾਹਜਨਕ ਰਹੇ ਹਨ।ਉਹ ਅੱਜ ਇੱਥੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਫਾਰ ਪਬਲਿਕ ਐਡਮਿਨਸਟ੍ਰੇਸ਼ਨ ਦੇ ਹਾਲ ਵਿੱਚ ਕਰਵਾਏ ਗਏ ਮਿਸ਼ਨ ਸਮਰਥ ਸਬੰਧੀ ਵਰਕਸ਼ਾਪ ਨੂੰ ਸੰਬੋਧਿਤ ਕਰ ਰਹੇ ਸਨ। ਆਪਣੇ ਸੰਬੋਧਨ ਦੌਰਾਨ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਬਿਹਤਰੀਨ ਬਨਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਅਧਿਆਪਕਾਂ ਦੀ ਭਰਤੀ ਤੋਂ ਲੈ ਕੇ ਸਕੂਲਾਂ ਦੀ ਚਾਰ ਦੀਵਾਰੀ, ਸਫਾਈ ਦਾ ਪ੍ਰਬੰਧ, ਫਰਨੀਚਰ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਨਾਲ ਸਕੂਲਾਂ ਦਾ ਜਿਥੇ ਸਕੂਲਾਂ ਦਾ ਮਾਹੌਲ ਬਦਲਿਆ ਹੈ, ਉਥੇ ਨਾਲ ਹੀ ਵਿਭਾਗ ਦੇ ਮੁਲਾਜਮਾਂ ਅਤੇ ਅਧਿਕਾਰੀਆਂ ਦੇ ਸਹਿਯੋਗ ਸਕਦਾ ਸਕੂਲਾਂ ਵਿੱਚ ਤਬਦੀਲੀ ਹੋਣੀ ਸ਼ੁਰੂ ਹੋ ਗਈ ਹੈ।

ਉਹਨਾਂ ਕਿਹਾ ਕਿ ਸੂਬੇ ਦੇ 19,000 ਸਕੂਲਾਂ ਵਿੱਚੋਂ 18,000 ਸਕੂਲਾਂ ਵਿੱਚ ਕੋਈ ਨਾ ਕੋਈ ਕੰਮ ਚਲ ਰਿਹਾ ਹੈ, ਕਿਸੇ ਸਕੂਲ ਵਿੱਚ ਚਾਰ ਦੀਵਾਰੀ ਹੋ ਰਹੀ ਹੈ, ਕਿਤੇ ਨਵੇਂ ਕਮਰੇ ਬਣਾਏ ਜਾ ਰਹੇ ਜਾਂ ਫਿਰ ਲੈਬਸ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਅਧਿਆਪਕਾਂ ਦੀ ਮਿਹਨਤ ਸਦਕਾ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਪੜ੍ਹਨ-ਪੜ੍ਹਾਉਣ ਅਤੇ ਸਿੱਖਣ ਸਿਖਾਉਣ ਦੇ ਪੱਧਰ ਵਿੱਚ ਵਾਧਾ ਦਰਜ ਹੋ ਰਿਹਾ ਹੈ। ਇਸ ਮੌਕੇ ਬੋਲਦਿਆਂ ਪ੍ਰਥਮ ਐਨ.ਜੀ.ਓ. ਦੇ ਸੀ.ਈ.ਓ. ਰੁਕਮਨੀ ਬੈਨਰਜੀ ਨੇ ਕਿਹਾ ਕਿ ਸਾਡਾ ਐਨ.ਜੀ.ਓ. ਪਿਛਲੇ 18 ਸਾਲ ਤੋਂ ਪੰਜਾਬ ਵਿੱਚ ਕੰਮ ਕਰ ਰਿਹਾ ਹੈ। ਸਾਨੂੰ ਇਸ ਸਮੇਂ ਦੌਰਾਨ ਕਈ ਬਹੁਤ ਖਾਸ ਤਜਰਬੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਪੂਰੇ ਦੇਸ਼ ਵਿਚ ਲਾਗੂ ਕੀਤਾ।

ਉਹਨਾ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਨੇ ਸਕੂਲੀ ਵਿਦਿਆਰਥੀਆਂ ਦੇ ਲਾਜ਼ਮੀ ਵਿਸ਼ਿਆਂ ਅਤੇ ਹਿਸਾਬ ਵਿੱਚ ਵਿਦਿਆਰਥੀਆਂ ਦੀ ਪੜ੍ਹਨ- ਲਿਖਣ ਦੀ ਕਮਜ਼ੋਰੀ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦਿਸ਼ਾ ਵਿਚ ਕੰਮ ਕੀਤਾ, ਜਿਸ ਦੇ ਅੱਜ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ।ਸ੍ਰੀਮਤੀ ਬੈਨਰਜੀ ਨੇ ਕਿਹਾ ਕਿ ਜਦੋਂ ਮੈਂ ਪੰਜਾਬ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਦੀ ਹਾਂ ਤਾਂ ਅਧਿਆਪਕਾਂ ਵਲੋਂ ਕਲਾਸ ਰੂਮ ਵਿਚ ਆਉਂਦੀਆਂ ਦਿੱਕਤਾਂ ਸਬੰਧੀ ਬਹੁਤ ਡੂੰਘਾਈ ਨਾਲ ਚਰਚਾ ਕੀਤੀ ਜਾਂਦੀ ਹੈ ਜੋ ਕਿ ਉਹਨਾਂ ਦੀ ਆਪਣੇ ਪੇਸ਼ੇ ਪ੍ਰਤੀ ਸਮਰਪਣ ਭਾਵਨਾ ਨੂੰ ਦਰਸਾਉਂਦੀ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਸਕੂਲ ਵਿੱਚ ਪ੍ਰੀ ਪ੍ਰਾਇਮਰੀ ਸਕੂਲਾਂ ਦੀ ਸ਼ੁਰੂਆਤ ਕਰਨ ਵਾਲ਼ਾ ਵੀ ਪੰਜਾਬ ਦੇਸ਼ ਦਾ ਪਹਿਲਾ ਸੂਬਾ ਸੀ। ਮੈਨੂੰ ਇਹ ਉਮੀਦ ਹੈ ਕਿ ਪ੍ਰੀ ਪ੍ਰਾਇਮਰੀ ਕਲਾਸਾਂ ਕਾਰਨ ਸਾਨੂੰ ਬਹੁਤ ਜਲਦ ਮਿਸ਼ਨ ਸਮਰੱਥ ਵਰਗੇ ਉਪਰਾਲਿਆਂ ਦੀ ਜ਼ਰੂਰਤ ਨਹੀਂ ਪਵੇਗੀ।ਇਸ ਮੌਕੇ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ ਅਧਿਆਪਕਾਂ ਦਾ ਸਿੱਖਿਆ ਮੰਤਰੀ ਵੱਲੋਂ ਸਨਮਾਨ ਵੀ ਕੀਤਾ ਗਿਆ।

# ਟਟਿਆਣਾ ਹੱਦ ਦੇ ਨਾਲ ਲੱਗਦੇ ਇਲਾਕਿਆਂ ’ਚ ਇੰਟਰਨੈੱਟ ਤੇ ਬੱਸ ਸੇਵਾ ਬਹਾਲ



**ਗੂਹਲਾ ਚੀਕਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੇ ਸ਼ੁਰੂ ਹੁੰਦੇ ਹੀ ਬੰਦ ਕੀਤੀ ਗਈ ਇੰਟਰਨੈਟ ਸੇਵਾ ਨੂੰ 2 ਦਿਨ ਪਹਿਲਾਂ ਸ਼ੁਰੂ ਕਰਨ ਤੋਂ ਬਾਅਦ ਅੱਜ ਚੀਕਾ ਤੋਂ ਟਟਿਆਣਾ ਬਾਰਡਰ ਤੱਕ ਲੋਕਾਂ ਲਈ ਬੱਸ ਸੇਵਾ ਵੀ ਬਹਾਲ ਕਰ ਦਿੱਤੀ ਗਈ ਹੈ, ਜਿਸ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੀ ਹੈ ਪਰ ਅੱਜ ਵੀ ਲੋਕਾਂ ਦੇ ਨਿਜੀ ਵਾਹਨ ਅਤੇ ਵੱਡੇ ਵਾਹਨਾਂ ਲਈ ਰਸਤਾ ਪੂਰੀ ਤਰ੍ਹਾਂ ਤੋਂ ਬੰਦ ਹੈ। ਦੱਸਣਯੋਗ ਹੈ ਕਿ ਪੰਜਾਬ ਖੇਤਰ ਤੋਂ ਇੱਥੇ ਵੱਡੀ ਗਿਣਤੀ ਵਿੱਚ ਮਜ਼ਦੂਰ ਵਰਗ ਦੇ ਲੋਕ ਦਿਹਾੜੀ ਕਰਨ ਲਈ ਚੀਕਾ ਸ਼ਹਿਰ ਆਉਂਦੇ ਹਨ, ਪਰ ਕਿਸਾਨ ਅੰਦੋਲਨ ਵਿੱਚ ਬਾਰਡਰ ਬੰਦ ਹੋਣ ਦੇ ਚਲਦੇ ਇਸ ਦਾ ਸਿੱਧਾ ਅਸਰ ਉਨ੍ਹਾਂ ਦੀ ਰੋਜ ਦੀ ਮਜ਼ਦੂਰੀ ਉੱਤੇ ਪਿਆ ਹੈ, ਜਿਸ ਨਾਲ ਉਨ੍ਹਾਂ ਦੇ ਭੁੱਖੇ ਰਹਿਣ ਦੀ ਨੌਬਤ ਆ ਗਈ ਹੈ। ਪੰਜਾਬ ਅਤੇ ਹਰਿਆਣਾ ਦੋਵਾਂ ਪਾਸਿਆਂ ਦੇ ਮਜ਼ਦੂਰ ਵੀ ਹਰਿਆਣਾ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਹੁਣ ਬਾਰਡਰ ਨੂੰ ਜਾਂ ਤਾਂ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਵੇ ਜਾਂ ਫਿਰ ਘੱਟ ਤੋਂ ਘੱਟ ਛੋਟੇ ਵਾਹਨ ਨਿਕਲਣ ਦੀ ਵਿਵਸਥਾ ਜ਼ਰੂਰ ਕੀਤੀ ਜਾਵੇ। ਕਿਸਾਨ ਅੰਦੋਲਨ ਦੀ ਸ਼ੁਰੂਆਤ ਵਿੱਚ ਹੀ ਮੁੱਖ ਟਟਿਆਣਾ ਬਾਰਡਰ ਦੇ ਇਲਾਵਾ ਪੰਜਾਬ ਸੀਮਾ ਨਾਲ ਲਗਦੇ 12 ਨਾਕੇ ਅਜੇ ਵੀ ਪਹਿਲਾਂ ਦੀ ਤਰ੍ਹਾਂ ਬੰਦ ਹਨ। ਟਟਿਆਣਾ ਬਾਰਡਰ ਉੱਤੇ ਪੂਰੀ ਤਰ੍ਹਾਂ ਸ਼ਾਂਤੀ ਹੈ ਅਤੇ ਇੱਥੇ ਕਿਸਾਨ ਅੰਦੋਲਨ ਦਾ ਜ਼ਰਾ ਜਿਹਾ ਵੀ ਅਸਰ ਦੇਖਣ ਨੂੰ ਨਹੀਂ ਮਿਲਿਆ। ਅੱਜ ਕਿਸਾਨ ਸੰਗਠਨਾਂ ਦੇ ਟਰੈਕਟਰ ਮਾਰਚ ਕੱਢਣ ਦੇ ਐਲਾਨ ਦੇ ਬਾਵਜੂਦ ਇੱਥੇ ਕਿਸਾਨ ਰਾਸ਼ਟਰੀ ਰਾਜ ਮਾਰਗਾਂ ਉੱਤੇ ਗਏ ਅਤੇ ਉੱਥੇ ਆਪਣੇ ਹੋਰ ਸਾਥੀਆਂ ਨਾਲ ਟਰੈਕਟਰ ਮਾਰਚ ਕੱਢਿਆ ਜਿਸ ਦੇ ਚਲਦੇ ਕੈਥਲ ਪਟਿਆਲਾ ਸਟੇਟ ਹਾਈਵੇਅ ਪੂਰੀ ਤਰ੍ਹਾਂ ਸੁੰਨਸਾਨ ਹੈ।

# ਲਾਪਤਾ ਵਿਅਕਤੀ ਦੀ ਸੜੀ ਹੋਈ ਲਾਸ਼ ਬਰਾਮਦ

**ਯਮੁਨਾਨਗਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਾਧਰੀ ਦੀ ਦਵਾਰਕਾ ਪੁਰੀ ਕਲੋਨੀ ਦੇ ਰਹਿਣ ਵਾਲੇ ਹਿਤੇਸ਼ ਰਾਣਾ ਦੀ ਲਾਸ਼ ਅੱਜ ਸਵੇਰੇ ਦਾਦੂਪੁਰ ਨਲਵੀ ਨਹਿਰ ’ਤੇ ਪਿੰਡ ਜੜੌਦਾ ਨੇੜੇ ਸੜੀ ਹੋਈ ਮਿਲੀ। ਲਾਸ਼ ਪੂਰੀ ਤਰ੍ਹਾਂ ਸੜ ਚੁੱਕੀ ਸੀ ਪਰ ਥੋੜਾ ਜਿਹਾ ਚਿਹਰਾ ਅਤੇ ਬਾਂਹ ਬਚੀ ਸੀ ਜਿਸ ’ਤੇ ਉਸ ਦਾ ਨਾਮ ਲਿਖਿਆ ਹੋਇਆ ਸੀ। ਰਾਹੁਲ ਰਾਣਾ ਨੇ ਦੱਸਿਆ ਕਿ ਉਸ ਦਾ ਭਰਾ ਹਿਤੇਸ਼ ਰਾਣਾ (42) ਇੱਕ ਪਲਾਈਵੁੱਡ ਫੈਕਟਰੀ ਵਿੱਚ ਡਰਾਈਵਰ ਵਜੋਂ ਕੰਮ ਕਰਦਾ ਸੀ।

ਬੀਤੀ ਰਾਤ 8 ਵਜੇ ਹਿਤੇਸ਼ ਘਰੋਂ ਨਿਕਲਿਆ ਸੀ ਪਰ ਇਸ ਤੋਂ ਬਾਅਦ ਉਹ ਘਰ ਵਾਪਸ ਨਹੀਂ ਆਇਆ। ਸਵੇਰੇ ਜਦੋਂ ਉਹ ਆਪਣੇ ਭਰਾ ਦੀ ਭਾਲ ਲਈ ਨਿਕਲਿਆ ਤਾਂ ਉਸ ਨੂੰ ਪਤਾ ਲੱਗਾ ਕਿ ਦਾਦੂਪੁਰ ਨਲਵੀ ਨਹਿਰ ’ਤੇ ਪਿੰਡ ਜੜੌਦੀ ਨੇੜੇ ਇੱਕ ਵਿਅਕਤੀ ਦੀ ਸੜੀ ਹਾਲਤ ’ਚ ਲਾਸ਼ ਪਈ ਹੈ। ਸੂਚਨਾ ਮਿਲਦੇ ਹੀ ਉਸ ਨੇ ਮੌਕੇ ’ਤੇ ਪਹੁੰਚ ਕੇ ਵੇਖਿਆ ਤਾਂ ਲਾਸ਼ ਉਸ ਦੇ ਭਰਾ ਦੀ ਨਿਕਲੀ। ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਲਿਆ ਹੈ।

# ਵਿਦਿਆਰਥੀਆਂ ਨੂੰ ਅਨੁਸ਼ਾਸਨ ’ਚ ਰਹਿਣ ਲਈ ਪ੍ਰੇਰਿਆ




**ਸ਼ਾਹਬਾਦ ਮਾਰਕੰਡਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਣੀ ਲਕਸ਼ਮੀ ਬਾਈ ਸੀਨੀਅਰ ਸੰਕੈਡਰੀ ਸਕੂਲ ਮੰਗੋਲੀ ਜਾਟਾਨ ਵਿੱਚ ਅੱਜ ਸਾਲਾਨਾ ਸਮਾਗਮ ਤੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਕਰਵਾਈ ਗਈ। ਇਸ ਮੌਕੇ ਬੱਚਿਆਂ ਨੇ ਮਨੋਰੰਜਕ, ਦੇਸ਼ ਭਗਤੀ ਤੇ ਪ੍ਰੇਰਨਾਦਾਇਕ ਪ੍ਰੋਗਰਾਮ ਪੇਸ਼ ਕਰ ਕੇ ਹਾਜ਼ਰ ਲੋਕਾਂ ਦਾ ਮਨ ਮੋਹ ਲਿਆ। ਸਕੂਲ ਦੇ ਚੇਅਰਮੈਨ ਕਿਰਪਾਲ ਸਿੰਘ ਨੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਦਸਵੀਂ ਤੋਂ +2 ਜਮਾਤ ਦੇ ਬੱਚਿਆਂ ਨੇ ਵੀ ਆਪਣੇ ਅਧਿਆਪਕਾਂ ਨੂੰ ਤੋਹਫੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਬੱਚਿਆਂ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਚੇਅਰਮੈਨ ਕਿਰਪਾਲ ਸਿੰਘ ਨੇ ਕਿਹਾ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਬੱਚਿਆਂ ਨੂੰ ਆਪਣੇ ਜੀਵਨ ਵਿਚ ਸਫ਼ਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਤੇ ਅਨੁਸ਼ਾਸਨ ਵਿਚ ਰਹਿ ਕੇ ਨੈਤਿਕ ਕਦਰਾਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਸ਼ਾਮਲ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਅੱਜ ਜਿਸ ਤਰ੍ਹਾਂ ਪੱਛਮੀ ਸਭਿਅਤਾ ਸਾਡੇ ਸਮਾਜ ’ਤੇ ਭਾਰੂ ਹੋ ਰਹੀ ਹੈ, ਉਸ ਨਾਲ ਨਜਿੱਠਣ ਲਈ ਬੱਚਿਆਂ ਦਾ ਸੰਸਕ੍ਰਿਤ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੀਵਨ ਵਿਚ ਸਫ਼ਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨੀ ਜ਼ਰੂਰੀ ਹੈ।

ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜੀਵਨ ਵਿਚ ਹਮੇਸ਼ਾ ਸਕਾਰਾਤਮਕ ਸੋਚ ਰੱਖਣ ਕਿਉਂਕਿ ਨਕਾਰਾਤਮਕ ਸੋਚ ਨਾ ਸਿਰਫ ਵਿਅਕਤੀ ਨੂੰ ਕਮਜ਼ੋਰ ਬਣਾਉਂਦੀ ਹੈ ਸਗੋਂ ਅਜਿਹਾ ਵਿਅਕਤੀ ਜ਼ਿੰਦਗੀ ਵਿਚ ਅਕਸਰ ਪੱਛੜ ਹੀ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਤਮਵਿਸ਼ਵਾਸ਼ ਤੇ ਉਚੇਰੀ ਵਿਦਿਆ ਹੀ ਸਫਲਤਾ ਦੀ ਕੁੰਜੀ ਹੈ। ਸਵੈ ਵਿਸ਼ਵਾਸ਼ ਤੇ ਉਚੇਰੀ ਸਿਖਿਆ ਤੋਂ ਬਿਨਾਂ ਵਿਅਕਤੀ ਜੀਵਨ ਵਿਚ ਕਦੇ ਵੀ ਸਫਲ ਨਹੀਂ ਹੋ ਸਕਦਾ।

# ਸ਼ੱਕੀ ਹਾਲਤ ਵਿੱਚ ਨਾਬਾਲਗ ਲੜਕੇ ਨੇ ਫਾਹਾ ਲਿਆ

**ਅੰਬਾਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਸ਼ਹਿਰ ਵਿੱਚ 14 ਸਾਲਾ ਨਾਬਾਲਗ ਨੇ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਸੈਕਟਰ-7 ਵਾਸੀ ਵਿਕਾਸ ਵਜੋਂ ਹੋਈ ਹੈ। ਉਸ ਨੇ ਸ਼ੱਕੀ ਹਾਲਤਾਂ ਵਿਚ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਲਈ ਹੈ। ਉਹ 8ਵੀਂ ਜਮਾਤ ਵਿਚ ਪੜ੍ਹਦਾ ਸੀ। ਦੱਸਿਆ ਜਾ ਰਿਹਾ ਹੈ ਕਿ ਇਕ ਮਹੀਨਾ ਪਹਿਲਾਂ ਉਸ ਦੀ ਮਾਂ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਉਦੋਂ ਤੋਂ ਉਸ ਨੇ ਸਕੂਲ ਜਾਣਾ ਵੀ ਛੱਡ ਦਿੱਤਾ ਸੀ ਅਤੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਰਹਿੰਦਾ ਸੀ।

ਜਿਸ ਸਮੇਂ ਉਸ ਨੇ ਖ਼ੁਦਕੁਸ਼ੀ ਕੀਤੀ ਉਹ ਘਰ ਵਿਚ ਇਕੱਲਾ ਸੀ। ਉਸ ਨੇ ਘਰ ਦਾ ਦਰਵਾਜ਼ਾ ਬੰਦ ਕਰ ਕੇ ਪੱਖੇ ਨਾਲ ਲਟਕ ਕੇ ਫਾਹਾ ਲੈ ਲਿਆ। ਪਰਿਵਾਰ ਮੂਲ ਤੌਰ ’ਤੇ ਯੂਪੀ ਦੇ ਪ੍ਰਤਾਪਗੜ੍ਹ ਦਾ ਰਹਿਣ ਵਾਲਾ ਹੈ ਅਤੇ ਜੋ ਕੰਮ ਦੇ ਸਿਲਸਿਲੇ ਵਿਚ ਕੁਝ ਸਾਲਾਂ ਤੋਂ ਅੰਬਾਲਾ ਵਿਚ ਰਹਿ ਰਿਹਾ ਹੈ।

# ਰੰਗਲਾ ਪੰਜਾਬ: ਸਮਰ ਪੈਲੇਸ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ

**ਅੰਮ੍ਰਿਤਸਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਰੰਗਲਾ ਪੰਜਾਬ ਮੇਲੇ ਤਹਿਤ ਇੱਥੇ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ ਹੋ ਗਿਆ ਹੈ। ਇਹ ਪੈਲੇਸ ਕੰਪਨੀ ਬਾਗ ’ਚ ਸਥਿਤ ਹੈ। ਵਿਭਾਗ ਦੇ ਵਧੀਕ ਡਾਇਰੈਕਟਰ ਰਾਕੇਸ਼ ਪੋਪਲੀ ਨੇ ਦੱਸਿਆ ਕਿ ਇਹ ਸ਼ੋਅ ਪੱਕੇ ਤੌਰ ’ਤੇ ਚੱਲਣ ਵਾਲਾ ਸ਼ੋਅ ਹੋਵੇਗਾ, ਜੋ ਕਿ ਰੋਜ਼ਾਨਾ ਸ਼ਾਮ ਨੂੰ ਇਸ ਪੈਲੇਸ ਵਿੱਚ ਚੱਲੇਗਾ। ਉਨ੍ਹਾਂ ਦੱਸਿਆ ਕਿ 20 ਮਿੰਟ ਦੇ ਇਸ ਸ਼ੋਅ ਵਿੱਚ ਸਿੱਖ ਇਤਿਹਾਸ ਦੀ ਮੁੱਢਲੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 2.76 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਇਸ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਪੰਜਾਬ ਦੇ ਯੋਧਿਆਂ ਦੀ ਬਹਾਦਰੀ, ਦਲੇਰੀ ਅਤੇ ਅਮੀਰ ਵਿਰਸੇ ਨੂੰ ਬਾਖੂਬੀ ਪੇਸ਼ ਕੀਤਾ ਗਿਆ। ਇਹ ਸ਼ੋਅ ਰੋਜ਼ਾਨਾ ਸ਼ਾਮ ਦੇ ਸਮੇਂ ਇਸ ਪੈਲੇਸ ਵਿੱਚ ਸਮਾਂ ਤੈਅ ਕਰਕੇ ਚਲਾਇਆ ਜਾਵੇਗਾ।

ਰੰਗਲਾ ਪੰਜਾਬ ਮੇਲੇ ਤਹਿਤ ਤੰਦਰੁਸਤੀ ਦਾ ਸੁਨੇਹਾ ਦੇਣ ਲਈ ਅੰਮ੍ਰਿਤਸਰ ਵਿੱਚ ਪੰਜ ਕਿੱਲੋਮੀਟਰ ਦੌੜ ਦੌਰਾਨ ਜਸਬੀਰ ਕੌਰ ਅਤੇ ਲੜਕਿਆਂ ਦੇ ਵਰਗ ਵਿੱਚ ਤਰੁਣ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪਹਿਲੇ ਸਥਾਨ ’ਤੇ ਰਹੇ ਜੇਤੂਆਂ ਨੂੰ 25000 ਰੁਪਏ, ਦੂਸਰੇ ਸਥਾਨ ਦੇ ਜੇਤੂਆਂ ਨੂੰ 20 ਹਜ਼ਾਰ ਰੁਪਏ, ਤੀਸਰੇ ਸਥਾਨ ਲਈ 15 ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ ਗਏ।

ਇਸੇ ਦੌਰਾਨ ਪਾਰਟੀਸ਼ਨ ਮਿਊਜ਼ੀਅਮ ਵਿੱਚ ਲਿਟਰੇਚਰ ਫ਼ੈਸਟੀਵਲ ਦੇ ਆਖ਼ਰੀ ਦਿਨ ਕਵੀ ਡਾ. ਸੁਰਜੀਤ ਪਾਤਰ ਅਤੇ ਪ੍ਰੋ. ਸਰਬਜੋਤ ਸਿੰਘ ਬਹਿਲ ਵਿਚਕਾਰ ਇੱਕ ਸਪੌਲ ਬਾਊਂਡਿੰਗ ਸੈਸ਼ਨ ਹੋਇਆ। ਦੂਜੇ ਸੈਸ਼ਨ ਵਿੱਚ ਪ੍ਰਯੋਗਾਤਮਿਕ ਬਹੁ-ਅਨੁਸ਼ਾਸਨੀ ਕਲਾਕਾਰ, ਸੀਮਾ ਕੋਹਲੀ ਅਤੇ ਟੀਮ ਵਰਕ ਆਰਟਸ ਦੇ ਮੈਨੇਜਿੰਗ ਡਾਇਰੈਕਟਰ ਸੰਜੋਏ ਕੇ ਰਾਏ ਨਾਲ ਗੱਲਬਾਤ ਹੋਈ। ਡੀਸੀ ਘਨਸ਼ਾਮ ਥੋਰੀ ਵੱਲੋਂ ਇਨ੍ਹਾਂ ਸਾਹਿਤ ਮਾਹਿਰਾਂ ਦਾ ਸਨਮਾਨ ਕੀਤਾ ਗਿਆ।

# ਰੇਲ ਗੱਡੀ ਹੇਠ ਆਉਣ ਕਾਰਨ ਚਚੇਰੇ ਭਰਾਵਾਂ ਦੀ ਮੌਤ

**ਸਿਰਸਾ,1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਟਰਸਾਈਕਲ ’ਤੇ ਇਥੋਂ ਦੇ ਘੱਗਰ ਰੇਲਵੇ ਪੁਲ ਨੂੰ ਪਾਰ ਕਰਦੇ ਸਮੇਂ ਦੋ ਚਚੇਰੇ ਭਰਾਵਾਂ ਦੀ ਰੇਲ ਗੱਡੀ ਦੀ ਲਪੇਟ ’ਚ ਆਉਣ ਕਾਰਨ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਨਥੌਰ ਵਾਸੀ ਦਿੱਪਤੀ ਅਤੇ ਅਮਨਦੀਪ ਵਜੋਂ ਹੋਈ ਹੈ। ਪੋਸਟਮਾਰਟਮ ਮਗਰੋਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਨਥੌਰ ਵਾਸੀ ਦਿੱਪਤੀ ਤੇ ਅਮਨਦੀਪ ਦਵਾਈ ਲੈਣ ਲਈ ਸਿਰਸਾ ਆ ਰਹੇ ਸਨ। ਘੱਗਰ ਪੁਲ ’ਤੇ ਪੁਲੀਸ ਵੱਲੋਂ ਲਾਏ ਗਏ ਬੈਰੀਕੇਡ ਕਾਰਨ ਉਹ ਘੱਗਰ ਦਰਿਆ ’ਤੇ ਬਣੇ ਰੇਲਵੇ ਪੁਲ ਰਾਹੀਂ ਰੇਲਵੇ ਲਾਈਨ ’ਤੇ ਜਾ ਰਹੇ ਸਨ ਤਾਂ ਇਸੇ ਦੌਰਾਨ ਗੋਰਖਧਾਮ ਰੇਲ ਗੱਡੀ ਆ ਗਈ। ਇਸ ਦੀ ਲਪੇਟ ਵਿੱਚ ਆਉਣ ਕਾਰਨ ਦੋਵਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਣ ਮਗਰੋਂ ਰੇਲਵੇ ਪੁਲੀਸ ਨੇ ਘਟਨਾ ਸਥਾਨ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੋਟਰਸਾਈਕਲ ਦੇ ਕਾਗਜ਼ਾਤਾਂ ਤੋਂ ਮ੍ਰਿਤਕਾਂ ਦੀ ਪਛਾਣ ਕੀਤੀ। ਸਰਕਾਰੀ ਹਸਪਤਾਲ ਪੋਸਟਮਾਰਟਮ ਕਰਵਾਉਣ ਪਹੁੰਚੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦਿੱਪਤੀ ਤੇ ਅਮਨਦੀਪ ਤਾਏ ਚਾਚੇ ਦੇ ਪੁੱਤਰ ਸਨ ਅਤੇ ਮਜ਼ਦੂਰੀ ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਆਪਣੇ ਮੋਟਰਸਾਈਕਲ ਆਪਣੇ ਇੱਕ ਰਿਸ਼ਤੇਦਾਰ ਲਈ ਸਿਰਸਾ ਤੋਂ ਦਵਾਈ ਲੈਣ ਲਈ ਗਏ ਸਨ। ਕਿਸਾਨੀ ਅੰਦੋਲਨ ਦੇ ਚਲਦਿਆਂ ਪੁਲੀਸ ਵੱਲੋਂ ਘੱਗਰ ਦਰਿਆ ਦੇ ਪੁਲ ’ਤੇ ਬੈਰੀਕੇਡ ਲੱਗੇ ਹੋਣ ਕਾਰਨ ਉਹ ਰੇਲਵੇ ਪੁਲ ਰਾਹੀਂ ਘੱਗਰ ਦਰਿਆ ਪਾਰ ਕਰਨਾ ਚਾਹੁੰਦੇ ਸਨ।

# ਅਮਰੀਕੀ ਰਾਜਦੂਤ ਗਾਰਸੇਟੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ




**ਅੰਮ੍ਰਿਤਸਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਭਾਰਤ ਵਿਚਲੇ ਸਫੀਰ ਐਰਿਕ ਗਾਰਸੇਟੀ ਨੇ ਅੱਜ ਆਪਣੀ ਪਤਨੀ ਐਮੀ ਵੇਕਲੈਂਡ ਸਣੇ ਪਰਿਵਾਰਕ ਮੈਂਬਰਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ।

ਉਹ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਘਰ ਵੀ ਗਏ, ਜਿਥੇ ਉਨ੍ਹਾਂ ਨੇ ਲੰਗਰ ਪਰੰਪਰਾ ਨੂੰ ਦੇਖਿਆ ਤੇ ਸੇਵਾ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਤੋਂ ਅਮਰੀਕਾ ਲਈ ਸਿੱਧੀ ਉਡਾਣ ਸ਼ੁਰੂ ਕਰਨ ਦੀ ਮੰਗ ਰੱਖੀ ਗਈ ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕੀ ਸਫੀਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਸੂਚਨਾ ਕੇਂਦਰ ਵਿਖੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਪੁਸਤਕਾਂ ਅਤੇ ਲੋਈ ਦੇ ਕੇ ਸਨਮਾਨ ਕੀਤਾ। ਐਡਵੋਕੇਟ ਧਾਮੀ ਨੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅਮਰੀਕਾ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਕੀਤੀ।

ਇਸ ਮੰਗ ਬਾਰੇ ਅਮਰੀਕੀ ਅੰਬੈਸਡਰ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਇਸ ਪ੍ਰਤੀ ਜ਼ਰੂਰ ਗੱਲ ਕਰਨਗੇ। ਇਸੇ ਦੌਰਾਨ ਉਨ੍ਹਾਂ ਨੇ ਆਪਣੀ ਫੇਰੀ ਬਾਰੇ ਯਾਤਰੂ ਬੁੱਕ ਵਿੱਚ ਅੰਕਿਤ ਕੀਤਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸੰਸਾਰ ਭਰ ’ਚ ਉਹ ਧਾਰਮਿਕ ਅਸਥਾਨ ਹੈ, ਜਿਥੇ ਆ ਕੇ ਮਨੁੱਖ ਨੂੰ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ।

ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਅਟਾਰੀ ਸਰਹੱਦ ’ਤੇ ਝੰਡਾ ਉਤਾਰਨ ਦੀ ਰਸਮ (ਰੀਟਰੀਟ ਸੈਰੇਮਨੀ) ਵੇਖੀ। ਇਸ ਮੌਕੇ ਉਨ੍ਹਾਂ ਦੇ ਅਟਾਰੀ ਸਰਹੱਦ ਵਿਖੇ ਪੁੱਜਣ ’ਤੇ ਸੀਮਾ ਸੁਰੱਖਿਆ ਬਲ ਦੇ ਕਮਾਂਡੈਂਟ ਏਕੇ ਮਿਸ਼ਰਾ ਵੱਲੋਂ ਸਵਾਗਤ ਕੀਤਾ ਗਿਆ।

# ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ’ਤੇ ਆਧਾਰਿਤ ਐਲਬਮ ਰਿਲੀਜ਼



**ਅੰਮ੍ਰਿਤਸਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊਯਾਰਕ ਦੇ ਅਲਬਾਨੀ ਤੋਂ 12 ਸਾਲ ਦੇ ਗੁਰਸਿੱਖ ਬੱਚੇ ਅਰਜਨਵੀਰ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ’ਤੇ ਅਧਾਰਿਤ ਗੁਰਬਾਣੀ ਕੀਰਤਨ ਦੀ ਗੁਰ ਸ਼ਬਦ ਰਾਗ ਰਤਨ ਐਲਬਮ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਿਲੀਜ਼ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ 12 ਸਾਲ ਦੇ ਕਾਕਾ ਅਰਜਨਵੀਰ ਸਿੰਘ ’ਤੇ ਸਤਿਗੁਰੂ ਦੀ ਅਪਾਰ ਕਿਰਪਾ ਹੋਈ ਹੈ, ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ’ਤੇ ਅਧਾਰਿਤ ਗੁਰਬਾਣੀ ਕੀਰਤਨ ਦੀ ਸਿਖਲਾਈ ਲਈ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਕਾ ਅਰਜਨਵੀਰ ਸਿੰਘ, ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਅਤੇ ਡਾ. ਗੁਰਨਾਮ ਸਿੰਘ ਨੂੰ ਸਨਮਾਨਿਤ ਵੀ ਕੀਤਾ। ਇਸੇ ਦੌਰਾਨ ਡਾ. ਗੁਰਨਾਮ ਸਿੰਘ ਵੱਲੋਂ ਲਿਖੀ ਗਈ ਗੁਰ ਸ਼ਬਦ ਰਾਗ ਰਤਨ ਨਾਮ ਦੀ ਪੁਸਤਕ ਵੀ ਜਾਰੀ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸਤਵਿੰਦਰ ਸਿੰਘ ਟੌਹੜਾ ਆਦਿ ਹਾਜ਼ਰ ਸਨ।

# ‘ਆਪ’ ਦੇ ਮੁੱਖ ਦਫ਼ਤਰ ਦਾ ਉਦਘਾਟਨ



**ਅੰਮ੍ਰਿਤਸਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅੰਮ੍ਰਿਤਸਰ ਸ਼ਹਿਰੀ ਦੇ ਪ੍ਰਧਾਨ ਮੁਨੀਸ਼ ਅਗਰਵਾਲ ਦੀਆਂ ਕੋਸ਼ਿਸ਼ਾਂ ਸਦਕਾ ਆਮ ਆਦਮੀ ਪਾਰਟੀ ਅੰਮ੍ਰਿਤਸਰ ਸ਼ਹਿਰੀ ਦਾ ਮੁੱਖ ਦਫ਼ਤਰ ਸਥਾਨਕ ਭੰਡਾਰੀ ਪੁਲ ’ਤੇ ਖੋਲ੍ਹਿਆ ਗਿਆ ਹੈ। ਇਸ ਦਾ ਉਦਘਾਟਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ। ਇਸ ਮੌਕੇ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਦੱਖਣੀ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਹਲਕਾ ਪੂਰਬੀ ਦੇ ਵਿਧਾਇਕਾ ਜੀਵਨਜੋਤ ਕੌਰ, ਹਲਕਾ ਕੇਂਦਰੀ ਵਿਧਾਇਕ ਡਾ. ਅਜੇ ਗੁਪਤਾ ਤੇ ਹਲਕਾ ਪੱਛਮੀ ਵਿਧਾਇਕ ਜਸਬੀਰ ਸਿੰਘ ਸੰਧੂ ਆਦਿ ਹਾਜ਼ਰ।

# ਸ਼ਹਿਰੀ ਖੇਤਰਾਂ ਵਿੱਚ ਬਿਹਤਰ ਬੁਨਿਆਦੀ ਢਾਂਚੇ ਲਈ ਸਰਕਾਰ ਵਚਨਬੱਧ: ਬਲਕਾਰ ਸਿੰਘ



**ਜਲੰਧਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ ਅਤੇ ਰਮਨ ਅਰੋੜਾ ਸਮੇਤ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ। ਇਨ੍ਹਾਂ ਵਿਕਾਸ ਕਾਰਜਾਂ ਵਿੱਚ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਦਿਓਲ ਨਗਰ ਇਲਾਕੇ ਵਿੱਚ ਨਵਾਂ ਟਿਊਬਵੈੱਲ, ਆਦਰਸ਼ ਨਗਰ ’ਚ ਪਾਰਕ ਦੇ ਨਵੀਨੀਕਰਨ ਦਾ ਕੰਮ ਅਤੇ ਸਪੋਰਟਸ ਐਂਡ ਸਰਜੀਕਲ ਕੰਪਲੈਕਸ ਜਲੰਧਰ ਵਿੱਚ ਫਾਇਰ ਸਟੇਸ਼ਨ ਦੀ ਸਥਾਪਨਾ ਦੇ ਨੀਂਹ ਪੱਥਰ ਸ਼ਾਮਲ ਹਨ। ਇਨ੍ਹਾਂ ਸਾਰੇ ਪ੍ਰਾਜੈਕਟਾਂ ’ਤੇ 1.91 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ 48.92 ਲੱਖ ਰੁਪਏ ਦੀ ਲਾਗਤ ਨਾਲ ਕੰਵਲਜੀਤ ਪਾਰਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਸਰਕਾਰ ਸ਼ਹਿਰੀ ਖੇਤਰਾਂ ’ਚ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਯਤਨ ਜਾਰੀ: ਅਮਨ ਅਰੋੜਾ




**ਸੰਗਰੂਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡ ਖੇੜੀ ਵਿੱਚ ਉਦਘਾਟਨੀ ਸਮਾਰੋਹ ਦੌਰਾਨ ਵਾਲੀਬਾਲ ਗਰਾਊਂਡ ਖਿਡਾਰੀਆਂ ਨੂੰ ਸਮਰਪਿਤ ਕਰਦਿਆਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੀ ਦਿਸ਼ਾ ਵਿੱਚ ਨਿਰੰਤਰ ਸਾਰਥਕ ਕਦਮ ਚੁੱਕੇ ਜਾ ਰਹੇ ਹਨ।

ਇਸ ਮੌਕੇ ਵਾਲੀਬਾਲ ਦਾ ਪ੍ਰਦਰਸ਼ਨੀ ਮੈਚ ਵੀ ਹੋਇਆ ਜਿਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੁਦ ਵੀ ਹਿੱਸਾ ਲਿਆ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

ਖੇੜੀ ਵਿੱਚ ਉਦਘਾਟਨੀ ਸਮਾਰੋਹ ਮੌਕੇ ਇਕੱਤਰ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਜਿਥੇ ਸੂਬੇ ਵਿੱਚ ਸਰਬਪੱਖੀ ਵਿਕਾਸ ਕਰਵਾਉਣਾ ਸਾਡਾ ਟੀਚਾ ਹੈ ਉੱਥੇ ਹੀ ਬੱਚਿਆਂ ਤੇ ਨੌਜਵਾਨਾਂ ਸਮੇਤ ਹੋਰ ਉਮਰ ਵਰਗ ਦੇ ਲੋਕਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਲਈ ਯਤਨ ਜਾਰੀ ਹਨ ਤਾਂ ਜੋ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੀ ਜ਼ਰੂਰਤ ਮੁਤਾਬਿਕ ਖੇਡ ਮੈਦਾਨ ਬਣਵਾਏ ਜਾ ਰਹੇ ਹਨ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਅਵਤਾਰ ਸਿੰਘ ਈਲਵਾਲ, ਸਰਪੰਚ ਅਵਤਾਰ ਸਿੰਘ ਖੇੜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡ ਤਕੀਪੁਰ ਵਿੱਚ 70 ਲੱਖ ਰੁਪਏ ਲਾਗਤ ਨਾਲ ਪੀਣਯੋਗ ਪਾਣੀ ਦੀ ਘਰ-ਘਰ ਸਪਲਾਈ ਲਈ ਬਣਾਈ ਜਾਣ ਵਾਲੀ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ ਰੱਖਿਆ ਅਤੇ ਤਕਰੀਬਨ 4 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਵਾਲੀਬਾਲ ਗਰਾਊਂਡ ਦਾ ਉਦਘਾਟਨ ਵੀ ਕੀਤਾ।

ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਢਿੱਲੋਂ, ਐਕਸੀਅਨ ਜਲ ਸਪਲਾਈ ਚਮਕ ਸਿੰਗਲਾ, ਪ੍ਰਧਾਨ ਗੁਰਦੀਪ ਸਿੰਘ ਤਕੀਪੁਰ, ਲਖਵਿੰਦਰ ਸਿੰਘ ਸੁਖ ਸਾਹੋਕੇ ਬਲਾਕ ਪ੍ਰਧਾਨ, ਮਾਸਟਰ ਬਲਵਿੰਦਰ ਸਿੰਘ, ਸਰਪੰਚ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਵਿਕਾਸ ਵਿੱਚ ਕੇਂਦਰ ਦਾ ਅਹਿਮ ਰੋਲ: ਪੁਰੋਹਿਤ

**ਜਲੰਧਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦੇਸ਼ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਦੇ ਪੁਨਰ ਵਿਕਾਸ ਤੋਂ ਇਲਾਵਾ ਅੰਮ੍ਰਿਤ ਭਾਰਤ ਯੋਜਨਾ ਤਹਿਤ 554 ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਸੇ ਲੜੀ ਤਹਿਤ ਅੱਜ ਜਲੰਧਰ ਵਿਚ ਵੀ ਸੂਬਾ ਪੱਧਰੀ ਪ੍ਰੋਗਰਾਮ ਕਰਵਾਇਆ ਗਿਆ ਜਿੱਥੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਸ਼ਾਮਲ ਹੋਏ। ਇਸ ਦੌਰਾਨ ਸੰਸਦ ਮੈਂਬਰ ਸੁਸ਼ੀਲ ਰਿੰਕੂ ਸਣੇ ‘ਆਪ’ ਆਗੂਆਂ ਨੇ ਸ਼ਿਰਕਤ ਕਰਨੀ ਸੀ ਪਰ ‘ਆਪ’ ਦਾ ਕੋਈ ਵੀ ਆਗੂ ਇਸ ਸਮਾਗਮ ਵਿਚ ਸ਼ਾਮਲ ਨਾ ਹੋਇਆ। ਸ੍ਰੀ ਪੁਰੋਹਿਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨਾਂ ਪ੍ਰਤੀ ਸਮਰਪਿਤ ਹਨ ਤੇ ਉਹ ਕਿਸਾਨਾਂ ਲਈ ਸਭ ਕੁਝ ਕਰਨਗੇ ਕਿਉਂਕਿ ਉਹ ਪੰਜਾਬ ਦੀ ਮਹੱਤਤਾ ਅਤੇ ਪੰਜਾਬ ਦੇ ਕਿਸਾਨਾਂ ਦੀ ਅਹਿਮੀਅਤ ਨੂੰ ਜਾਣਦੇ ਹਨ। ਕਿਸਾਨਾਂ ਨੂੰ ਆਪਣੇ ਮਨ ਵਿੱਚ ਕਿਸੇ ਕਿਸਮ ਦਾ ਸ਼ੱਕ ਨਹੀਂ ਹੋਣਾ ਚਾਹੀਦਾ। ਸ੍ਰੀ ਪੁਰੋਹਿਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਅੱਜ ਪੂਰੇ ਦੇਸ਼ ਨੂੰ 41 ਹਜ਼ਾਰ ਕਰੋੜ ਰੁਪਏ ਦਾ ਤੋਹਫਾ ਦਿੱਤਾ ਹੈ। ਰਾਜਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੋਹਰੀ ਹੋ ਕੇ ਪੰਜਾਬ ਦਾ ਵਿਕਾਸ ਕਰਵਾਇਆ ਹੈ। ਜਲੰਧਰ ਰੇਲਵੇ ਸਟੇਸ਼ਨ ਭਾਰਤ ਦੇ ਵਿਕਸਤ ਰੇਲਵੇ ਸਟੇਸ਼ਨਾਂ ਵਿੱਚੋਂ ਇੱਕ ਹੋਵੇਗਾ। ਪ੍ਰਧਾਨ ਮੰਤਰੀ ਨੇ ਭਾਰਤੀ ਰੇਲਵੇ ਨੂੰ ਵੰਦੇ ਭਾਰਤ ਵਰਗੀ ਰੇਲ ਗੱਡੀ ਤੋਹਫੇ ਵਜੋਂ ਦਿੱਤੀ ਸੀ ਜੋ ਅੱਜ ਭਾਰਤ ਦੇ ਕੋਨੇ-ਕੋਨੇ ਵਿੱਚ ਚੱਲ ਰਹੀ ਹੈ।

# ਡੂਮਵਾਲੀ ’ਚ ਐੱਨਆਈਏ ਵੱਲੋਂ ‘ਆਪ’ ਦੇ ਬਲਾਕ ਪ੍ਰਧਾਨ ਘਰ ਛਾਪਾ, ਪਥਰਾਲਾ ’ਚ ਵੀ ਕੀਤੀ ਜਾਂਚ

**ਡੱਬਵਾਲੀ,1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਨਾਲ ਖਹਿੰਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਡੂਮਵਾਲੀ ਵਿਖੇ ਅੱਜ ਐੱਨਆਈਏ ਟੀਮ ਨੇ ‘ਆਪ’ ਦੇ ਬਲਾਕ ਪ੍ਰਧਾਨ ਅਤੇ ਸੁਪਰਬ ਮੈਰਿਜ ਪੈਲਸ ਦੇ ਮਾਲਕ ਗੁਰਵਿੰਦਰ ਸਿੰਘ ਸਿੱਧੂ ਦੇ ਘਰ ਛਾਪਾ ਮਾਰਿਆ। ਐੱਨਆਈਏ ਦੇ ਡੀਐੱਸਪੀ ਦੀ ਅਗਵਾਈ ਹੇਠਲੀ ਤਿੰਨ ਮੈਂਬਰੀ ਟੀਮ ਨੇ ‘ਆਪ’ ਆਗੂ ਦੇ ਘਰ ਕਰੀਬ ਦੋ ਘੰਟੇ ਵਿੱਚ ਜਾਂਚ ਕੀਤੀ। ਟੀਮ ਨੇ ਘਰ ਵਿਚ ਦਸਤਾਵੇਜ਼ਾਂ ਦੀ ਜਾਂਚ ਕੀਤੀ। ਇਸ ਮੌਕੇ ਪੰਜਾਬ ਪੁਲੀਸ ਦੇ ਇਸੰਪੈਕਟਰ ਸੁਰਜੀਤ ਸਿੰਘ ਅਤੇ ਮੁਲਾਜ਼ਮ ਮੌਜੂਦ ਸਨ। ਟੀਮ ਪੱਤਰਕਾਰਾਂ ਦੇ ਸੁਆਲਾਂ ਦੇ ਜਵਾਬ ਦਿੱਤੇ ਬਗ਼ੈਰ ਰਵਾਨਾ ਹੋ ਗਈ। ‘ਆਪ’ ਆਗੂ ਨੇ ਦੱਸਿਆ ਕਿ ਜਾਂਦੇ ਸਮੇਂ ਟੀਮ ਅਧਿਕਾਰੀਆਂ ਨੇ ਕਿਹਾ ਕਿ ਉਹ ਕੁਝ ਇਤਰਾਜ਼ਯੋਗ ਮਿਲਣ ਦੀ ਸੂਚਨਾ ਦੇ ਆਧਾਰ ‘ਤੇ ਪੁੱਜੇ ਸਨ। ਇਸ ਤੋਂ ਇਲਾਵਾ ਪਿੰਡ ਪਥਰਾਲਾ ਵਿਖੇ ਵੀ ਕਾਰ ਡੀਲਰ ਦੇ ਘਰ ਐੱਨਆਈਏ ਟੀਮ ਦੇ ਛਾਪੇਮਾਰੀ ਕੀਤੀ ਗਈ। ਮੁੱਢਲੀ ਜਾਣਕਾਰੀ ਮੁਤਾਬਕ ਟੀਮ ਨੂੰ ਦੋਵੇਂ ਘਰਾਂ ਵਿਚ ਕੋਈ ਇਤਰਾਜ਼ਯੋਗ ਨਹੀਂ ਮਿਲਿਆ।

# ਸੀਆਈਏ ਦੇ ਮੁਲਾਜ਼ਮ ਬਣ ਕੇ ਕੈਮਿਸਟ ਤੋਂ 50 ਹਜ਼ਾਰ ਠੱਗੇ

**ਜਲੰਧਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**


ਇੱਥੇ ਸੀਆਈਏ ਸਟਾਫ ਦਾ ਮੁਲਾਜ਼ਮ ਬਣ ਕੇ ਕੈਮਿਸਟ ਦੀ ਦੁਕਾਨ ਤੋਂ 50 ਹਜ਼ਾਰ ਰੁਪਏ ਠੱਗਣ ਵਾਲੇ ਨੂੰ ਦੁਕਾਨਦਾਰਾਂ ਨੇ ਕਾਬੂ ਕੀਤਾ ਹੈ।

ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਰਜੁਨ ਵਿਸ਼ਵਾਸ ਵਾਸੀ ਸੰਜੇ ਗਾਂਧੀ ਨਗਰ ਨੇ ਦੱਸਿਆ ਕਿ ਉਸ ਦੀ ਇਲਾਕੇ ਵਿੱਚ ਦਵਾਈਆਂ ਦੀ ਦੁਕਾਨ ਹੈ।

ਕੁਝ ਦਿਨ ਪਹਿਲਾਂ ਉਸ ਦੀ ਦੁਕਾਨ ’ਤੇ ਪੰਜ ਵਿਅਕਤੀ ਆਏ, ਜਿਨ੍ਹਾਂ ਨੇ ਆਪਣੇ ਆਪ ਨੂੰ ਸੀਆਈਏ ਸਟਾਫ ਹੋਣ ਦਾ ਦਾਅਵਾ ਕੀਤਾ ਅਤੇ ਇਸ ਦੌਰਾਨ ਉਨ੍ਹਾਂ ’ਚੋਂ ਇਕ ਨੇ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ।

ਪੁਲੀਸ ਨੇ ਰੌਕੀ ਨੂੰ ਗ੍ਰਿਫ਼ਤਾਰ ਕਰਕੇ 4 ਅਣਪਛਾਤੇ ਨੌਜਵਾਨਾਂ ਖਿਲਾਫ ਮਾਮਲਾ ਦਰਜ ਕਰ ਲਿਆ ?ਹੈ। ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਢਾਹ ਦਿਓ ਗ਼ਲਤਫਹਿਮੀ ਦੀ ਦੀਵਾਰ



ਕੇਵਲ ਸਿੰਘ ਮਾਨਸਾ

ਜ਼ਿੰਦਗੀ ਵਿੱਚ ਵਿਚਰਦਿਆਂ ਮਨੁੱਖ ਬਹੁਤ ਵਾਰ ਜਾਣੇ-ਅਣਜਾਣੇ ਗ਼ਲਤਫਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਜਿਸ ਨਾਲ ਰਿਸ਼ਤਿਆਂ ਵਿੱਚ ਤਣਾਅ ਪੈਦਾ ਹੋ ਜਾਂਦਾ ਹੈ। ਕਈ ਵਾਰ ਤਾਂ ਉਹ ਸ਼ੱਕ ਦੇ ਆਧਾਰ 'ਤੇ ਐਨੇ ਗੂੜ੍ਹੇ ਰਿਸ਼ਤੇ ਵੀ ਤੋੜ ਲੈਂਦਾ ਹੈ ਜਿਨ੍ਹਾਂ ਕਰਕੇ ਜ਼ਿੰਦਗੀ ਦਾ ਸੁਆਦ ਹੀ ਫਿੱਕਾ ਪੈ ਜਾਂਦਾ ਹੈ। ਸ਼ੱਕ ਕਾਰਨ ਰਿਸ਼ਤਿਆਂ ਵਿੱਚ ਆਈ ਦਰਾੜ ਓਨਾ ਚਿਰ ਭਰੀ ਨਹੀਂ ਜਾਂਦੀ ਜਿੰਨਾ ਸਮਾਂ ਮਨੁੱਖ ਇੱਕ ਦੂਜੇ ਨਾਲ ਸੰਵਾਦ ਕਰਕੇ ਸ਼ੱਕ ਨੂੰ ਦੂਰ ਨਹੀਂ ਕਰ ਲੈਂਦਾ।

ਸੰਵਾਦ ਲਈ ਉਹ ਬਹੁਤ ਵਾਰ ਘੁਮੰਡ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਰਿਸ਼ਤਿਆਂ ਵਿੱਚ ਆਈ ਤਰੇੜ ਨੂੰ ਭਰਨ ਲਈ ਪਹਿਲ ਕਰਨ ਤੋਂ ਗੁਰੇਜ਼ ਕਰਦਾ ਹੈ ਜਿਸ ਨਾਲ ਇਹ ਦਰਾੜ ਹੋਰ ਡੂੰਘੀ ਹੋ ਜਾਂਦੀ ਹੈ ਤੇ ਆਖਿਰਕਾਰ ਉਹ ਆਪਣੇ ਪਰਿਵਾਰ, ਸੱਚੇ-ਸੁੱਚੇ, ਬਹੁਤ ਪਿਆਰੇ ਅਤੇ ਮਾਣ ਮਹਿਸੂਸ ਕਰਨ ਵਾਲੇ ਮਿੱਤਰਾਂ, ਰਿਸ਼ਤੇਦਾਰਾਂ ਤੋਂ ਬਹੁਤ ਦੂਰ ਹੋ ਜਾਂਦਾ ਹੈ। ਫਿਰ ਜ਼ਿੰਦਗੀ ਭਰ ਲਈ ਪਛਤਾਵਾ ਹੀ ਪੱਲੇ ਪੈ ਜਾਂਦਾ ਹੈ। ਇਸ ਲਈ ਸਾਨੂੰ ਘੁਮੰਡ ਵਿੱਚ ਆ ਕੇ ਕਦੇ ਵੀ ਵਧੀਆ ਰਿਸ਼ਤਿਆਂ ਨੂੰ ਗੁਆਉਣਾ ਨਹੀਂ ਚਾਹੀਦਾ। ਜੇਕਰ ਕਦੇ ਗ਼ਲਤਫਹਿਮੀ ਦੀ ਦੀਵਾਰ ਪੈਦਾ ਹੋ ਵੀ ਜਾਵੇ ਤਾਂ ਆਪ ਪਹਿਲ ਕਰਕੇ ਸਮੇਂ 'ਤੇ ਇਸ ਨੂੰ ਢਾਹ ਦੇਣਾ ਚਾਹੀਦਾ ਹੈ।

ਇਹ 1984 ਦੀ ਗੱਲ ਹੈ ਜਦੋਂ ਮੈਂ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿੱਚ ਪੜ੍ਹਦਾ ਸੀ। ਉੱਥੇ ਸ਼ਾਇਦ ਸਕੂਲ ਵਿੱਚ ਮੇਰੇ ਬਹੁਤ ਸਾਰੇ ਦੋਸਤ ਸਨ, ਪਰ ਮੇਰਾ ਇੱਕ ਪੱਕਾ ਦੋਸਤ ਵਿਨੋਦ ਸੀ। ਅਸੀਂ ਪਹਿਲੀ ਕਲਾਸ ਤੋਂ ਇਕੱਠੇ ਪੜ੍ਹੇ, ਖੇਡੇ ਤੇ ਇੱਕ ਦੂਜੇ ਦੇ ਘਰ ਰੋਟੀ ਖਾਂਦੇ ਅਤੇ ਉੱਥੇ ਹੀ ਸੌਂ ਜਾਂਦੇ। ਅਸੀਂ ਇੱਕ ਦੂਜੇ ਦੇ ਦੁੱਖਾਂ-ਦਰਦਾਂ ਦੀ ਅਜਿਹੀ ਦਵਾਈ ਸਾਂ ਜੋ ਹਰ ਬਿਮਾਰੀ ਅਤੇ ਸਮੱਸਿਆ ਦਾ ਇਲਾਜ ਕਰ ਦਿੰਦੀ ਸੀ। ਅਸੀਂ ਜਦੋਂ ਵੀ ਟਿਊਸ਼ਨ ਲੱਗਦੇ ਤਾਂ ਵੀ ਇਕੱਠੇ ਇੱਕ ਹੀ ਅਧਿਆਪਕ ਕੋਲ ਪੜ੍ਹਦੇ ਸੀ। ਪੜ੍ਹਾਈ ਵਿੱਚ ਅਸੀਂ ਦੋਵੇਂ ਹੀ ਹੁਸ਼ਿਆਰ ਸੀ, ਪਰ ਅਸੀਂ ਹਿਸਾਬ ਵਿੱਚੋਂ ਦੋਵੇਂ ਬਹੁਤ ਕਮਜ਼ੋਰ ਸੀ। ਅਸੀਂ ਦੋਵਾਂ ਨੇ ਟਿਊਸ਼ਨ ਵੀ ਰੱਖੀ, ਪਰ ਫਿਰ ਵੀ ਸਾਡੇ ਪੱਲੇ ਕੱਖ ਨਾ ਪਿਆ। ਹਾਇਰ ਸੈਕੰਡਰੀ ਕਲਾਸ ਵਿੱਚ ਹਿਸਾਬ ਦੇ ਪੇਪਰ ਵਿੱਚੋਂ ਫੇਲ੍ਹ ਹੋਣ ਦਾ ਖ਼ਤਰਾ ਸਾਡੇ ਦੋਵਾਂ ਦੇ ਸਿਰ ਉੱਪਰ ਬਰਾਬਰ ਹੀ ਮੰਡਰਾ ਰਿਹਾ ਸੀ।

ਇਕੱਠੇ ਪੜ੍ਹਦਿਆਂ, ਖੇਡਦਿਆਂ ਅਚਾਨਕ ਇੱਕ ਅਜਿਹੀ ਘਟਨਾ ਵਾਪਰੀ ਕਿ ਆਪਸੀ ਰਿਸ਼ਤੇ ਵਿੱਚ ਗ਼ਲਤਫਹਿਮੀ ਦੀ ਦੀਵਾਰ ਪੈਦਾ ਹੋ ਗਈ। ਇੱਕ ਦੂਜੇ 'ਤੇ ਮਰ ਮਿਟਣ ਵਾਲੇ ਦੋਸਤ ਇੱਕ ਦੂਜੇ ਵੱਲ ਵੇਖਣ ਤੋਂ ਵੀ ਪਾਸਾ ਵੱਟਣ ਲੱਗ ਪਏ।

ਗੱਲ ਇਸ ਤਰ੍ਹਾਂ ਹੋਈ ਕਿ ਹਾਇਰ ਸੈਕੰਡਰੀ ਦੇ ਪੱਕੇ ਪੇਪਰ ਸਨ ਤਾਂ ਸਾਡੇ ਦੋਵਾਂ ਦਾ ਰੋਲ ਨੰਬਰ ਅੱਗੇ ਪਿੱਛੇ ਸੀ। ਉਹ ਅਗਲੀ ਸੀਟ 'ਤੇ ਸੀ ਤੇ ਮੈਂ ਉਸ ਦੇ ਪਿੱਛੇ। ਉਸ ਦਿਨ ਹਿਸਾਬ ਦਾ ਪੇਪਰ ਸੀ। ਉਸ ਨੇ ਪ੍ਰਸ਼ਨ ਪੇਪਰ ਲੈਣ ਸਾਰ ਹੀ ਲਿਖਣਾ ਸ਼ੁਰੂ ਕਰ ਦਿੱਤਾ, ਪਰ ਮੈਂ ਪ੍ਰਸ਼ਨ ਪੇਪਰ ਪੜ੍ਹ ਕੇ ਚਿੰਤਾ ਵਿੱਚ ਪੈ ਗਿਆ ਕਿਉਂਕਿ ਮੈਨੂੰ ਕੋਈ ਵੀ ਸਵਾਲ ਆਉਂਦਾ ਨਹੀਂ ਸੀ। ਮੈਂ ਉਸ ਨੂੰ ਪੇਪਰ ਕਰਵਾਉਣ ਲਈ ਵਾਰ ਵਾਰ ਹੁੱਝਾਂ ਮਾਰੀਆਂ, ਪਰ ਉਸ ਨੇ ਮੇਰੇ ਵੱਲ ਕੋਈ ਧਿਆਨ ਨਾ ਦਿੱਤਾ ਤੇ ਬਸ ਲਿਖਦਾ ਹੀ ਰਿਹਾ। ਹਾਲ ਵਿੱਚ ਬਾਕੀ ਹੋਰ ਵਿਦਿਆਰਥੀ ਵੀ ਉਸ ਨੂੰ ਪੇਪਰ ਪੁੱਛਣ ਦੀ ਕੋਸ਼ਿਸ਼ ਕਰਨ ਲੱਗੇ, ਪਰ ਉਸ ਨੇ ਕਿਸੇ ਵੱਲ ਵੀ ਦੇਖਿਆ ਤੱਕ ਨਾ। ਆਸੇ ਪਾਸੇ ਦੇਖ ਮੈਂ ਉਸ ਨੂੰ ਇੱਕ ਵਾਰ ਫੇਰ ਹੁੱਝ ਮਾਰ ਕੇ ਪੁੱਛਣਾ ਚਾਹਿਆ ਤਾਂ ਅੱਗੋਂ ਉਹ ਕਹਿਣ ਲੱਗਾ, "ਯਾਰ, ਕਿਉਂ ਤੰਗ ਕਰੀ ਜਾਨੈ? ਜਦੋਂ ਮੈਂ ਤੈਨੂੰ ਇੱਕ ਵਾਰ ਕਹਿ ਦਿੱਤਾ ਬਈ ਮੈਨੂੰ ਕੁੱਝ ਨਹੀਂ ਆਉਂਦਾ।" ਇਹ ਕਹਿ ਕੇ ਉਹ ਫੇਰ ਪੇਪਰ ਕਰਨ ਲੱਗ ਪਿਆ। ਮੈਨੂੰ ਬਹੁਤ ਗੁੱਸਾ ਆਇਆ ਤੇ ਮੈਂ ਫ਼ੈਸਲਾ ਕਰ ਲਿਆ ਕਿ ਇਹੋ ਜਿਹੇ ਘਟੀਆ ਬੰਦੇ ਨੂੰ ਮੁੜ ਕਦੇ ਬੁਲਾਉਣਾ ਹੀ ਨਹੀਂ। ਮੈਂ ਗੁੱਸੇ ਵਿੱਚ ਭਰੇ ਮਨ ਨਾਲ ਸਮੇਂ ਤੋਂ ਪਹਿਲਾਂ ਬਿਨਾਂ ਪੇਪਰ ਕੀਤਿਆਂ ਉੱਠ ਕੇ ਆ ਗਿਆ। ਉਸ ਤੋਂ ਬਾਅਦ ਅਸੀਂ ਦੋਵਾਂ ਨੇ ਇੱਕ ਦੂਜੇ ਨੂੰ ਕਈ ਮਹੀਨੇ ਬੁਲਾਇਆ ਤੱਕ ਨਾ।


ਆਖੀਰ ਤਿੰਨ ਕੁ ਮਹੀਨੇ ਬਾਅਦ ਨਤੀਜਾ ਆਇਆ। ਅਸੀਂ ਦੋਵੇਂ ਹੀ ਫੇਲ੍ਹ ਹੋ ਗਏ। ਪੇਪਰ ਵਿੱਚੋਂ ਮੇਰੇ 7 ਅਤੇ ਉਸ ਦੇ 5 ਨੰਬਰ ਆਏ। ਨਤੀਜਾ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ ਤੇ ਮੇਰੇ ਮਨ ਵਿੱਚ ਉਸ ਬਾਰੇ ਪੁੱਠੇ-ਸਿੱਧੇ ਵਿਚਾਰ ਆਉਣੇ ਸ਼ੁਰੂ ਹੋ ਗਏ। ਕਦੇ ਸੋਚਣ ਲੱਗਾ, "ਮੈਂ ਉਸ 'ਤੇ ਐਵੇਂ ਹੀ ਗ਼ਲਤ ਸ਼ੱਕ ਕਰ ਬੈਠਾ। ਐਨਾ ਵਧੀਆ ਦੋਸਤ ਐ।" ਫਿਰ ਮੇਰੇ ਮਨ ਵਿੱਚ ਇੱਕ ਹੋਰ ਵਿਚਾਰ ਆਇਆ, "ਬਚਪਨ ਦੀ ਯਾਰੀ ਸੀ ਪਤਾ ਨਹੀਂ ਕਿਉਂ? ਐਨਾ ਧੋਖੇਬਾਜ਼ ਨਿਕਲਿਆ ਨਾਲੇ ਉਹ ਤਾਂ ਸਾਰਾ ਪੇਪਰ ਕਰਕੇ ਆਇਆ ਸੀ, ਨੰਬਰ ਫਿਰ ਵੀ ਮੇਰੇ ਤੋਂ ਘੱਟ ਆਏ ਨੇ। ਇਹੋ ਜਿਹੇ ਬੇਈਮਾਨ ਨਾਲ ਇਸ ਤਰ੍ਹਾਂ ਹੀ ਹੋਣੀ ਚਾਹੀਦੀ ਸੀ।" ਮੇਰੇ ਮਨ ਵਿੱਚ ਇਹ ਵੀ ਹੰਕਾਰ ਆ ਗਿਆ ਕਿ ਭਾਵੇਂ ਮੈਂ ਵੀ ਫੇਲ੍ਹ ਹੋ ਗਿਆ, ਪਰ ਮੇਰੇ ਨੰਬਰ ਤਾਂ ਉਸ ਤੋਂ ਜ਼ਿਆਦਾ ਨੇ ਇਸ ਕਰਕੇ ਮੈਂ ਉਸ ਨੂੰ ਪਹਿਲਾਂ ਕਿਉਂ ਬੁਲਾਵਾਂ? ਦੋਵੇਂ ਹੰਕਾਰ ਵਿੱਚ ਆ ਕੇ ਐਨੇ ਉਲਝ ਗਏ ਕਿ ਇੱਕ ਦੂਜੇ ਵੱਲ ਪਿੱਠ ਕਰਕੇ ਲੰਘਣ ਲੱਗ ਪਏ।ਬਚਪਨ ਦੇ ਦੋਸਤ ਦੀ ਬਿਨਾਂ ਕਾਰਨ ਤੋਂ ਨਾਰਾਜ਼ਗੀ ਨੇ ਮੈਨੂੰ ਚਿੰਤਾ ਵਿੱਚ ਪਾ ਦਿੱਤਾ। ਇੱਕ ਦਿਨ ਜਦੋਂ ਮੈਂ ਪੂਰੀ ਟੈਨਸ਼ਨ ਵਿੱਚ ਸੀ ਤਾਂ ਉਸ ਨੂੰ ਮਿਲਣ ਦਾ ਫ਼ੈਸਲਾ ਕਰ ਲਿਆ ਤੇ ਮੈਂ ਆਪਣੇ ਇੱਕ ਹੋਰ ਦੋਸਤ ਨੂੰ ਨਾਲ ਲੈ ਕੇ ਉਸ ਦੇ ਘਰ ਚਲਾ ਗਿਆ। ਉਹ ਮੈਨੂੰ ਦੇਖ ਕੇ ਦੂਰੋਂ ਹੀ ਹੱਸ ਕੇ ਕਹਿਣ ਲੱਗਾ, "ਆਜਾ ਬਹਿਜਾ! ਆਪਾਂ ਦੋਵੇਂ ਹੀ ਫੇਲ੍ਹ ਆਂ। ਭਰਾਵਾ ਤੂੰ ਤਾਂ ਐਵੇਂ ਹੀ ਗ਼ਲਤਫਹਿਮੀ ਦਾ ਸ਼ਿਕਾਰ ਹੋ ਗਿਆ। ਪੇਪਰ ਤਾਂ ਮੈਨੂੰ ਬਿਲਕੁਲ ਵੀ ਆਉਂਦਾ ਨਹੀਂ ਸੀ। ਮੈਂ ਤਾਂ ਟਾਈਮ ਪਾਸ ਕਰਨ ਦੇ ਮਾਰੇ ਨੇ ਪੂਰਾ ਪ੍ਰਸ਼ਨ ਪੱਤਰ ਹੀ ਦੋ-ਤਿੰਨ ਵਾਰ ਉਤਾਰ ਦਿੱਤਾ ਸੀ। ਨਾਲੇ ਮੈਨੂੰ ਤਾਂ ਅੰਦਰੋਂ ਹਾਸੀ ਆ ਰਹੀ ਸੀ ਜਦੋਂ ਆਸੇ-ਪਾਸੇ ਵਾਲੇ ਮੇਰੇ ਹਾੜ੍ਹੇ ਕੱਢ ਰਹੇ ਸੀ। ਮੈਂ ਤਾਂ ਸਾਰਾ ਕੁੱਝ ਮਜ਼ਾਕ ਵਿੱਚ ਹੀ ਕਰ ਬੈਠਾ। ਮੈਂ ਤਾਂ ਭਰਾਵਾ ਪ੍ਰਸ਼ਨ ਪੱਤਰ ਹੀ ਦੋ-ਤਿੰਨ ਵਾਰ ਚੇਪ ਕੇ ਪੂਰੀ ਸੀਟ ਭਰ ਦਿੱਤੀ ਸੀ। ਮੈਨੂੰ ਲੱਗਦੈ ਆਹ ਪੰਜ ਨੰਬਰ ਵੀ ਪੇਪਰ ਦੇਖਣ ਵਾਲੇ ਨੇ ਸੀਟ ਭਰੀ ਦੇਖ ਮੇਰੀ ਮਿਹਨਤ 'ਤੇ ਤਰਸ ਖਾ ਐਵੇਂ ਹੀ ਦੇ ਦਿੱਤੇ।" ਉਸ ਦੀ ਪੂਰੀ ਗੱਲ ਸੁਣ ਕੇ ਅਸੀਂ ਹੱਸ ਹੱਸ ਦੂਹਰੇ ਹੋ ਗਏ ਤੇ ਸੋਚਣ ਲੱਗੇ ਬਈ ਇਹ ਕੀ ਗੱਲ ਬਣ ਗਈ? ਖੋਦਿਆ ਪਹਾੜ ਤੇ ਨਿਕਲਿਆ ਚੂਹਾ। ਉੱਚੀ-ਉੱਚੀ ਹੱਸਦਿਆਂ ਅਸੀਂ ਦੋਹਾਂ ਨੇ ਹੀ ਗ਼ਲਤੀ ਦਾ ਅਹਿਸਾਸ ਕੀਤਾ। ਫਿਰ ਇੱਕ ਦੂਜੇ ਨੂੰ ਜੱਫੀ ਪਾਈ ਅਤੇ ਮੁੜ ਦੁਬਾਰਾ ਕਦੇ ਵੀ ਗੁੱਸੇ ਨਾ ਹੋਣ ਦਾ ਬਚਨ ਲਿਆ।

ਬਚਪਨ ਦਾ ਉਹ ਦੋਸਤ ਅੱਜ ਵੀ ਹਰ ਦੁੱਖ ਸੁੱਖ ਦਾ ਦਰਦੀ ਹੈ। ਭਾਵੇਂ ਜ਼ਮਾਨਾ ਬਹੁਤ ਬਦਲ ਗਿਆ ਹੈ। ਰਿਸ਼ਤਿਆਂ ਵਿੱਚ ਪੈਸੇ ਦੀ ਦੀਵਾਰ ਭਾਰੂ ਹੋ ਗਈ ਹੈ, ਪਰ ਸਾਡੇ ਲਈ ਦੋਸਤੀ ਅੱਜ ਵੀ ਸੁਪਰੀਮ ਹੈ। ਸਾਡੀ ਜ਼ਿੰਦਗੀ ਵਿੱਚ ਪੈਸੇ ਨੇ ਕਦੇ ਦਖਲ ਨਹੀਂ ਦਿੱਤਾ। ਪੈਸਾ, ਜਾਤ-ਪਾਤ ਅਤੇ ਧਰਮ ਦੀਆਂ ਕੰਧਾਂ ਤੋਂ ਉੱਪਰ ਉੱਠ ਕੇ ਅਸੀਂ ਅੱਜ ਵੀ ਇੱਕ ਦੂਜੇ ਲਈ ਜਾਨ ਦੀ ਬਾਜ਼ੀ ਲਾਉਣ ਲਈ ਤਿਆਰ ਰਹਿੰਦੇ ਹਾਂ। ਉਸ ਦਿਨ ਤੋਂ ਬਾਅਦ ਮੁੜ ਅਸੀਂ ਕਦੇ ਵੀ ਗੁੱਸੇ ਨਹੀਂ ਹੋਏ। ਉਨ੍ਹਾਂ ਗੱਲਾਂ ਨੂੰ 40 ਸਾਲ ਹੋ ਗਏ। ਅਸੀਂ ਅੱਜ ਵੀ ਭਰਾਵਾਂ ਵਾਂਗ ਇਕੱਠੇ ਰਹਿੰਦੇ ਹਾਂ। ਅੱਜ ਵੀ ਮੈਨੂੰ ਲੱਗਦੈ ਜੇਕਰ ਮੈਂ ਗ਼ਲਤਫਹਿਮੀ ਦੀ ਦੀਵਾਰ ਨੂੰ ਸਮੇਂ 'ਤੇ ਨਸ਼ਟ ਨਾ ਕਰਦਾ ਤਾਂ ਜ਼ਿੰਦਗੀ ਦਾ ਰੰਗ ਫਿੱਕਾ ਪੈ ਜਾਣਾ ਸੀ। ਅਸਲ ਵਿੱਚ ਸੱਚੇ ਦੋਸਤ ਹੀ ਜ਼ਿੰਦਗੀ ਵਿੱਚ ਖ਼ੁਸ਼ੀਆਂ ਦੇ ਰੰਗ ਭਰਦੇ ਹਨ। ਚੰਗੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਕਿਸੇ ਵੀ ਕੀਮਤ 'ਤੇ ਗੁਆਉਣਾ ਨਹੀਂ ਚਾਹੀਦਾ।

ਸੰਪਰਕ: 98725-15652

# ਔਰਤਾਂ ਨੂੰ ਸਰਵਾਈਕਲ ਕੈਂਸਰ ਤੋਂ ਸੁਚੇਤ ਹੋਣ ਦੀ ਵੱਡੀ ਲੋੜ

ਪ੍ਰਿੰਸੀਪਲ ਪ੍ਰੇਮਲਤਾ -98143-41746



ਬਾਲੀਵੁੱਡ ਐਕਟ੍ਰੈਸ ਪੂਨਮ ਪਾਂਡੇ ਵੱਲੋਂ ਆਪਣੇ ਉੱਪਰ ਕੀਤੇ ਇੱਕ ਡਰਾਮੇ ਨੇ ਔਰਤ ਜਗਤ ਵਿੱਚ ਸਰਵਾਈਕਲ ਕੈਂਸਰ ਬਾਰੇ ਜਾਗ੍ਰਤੀ ਫੈਲਾਉਣ ਦਾ ਕੰਮ ਜ਼ਰੂਰ ਕੀਤਾ ਹੈ।

ਸਰਵਾਈਕਲ ਕੈਂਸਰ ਦੇ ਕਾਰਨ – ਸਰਵਾਈਕਲ ਕੈਂਸਰ ਇੱਕ ਵਾਇਰਸ ਦੇ ਕਾਰਨ ਹੁੰਦਾ ਹੈ, ਜਿਸਨੂੰ ਐੱਚ.ਪੀ.ਵੀ ਕਹਿੰਦੇ ਹਨ ਜਿਸਦਾ ਪੂਰਾ ਨਾਮ ਹਿਊਮਨ ਪੈਪੀਲੋਮਾ ਵਾਇਰਸ ਹੈ। ਇਹ ਵਾਇਰਸ ਸੈਕਸ ਸੰਪਰਕ (ਯੋਨੀ, ਗੁੱਦਾ ਅਤੇ ਮੂੰਹ) ਰਾਹੀਂ ਫੈਲਦਾ ਹੈ ਅਤੇ ਕੈਂਸਰ ਦਾ ਕਾਰਨ ਬਣ ਸਕਦਾ ਹੈ। ਸ਼ਰੀਰ ਵਿੱਚ ਦਾਖ਼ਲ ਹੋਣ ਤੋਂ ਲੈ ਕੇ ਕੈਂਸਰ ਪੈਦਾ ਕਰਨ ਤੱਕ ਇਹ ਵਾਇਰਸ ਲੰਮਾਂ ਸਮਾਂ ਲੈਂਦਾ ਹੈ।



ਸ਼ਰੀਰ ਵਿੱਚ ਸਰਵਾਈਕਲ ਕੈਂਸਰ ਫੈਲਣ ਦੀ ਥਾਂ : ਯੁਟਰਸ ਦਾ ਥੱਲੜਾ ਭਾਗ ਜਿਹੜਾ ਯੋਨੀ ਨੂੰ ਮਿਲਦਾ ਹੈ, ਜਿਸਨੂੰ ਸਰਵਿਕਸ ਕਹਿੰਦੇ ਹਨ, ਇਹ ਜਗ੍ਹਾ ਸਰਵਾਈਕਲ ਕੈਂਸਰ ਫੈਲਣ ਦੀ ਢੁੱਕਵੀਂ ਥਾਂ ਹੈ।

ਸਾਰੇ ਲੋਕ ਕਦੀ ਨਾ ਕਦੀ ਐੱਚ.ਪੀ.ਵੀ ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹਨ, ਪਰ ਸਾਡੀ ਇਮਿਊਨਿਟੀ ਉਸ ਨਾਲ ਲੜਕੇ ਉਸਨੂੰ ਖ਼ਤਮ ਕਰ ਦਿੰਦੀ ਹੈ। ਜੇਕਰ ਕਿਸੇ ਦੀ ਇਮਿਊਨਿਟੀ ਕਮਜ਼ੋਰ ਹੈ ਤਾਂ ਉਹ ਵਾਇਰਸ ਸਰਵਿਕਸ ਏਰੀਆ ਦੀਆਂ ਕੋਸ਼ਿਕਾਵਾਂ ਨੂੰ ਕੈਂਸਰ ਕੋਸ਼ਿਕਾਵਾਂ ਵਿੱਚ ਤਬਦੀਲ ਕਰ ਦਿੰਦਾ ਹੈ। ਇਹ ਅੱਗੇ ਜਾ ਕੇ ਸਰਵਾਈਕਲ ਕੈਂਸਰ ਬਣ ਜਾਂਦਾ ਹੈ। ਉਨ੍ਹਾਂ ਔਰਤਾਂ ਵਿੱਚ ਸਰਵਾਈਕਲ ਕੈਂਸਰ ਦਾ ਰਿਸਕ ਵੱਧ ਹੁੰਦਾ ਹੈ ਜੋ ਅਸੁਰੱਖਿਅਤ ਸੈਕਸ ਸੰਬੰਧ ਬਣਾਉਂਦੀਆਂ ਹਨ। ਜੇਕਰ ਕੋਈ ਔਰਤ ਕਈ ਲੋਕਾਂ ਨਾਲ ਸੈਕਸ ਸੰਬੰਧ ਬਣਾਉਂਦੀ ਹੈ ਭਾਵ ਉਸਦੇ ਸੈਕਸ਼ੂਅਲ ਸੰਪਰਕ ਦਾ ਘੇਰਾ ਜਿੰਨਾ ਵੱਡਾ ਹੁੰਦਾ ਹੈ ਉਸਦਾ ਐੱਚ.ਪੀ.ਵੀ ਵਾਇਰਸ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਇੱਕ ਉਦਾਹਰਨ ਨਾਲ ਇਸ ਨੂੰ ਹੋਰ ਵੀ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ, ਜਿਵੇਂ ਇੱਕ ਸੈਨਾ ਆਪਣੇ ਦੁਸ਼ਮਣ ਤੇ ਹਮਲਾ ਕਰਨ ਵੇਲੇ ਇੱਕ ਤੋਂ ਵੱਧ ਡ੍ਰੋਨ ਭੇਜਦੀ ਹੈ, ਰੱਖਿਅਕ ਦੇਸ਼ ਆਪਣੀ ਰੱਖਿਅਕ ਪ੍ਰਣਾਲੀ ਰਾਹੀਂ ਕੁਝ ਡ੍ਰੋਨਾਂ ਨੂੰ ਤਾਂ ਮਾਰ ਕੇ ਸੁੱਟ ਲੈਂਦਾ ਹੈ, ਪਰ ਕੁਝ ਡ੍ਰੋਨ ਲੰਘਣ ਚ ਸਫਲ ਹੋ ਜਾਂਦੇ ਹਨ ਅਤੇ ਰੱਖਿਅਕ ਦੇਸ਼ ਦਾ ਨੁਕਸਾਨ ਕਰ ਦਿੰਦੇ ਹਨ। ਇਸੇ ਤਰਾਂ ਜਦੋਂ ਕੋਈ ਔਰਤ ਕਈ ਮਰਦਾਂ ਦੇ ਸੈਕਸ਼ੂਅਲ ਸੰਪਰਕ ਵਿੱਚ ਆਉਂਦੀ ਹੈ ਤਾਂ ਉਸਦੀ ਅੰਦਰੂਨੀ ਰੱਖਿਅਕ ਪ੍ਰਣਾਲੀ (ਇਮਿਊਨਿਟੀ) ਕੁਝ ਐੱਚ.ਪੀ.ਵੀ ਵਾਇਰਸ ਨੂੰ ਤਾਂ ਮਾਰ ਸੁੱਟਦੀ ਹੈ, ਪਰ ਕੁਝ ਐੱਚ.ਪੀ.ਵੀ. ਵਾਇਰਸ ਬਚਨ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਕੈਂਸਰ ਕੋਸ਼ਿਕਾਵਾਂ ਉਸਾਰ ਦਿੰਦੇ ਹਨ। ਵੱਖ-ਵੱਖ ਮਰਦਾਂ ਕੋਲੋਂ ਆਏ ਐੱਚ.ਪੀ.ਵਾਇਰਸ ਦੀ ਪ੍ਰਕ੍ਰਿਤੀ ਵੀ ਵੱਖ-ਵੱਖ ਹੁੰਦੀ ਹੈ। ਸਰਵਾਈਕਲ ਕੈਂਸਰ ਦੇ ਫੈਲਾਅ ਕਾਰਨ ਸਾਡੇ ਆਪਣੇ ਦੇਸ਼ ਵਿੱਚ ਆਏ ਸਾਲ 77000 ਤੋਂ ਵੱਧ ਔਰਤਾਂ ਦੀ ਮੌਤ ਹੋ ਰਹੀ ਹੈ। ਜਾਂ ਹਰ ਰੋਜ 211 ਔਰਤਾਂ ਇਸ ਕੈਂਸਰ ਨਾਲ ਮੌਤ ਤੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ।

ਔਰਤਾਂ ਲਈ ਆਸ ਦੀ ਕਿਰਨ – ਸਾਲ 2024 ਦੇ ਕੇਂਦਰੀ ਬਜਟ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਨੇ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਬਿਮਾਰੀ ਨਾਲ ਲੜਨ ਲਈ 9 ਤੋਂ 14 ਸਾਲ ਦੀਆਂ ਲੜਕੀਆਂ ਦਾ ਟੀਕਾਕਰਨ ਕਰੇਗੀ। ਸਰਕਾਰ ਇਸ ਦੇ ਲਈ ਵਿਭਾਗ ਨੂੰ ਵੱਖਰਾ ਫੰਡ ਦੇਵੇਗੀ। ਬਜਟ ਦਾ ਇਹ ਐਲਾਨ ਪੂਨਮ ਪਾਂਡੇ ਦੇ ਡਰਾਮੇ ਤੋਂ ਦੋ ਦਿਨ ਪਹਿਲਾਂ ਹੋਇਆ ਸੀ।

ਵੈਕਸੀਨੇਸ਼ਨ - ਐੱਚ.ਪੀ ਵਾਇਰਸ ਦੀ ਰੋਕਥਾਮ ਲਈ ਵੈਕਸੀਨੇਸ਼ਨ ਤਿਆਰ ਹੋ ਚੁੱਕੀ ਹੈ। ਇਸ ਦਾ ਸੇਹਰਾ ਆਸਟ੍ਰੇਲੀਆ ਦੇ ਪ੍ਰੋ. ਇਆਨ ਫਰੇਜਰ ਨੂੰ ਜਾਂਦਾ ਹੈ। ਇਨ੍ਹਾਂ ਨੇ ਸਰਵਾਈਕਲ ਕੈਂਸਰ ਤੇ ਕਾਬੂ ਪਾਉਣ ਲਈ ਚਾਰ ਵੈਕਸੀਨਜ਼ ਤਿਆਰ ਕੀਤੀਆਂ ਹਨ। ਸਾਡੇ ਆਪਣੇ ਦੇਸ਼ ਵਿੱਚ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਐੱਚ.ਪੀ.ਵੀ ਵੈਕਸੀਨ (ਸਰਵਾਵਕ) ਤਿਆਰ ਕੀਤੀ ਹੈ।

ਟੀਕੇ ਲਈ 9-14 ਸਾਲ ਦੀ ਉਮਰ ਹੀ ਕਿਉਂ – ਸਰਵਾਈਕਲ ਕੈਂਸਰ ਦੀ ਵੈਕਸੀਨ ਤਾਂ ਹੀ ਕਾਰਗਰ ਹੁੰਦੀ ਹੈ। ਜਦੋਂ ਸੈਕਸੁਅਲੀ ਐਕਟਿਵ ਹੋਣ ਤੋਂ ਪਹਿਲਾਂ ਇਹ ਲਗਾਈ ਜਾਵੇ, ਇਸ ਲਈ ਇਹ ਟੀਕਾ 9-14 ਸਾਲ ਦੀਆਂ ਲੜਕੀਆਂ ਨੂੰ ਲਗਾਇਆ ਜਾਂਦਾ ਹੈ। ਸਰਵਾਈਕਲ ਕੈਂਸਰ ਤੋਂ ਬਚਾਅ ਲਈ ਇਹ ਵੈਕਸੀਨ ਬਹੁਤ ਹੀ ਅਸਰਦਾਰ ਹੈ।

ਨੈਤਿਕਤਾ – ਨੈਤਿਕਤਾ, ਐੱਚ.ਪੀ.ਵੀ ਵਾਇਰਸ ਤੋਂ ਕੁਦਰਤੀ ਬਚਾਅ ਦਾ ਅਸਰਦਾਰ ਪੱਖ ਹੈ। ਸਾਡੀ ਸੱਭਿਅਤਾ ਅਤੇ ਸੰਸਕ੍ਰਿਤੀ ਨੇ ਸੈਕਸ ਨੂੰ ਅਤਿ ਪਵਿੱਤਰ ਅਤੇ ਮਾਨਵੀ ਸਿਰਜਣਾ ਦਾ ਆਧਾਰ ਦੱਸਿਆ ਹੈ, ਨਾਲ ਇਹ ਵੀ ਨਿਸਚਿਤ ਕੀਤਾ ਹੈ, ਸੈਕਸੁਅਲ ਸੰਬੰਧ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿੱਚ ਨਿਭਾਇਆ ਜਾਵੇ। ਸਾਡੀ ਸੱਭਿਅਤਾ ਅਤੇ ਸੰਸਕ੍ਰਿਤੀ ਅਤੇ ਕਾਨੂੰਨ ਪਹਿਲਾਂ ਹੀ ਮਰਦ ਅਤੇ ਔਰਤ ਨੂੰ ਇੱਕੋ ਵੇਲੇ ਇੱਕ ਸ਼ਾਦੀ ਦੀ ਆਗਿਆ ਦਿੰਦਾ ਹੈ। ਸਕੂਲਾਂ ਅਤੇ ਕਾਲਜਾਂ ਦੇ ਮੁੰਡਿਆਂ ਅਤੇ ਕੁੜੀਆਂ ਵਿੱਚ ਨੈਤਿਕਤਾ ਦੇ ਪ੍ਰਸਾਰ ਦੀ ਬਹੁਤ ਵੱਡੀ ਜਰੂਰਤ ਹੈ। ਵੈਲਨਟਾਈਨ ਡੇ ਅਤੇ ਇਸਦੇ ਨਾਲ ਲੱਗਦੇ ਸੱਤ ਹੋਰ ਦਿਨਾਂ ਨੇ ਸਕੂਲਾਂ-ਕਾਲਜਾਂ ਦੇ ਮਹੌਲ ਨੂੰ ਅਤਿ ਨੀਵੇਂ ਦਰਜੇ ਦਾ ਕਰ ਦਿੱਤਾ ਹੈ, ਅਜਿਹੇ ਦਿਨ ਮਨਾਉਣੇ ਸ਼ਾਦੀ ਤੋਂ ਪਹਿਲਾਂ ਸੈਕਸ ਸੰਬੰਧਾਂ ਨੂੰ ਵਧਾਉਣ ਵਿੱਚ ਸਹਾਈ ਹੋ ਰਹੇ ਹਨ।

ਇਮਿਊਨਿਟੀ – ਕਿਸੇ ਵੀ ਕਿਸਮ ਦੀ ਬਿਮਾਰੀ ਨੂੰ ਰੋਕਣ ਲਈ ਇਮਿਊਨਿਟੀ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਵਿਟਾਮਿਨ – ਸੀ ਦੇ ਵਾਧੂ ਸੇਵਨ ਅਤੇ ਸੰਤੁਲਿਤ ਭੋਜਨ ਨਾਲ ਇਮਿਊਨਿਟੀ ਨੂੰ ਵਧਾਇਆ ਜਾ ਸਕਦਾ ਹੈ।


# ਸਦਾਬਹਾਰ ਗੀਤਾਂ ਦਾ ਅਣਗੌਲਿਆ ਰਚੇਤਾ ਸੀ: ਐੱਸ.ਐੱਚ.ਬਿਹਾਰੀ



ਐੱਸ.ਐੱਚ.ਬਿਹਾਰੀ ਬਾਲੀਵੁੱਡ ਦਾ ਉਹ ਸੂਝਵਾਨ ਤੇ ਗੁਣਵਾਨ ਗੀਤਕਾਰ ਸੀ ਜਿਸ ਨੇ ਬਾਲੀਵੁੱਡ ਦੀ ਝੋਲੀ ਅਨੇਕਾਂ ਸੁਰੀਲੇ,ਅਰਥ ਭਰਪੂਰ,ਯਾਦਗਾਰੀ ਅਤੇ ਸਦਾਬਹਾਰ ਨਗ਼ਮਿਆਂ ਨਾਲ ਲਬਾਲਬ ਭਰ ਦਿੱਤੀ ਸੀ ਪਰ ਅਫ਼ਸੋਸ ਹੈ ਕਿ ਉਸ ਦਾ ਨਾਂ ਸਰੋਤਿਆਂ ਨੂੰ ਸਾਹਿਰ ਲੁਧਿਆਣਵੀ,ਹਸਰਤ ਜੈਪੁਰੀ,ਸ਼ਕੀਲ ਬਦਾਯੂੰਨੀ, ਅਨੰਦ ਬਖ਼ਸ਼ੀ,ਗੁਲਜ਼ਾਰ,ਸਮੀਰ,ਮਜਰੂਹ ਸੁਲਤਾਨਪੁਰੀ ਆਦਿ ਗੀਤਕਾਰਾਂ ਦੇ ਨਾਵਾਂ ਵਾਂਗ ਯਾਦ ਨਹੀਂ ਹੋ ਸਕਿਆ। ਉਸਨੂੰ ਮਕਬੂਲ ਗੀਤਾਂ ਦਾ ਅਣਗੌਲਿਆ ਸ਼ਾਇਰ ਵੀ ਕਿਹਾ ਜਾ ਸਕਦਾ ਹੈ।

'ਦੀਵਾਨਾ ਹੀਆ ਬਾਦਲ, ਜ਼ਰਾ ਹੌਲੇ ਹੌਲੇ ਚੱਲੋ ਮੋਰੇ ਬਾਲਮਾ ਹਮ ਭੀ ਪੀਛੇ ਹੈਂ ਤੁਮਹਾਰੇ,ਬਹੁਤ ਸ਼ੁਕਰੀਆ ਬੜੀ ਮਿਹਰਬਾਨੀ ਮੇਰੀ ਜ਼ਿੰਦਗੀ ਮੇਂ ਹਜ਼ੂਰ ਆਪ ਆਏ,ਇਸ਼ਾਰੋਂ-ਇਸ਼ਾਰੋਂ ਮੇਂ ਦਿਲ ਲੇਨੇ ਵਾਲੇ ਬਤਾ ਯੇ ਹੁਨਰ ਤੂਨੇ ਸੀਖਾ ਕਹਾਂ ਸੇ,ਕਜਰਾ ਮੁਹੱਬਤ ਵਾਲਾ ਅੱਖੀਉਂ ਮੇਂ ਐਸਾ ਡਾਲਾ,ਤਾਰੀਫ਼ ਕਰੂੰ ਕਿਆ ਉਸਕੀ ਜਿਸ ਨੇ ਤੁਮਹੇਂ ਬਨਾਇਆ,ਆਜਾ ਮੇਰੇ ਪਿਆਰ ਕੇ ਸਹਾਰੇ, ਹੈਰਾਨ ਹੂੰ ਮੈਂ ਆਪ ਕੀ ਜ਼ੁਲਫ਼ੋਂ ਕੋ ਦੇਖਕਰ, ਮੁੜ ਕੇ ਦੀਵਾਨਾ ਕਰ ਗਏ, ਤੇਰੀ ਮਿਹਰਬਾਨੀਆਂ ਤੇਰੀ ਕਦਰਦਾਨੀਆਂ ਕੁਰਬਾਨ ਤੁਝ ਪੇ ਮੇਰੀ ਕਈ ਜ਼ਿੰਦਗਾਨੀਆਂ, ਤੁਮਸੇ ਮਿਲਕਰ ਨਾ ਜਾਨੇ ਕਿਉਂ ਔਰ ਭੀ ਕੁਛ ਯਾਦ ਆਤਾ ਹੈ '' ਆਦਿ ਜਿਹੇ ਯਾਦਗਾਰੀ ਗੀਤਾਂ ਦੇ ਜਨਮਦਾਤਾ ਜਨਾਬ ਸ਼ਮਸੁਲ ਹੁੱਡਾ ਬਿਹਾਰੀ ਉਰਫ਼ ਐੱਸ. ਐੱਚ. ਬਿਹਾਰੀ ਦਾ ਜਨਮ ਸੰਨ 1922 ਵਿੱਚ ਬਿਹਾਰ ਦੇ ਸ਼ਹਿਰ ਆਰਾ ਵਿਖੇ ਹੋਇਆ ਸੀ ਪਰ ਉਸ ਦਾ ਪਾਲਣ ਪੋਸ਼ਣ ਝਾਰਖੰਡ ਦੇ ਜ਼ਿਲ੍ਹਾ ਦਿਓਘਰ ਵਿੱਚ ਪੈਂਦੇ ਪਿੰਡ ਮਾਧੋਪੁਰ ਵਿੱਚ ਕੀਤਾ ਗਿਆ ਸੀ ਤੇ ਇੱਥੇ ਹੀ ਉਸ ਦੀ ਪੜ੍ਹਾਈ-ਲਿਖਾਈ ਵੀ ਹੋਈ ਸੀ।

ਪ੍ਰੋ: ਪਰਮਜੀਤ ਸਿੰਘ ਨਿੱਕੇ ਘੁੰਮਣ
ਮੋ.97816-46008



ਬਾਲੀਵੁੱਡ ਵਿੱਚ ਬਤੌਰ ਗੀਤਕਾਰ ਕਿਸਮਤ ਅਜ਼ਮਾਉਣ ਲਈ ਪੁੱਜੇ ਸ੍ਰੀ ਐੱਸ. ਐੱਚ.ਬਿਹਾਰੀ ਦੀ ਹਿੰਦੀ,ਉਰਦੂ ਅਤੇ ਬੰਗਾਲੀ ਭਾਸ਼ਾਵਾਂ 'ਤੇ ਚੰਗੀ ਪਕੜ ਸੀ ਤੇ ਇਸੇ ਦਾ ਫ਼ਾਇਦਾ ਚੁੱਕਦਿਆਂ ਹੋਇਆਂ ਉਸ ਨੇ ਉਰਦੂ ਤੇ ਹਿੰਦੀ ਜ਼ੁਬਾਨਾਂ ਦੇ ਸੰਗਮ ਨਾਲ ਸ਼ਾਨਦਾਰ ਗੀਤਾਂ ਦੀ ਰਚਨਾ ਕਰ ਦਿੱਤੀ ਸੀ। ਉਸ ਦੇ ਗੀਤਾਂ ਨਾਲ ਸਜੀਆਂ ਫ਼ਿਲਮਾਂ ਵਿੱਚ ਸੰਨ 1954 'ਚ ਬਣੀ ਫ਼ਿਲਮ ' ਸ਼ਰਤ' ਅਤੇ ਉਪਰੰਤ ਆਈਆਂ ਫ਼ਿਲਮਾਂ -' ਦਿੱਲੀ ਕਾ ਠੱਗ,ਇਸੀ ਕਾ ਨਾਮ ਦੁਨੀਆ ਹੈ,ਏਕ ਮੁਸਾਫ਼ਿਰ ਏਕ ਹਸੀਨਾ,ਕਸ਼ਮੀਰ ਕੀ ਕਲੀ,ਯੇ ਰਾਤ ਫਿਰ ਨਾ ਆਏਗੀ,ਸਾਵਨ ਕੀ ਘਟਾ, ਬੰਦਿਸ਼,ਸੀ. ਆਈ.ਡੀ.,ਸ਼ਤਰੰਜ,ਦੁਨੀਆ,ਹਮਸਾਇਆ,ਥੀਫ਼ ਆਫ਼ ਬਗ਼ਦਾਦ,ਤੇਰੀ ਮਿਹਰਬਾਨੀਆਂ,ਪ੍ਰਾਣ ਜਾਏ ਪਰ ਵਚਨ ਨਾ ਜਾਏ,ਮੁੱਦਤ,ਜਵਾਬ ਹਮ ਦੇਂਗੇ,ਕਸਮ ਸੁਹਾਗ ਕੀ,ਦੋ ਕੈਦੀ,ਏਕ ਬਾਰ ਮੁਸਕੁਰਾ ਦੋ,ਅਸਲੀ ਨਕਲੀ, ਮੁਹੱਬਤ ਜ਼ਿੰਦਗੀ ਹੈ ' ਆਦਿ ਦੇ ਨਾਂ ਸ਼ਾਮਿਲ ਹਨ। ਮਿਥੁਨ ਚੱਕਰਵਰਤੀ ਅਤੇ ਪਦਮਨੀ ਕੋਲਹਾਪੁਰ ਦੀ ਸੁਪਰਹਿੱਟ ਫ਼ਿਲਮ 'ਪਿਆਰ ਝੁਕਤਾ ਨਹੀਂ' ਦੇ ਗੀਤ ਅਤੇ ਪਟਕਥਾ ਲਿਖਣ ਦਾ ਸੁਭਾਗ ਵੀ ਸ੍ਰੀ ਐੱਸ. ਐੱਚ.ਬਿਹਾਰੀ ਦੇ ਹਿੱਸੇ ਆਇਆ ਸੀ। ਬਾਲੀਵੁੱਡ ਸੰਗੀਤ ਦੇ ਪ੍ਰੇਮੀਆਂ ਨੂੰ ਆਪਣੇ ਨਾਯਾਬ ਗੀਤਾਂ ਦੀਆਂ ਸੁਗਾਤਾਂ ਦੇ ਜਾਣ ਵਾਲੇ ਇਸ ਪ੍ਰਤਿਭਾਵਾਨ ਗੀਤਕਾਰ ਦਾ 25 ਫ਼ਰਵਰੀ,ਸੰਨ 1987 ਨੂੰ ਇੰਤਕਾਲ ਭਾਵ ਦੇਹਾਂਤ ਹੋ ਗਿਆ ਸੀ।

ਜਨਾਬ ਐੱਸ.ਐੱਚ.ਬਿਹਾਰੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬਾਲੀਵੁੱਡ ਦੇ ਨਾਮਵਰ ਸੰਗੀਤਕਾਰ ਓ.ਪੀ.ਨਈਅਰ ਨੇ ਉਸਨੂੰ ' ਸ਼ਾਇਰ-ਏ-ਆਜ਼ਮ' ਆਖਦਿਆਂ ਉਸ ਦਾ ਸਨਮਾਨ ਕੀਤਾ ਸੀ ਤੇ ਉੱਘੇ ਗੀਤਕਾਰ ਅਤੇ ਫ਼ਿਲਮ ਲੇਖਕ ਜਨਾਬ ਜਾਵੇਦ ਅਖ਼ਤਰ ਸਾਹਿਬ ਉਸ ਦੀ ਕਾਬਲੀਅਤ ਦੇ ਮੁਕਾਬਲਤਨ ਉਸਨੂੰ ਘੱਟ ਮਕਬੂਲੀਅਤ ਮਿਲਣ 'ਤੇ ਰੋਸ ਜ਼ਾਹਿਰ ਕਰਦਿਆਂ ਇੱਕ ਵਾਰ ਕਿਹਾ ਸੀ- '' ਉਹ ਤਾਂ ਅਸਲ ਵਿੱਚ ਰੋਲ ਮਾਡਲ ਸੀ। ਉਹ ਬਦਕਿਸਮਤੀ ਨਾਲ ਇੱਕ ਐਸਾ ਉੱਚੇ ਦਰਜੇ ਦਾ ਸ਼ਾਇਰ ਸੀ ਜਿਸ ਨੂੰ ਲੋਕ ਹੁਣ ਯਾਦ ਨਹੀਂ ਕਰਦੇ

# ਜੋ ਸੁੱਖ ਛੱਜੂ ਦੇ ਚੁਬਾਰੇ...

ਉਸ ਨੂੰ ਕੈਨੇਡਾ ਰਹਿੰਦੇ ਪੁੱਤ ਕੋਲ ਆਇਆਂ ਇੱਕ ਹਫ਼ਤਾ ਹੋ ਗਿਆ ਸੀ। ਨੂੰਹ ਪੁੱਤ ਦੋਵੇਂ ਸਵੇਰੇ ਹੀ ਕੰਮ 'ਤੇ ਚਲੇ ਜਾਂਦੇ ਅਤੇ ਦੇਰ ਰਾਤ ਘਰ ਵਾਪਸ ਆਉਂਦੇ। ''ਠੀਕ ਐਂ ਬਾਪੂ?'' ਕਹਿ ਕੇ ਪੁੱਤ ਬਿਨਾਂ ਬਾਪੂ ਦਾ ਜਵਾਬ ਉਡੀਕਿਆਂ ਸੌਣ ਵਾਲੇ ਕਮਰੇ ਵਿੱਚ ਚਲਾ ਜਾਂਦਾ।



ਬਾਪੂ ਨੂੰ ਇਕਲਾਪਾ ਵੱਢ-ਵੱਢ ਖਾ ਰਿਹਾ ਸੀ। ਉਹ ਸੋਚਦਾ, 'ਕਿੱਥੇ ਸਾਡੇ ਪਿੰਡ ਦੀ ਰੌਣਕ, ਸਹਿਜ ਮਤੇ ਜਿਊਣਾ ਤੇ ਕਿੱਥੇ ਡਾਲਰਾਂ ਪਿੱਛੇ ਹਰਲ ਹਰਲ ਕਰਦੀ ਜੂਨ! ਮੇਰਾ ਤਾਂ ਇੱਥੇ ਉਂ ਈ ਦਮ ਘੁਟਦੈ...!' ਦੇਰ ਰਾਤ ਨੂੰ ਜਦੋਂ ਉਹਦਾ ਪੁੱਤ ਅਤੇ ਨੂੰਹ ਕੰਮ ਤੋਂ ਪਰਤੇ ਤਾਂ ਉਹਦਾ ਛਿੱਕਾਂ ਨਾਲ ਬੁਰਾ ਹਾਲ ਸੀ। ਪੁੱਤ ਨੇ ਬਾਪ ਨੂੰ ਵਿਕਸ ਦੀ ਸ਼ੀਸ਼ੀ ਦਿੰਦਿਆਂ ਕਿਹਾ, ''ਬਾਪੂ, ਤੈਨੂੰ ਠੰਢ ਲਗ ਗਈ। ਇਹ ਵਿਕਸ ਛਾਤੀ 'ਤੇ ਮਲ ਲੈ, ਸਵੇਰ ਤਕ ਠੀਕ ਹੋਜੇਂਗਾ।'' ਬਾਪੂ ਨੇ ਕਿਹਾ, ''ਮੈਨੂੰ ਠੰਢ-ਠੁੰਢ ਕੋਈ ਨਹੀਂ ਲੱਗੀ। ਇਹ ਤਾਂ ਮੈਨੂੰ ਪਿੰਡ ਦੇ ਲੋਕ ਬਾਹਲਾ ਯਾਦ ਕਰਦੇ ਨੇ। ਤਾਂ ਹੀ ਛਿੱਕਾਂ...।'' ਫਿਰ ਉਸ ਨੇ ਅੰਤਾਂ ਦਾ ਉਦਾਸ ਹੋ ਕੇ ਕਿਹਾ, ''ਪੁੱਤ, ਇੱਥੇ ਮੈਥੋਂ ਹੋਰ ਨਹੀਂ ਰਿਹਾ ਜਾਂਦਾ। ਮੈਨੂੰ ਵਾਪਸ ਪਿੰਡ ਭੇਜਦੇ।'' ਬਾਪੂ ਦੀ ਅੱਥਰੂਆਂ ਭਿੱਜੀ ਆਵਾਜ਼ ਨੇ ਪੁੱਤ ਨੂੰ ਵੀ ਝੰਜੋੜ ਦਿੱਤਾ ਸੀ।

– ਮੋਹਨ ਸ਼ਰਮਾ
ਸੰਪਰਕ: 94171-48866

# ਜੋ ਇਸ਼ਕ ਨਮਾਜ਼ਾਂ ਪੜ੍ਹਦੇ ਨੇ

ਆਸ਼ਕਾਂ ਨੂੰ ਰੂਹ ਦਾ ਖੇੜਾ ਬਖ਼ਸ਼ਿਆ ਅਤੇ ਇਹ ਪ੍ਰੇਮੀ ਇਸ਼ਕ ਦੀ ਜਿਉਂਦੀ ਜਾਗਦੀ ਮਿਸਾਲ ਬਣ ਗਏ। ਦੁਨਿਆਵੀ ਪਿਆਰ ਨੂੰ ਮਾਣਦਿਆਂ ਵੀ ਇਨ੍ਹਾਂ ਨੇ ਪਿਆਰ ਦੀ ਪਾਕੀਜ਼ਗੀ ਨੂੰ ਕਾਇਮ ਰੱਖਿਆ। ਪਿਆਰ ਜਿਸਮਾਂ ਦਾ ਦਾਅਵਾ ਨਹੀਂ ਸਗੋਂ ਆਪਣੇ ਪਿਆਰੇ ਦੇ ਰੋਮ ਰੋਮ ਵਿੱਚ ਸਮਾ ਜਾਣ ਦਾ ਨਾਮ ਹੈ। ਜਨਮ ਜਨਮ ਦੇ ਸਾਥ ਦਾ ਵਾਅਦਾ ਹੈ।

ਇਸ਼ਕ ਦੀ ਅਮੀਰੀ ਅੱਗੇ ਦੁਨੀਆਂ ਦੇ ਸਾਰੇ ਰਸ ਅਤੇ ਸੁਆਦ ਫਿੱਕੇ ਪੈ ਜਾਂਦੇ ਹਨ। ਪਿਆਰ ਸ਼ਬਦਾਂ ਦਾ ਮੁਹਤਾਜ ਨਹੀਂ। ਇਹ ਇੱਕ ਜਜ਼ਬਾ ਹੈ, ਅਹਿਸਾਸ ਹੈ ਜੋ ਸਿਰਫ਼ ਮਹਿਸੂਸ ਕੀਤਾ ਜਾਂਦਾ ਹੈ। ਪਲ ਭਰ ਦਾ ਸਾਥ ਉਮਰੋਂ ਲੰਮਾ ਰਿਸ਼ਤਾ ਸਿਰਜ ਦਿੰਦਾ ਹੈ। ਕਲਪਨਾ ਤੋਂ ਪਾਰ ਵਸਦਾ ਸੱਜਣ ਵੀ ਹਰ ਪਲ ਕੋਲ ਨਜ਼ਰ ਆਉਂਦਾ ਹੈ। ਸੱਚੇ ਮੋਹ ਦੀਆਂ ਤੰਦਾਂ ਏਨੀਆਂ ਮਜ਼ਬੂਤ ਅਤੇ ਗੁੰਝਲਦਾਰ ਹਨ ਕਿ ਜੇ ਕੋਈ ਇੱਕ ਵਾਰ ਇਨ੍ਹਾਂ ਵਿੱਚ ਪੈ ਜਾਵੇ ਤਾਂ ਉਮਰ ਭਰ ਇਨ੍ਹਾਂ ਵਿੱਚੋਂ ਨਿਕਲ ਨਹੀਂ ਸਕਦਾ। ਵਕਤ ਦੀ ਸਿਤਮਜ਼ਰੀਫ਼ੀ ਹੈ ਕਿ ਰੂਹਾਂ ਦੇ ਮੇਲ ਨੂੰ ਅਖੌਤੀ ਅਤਿ ਆਧੁਨਿਕ ਪੀੜ੍ਹੀ ਸਿਰਫ਼ ਇੱਕ ਰਾਤ ਦਾ ਮਸਲਾ ਸਮਝ ਰਹੀ ਹੈ। ਛਿਣ ਭਰ ਲਈ ਮਿਲੇ ਪਾਕ-ਪਵਿੱਤਰ ਪਿਆਰ ਦੇ ਆਸਰੇ ਪੂਰੀ ਪਹਾੜ ਜਿੱਡੀ ਜ਼ਿੰਦਗੀ ਕੱਢੀ ਜਾ ਸਕਦੀ ਹੈ। ਇਸੇ ਲਈ ਅੰਮ੍ਰਿਤਾ ਪ੍ਰੀਤਮ ਲਿਖਦੀ ਹੈ:

ਰਲ ਗਈ ਸੀ ਏਸ ਵਿਚ ਇਕ ਬੂੰਦ ਤੇਰੇ ਇਸ਼ਕ ਦੀ
ਏਸ ਲਈ ਮੈਂ ਜ਼ਿੰਦਗੀ ਦੀ ਸਾਰੀ ਕੁੜੱਤਣ ਪੀ ਲਈ।

ਪਿਆਰ ਵਿੱਚ ਜਿੱਤ-ਹਾਰ ਨਹੀਂ ਹੁੰਦੀ। ਪਿਆਰ ਤਾਂ ਮਹਿਬੂਬ ਦੀ ਮਾਸੂਮੀਅਤ ਅੱਗੇ ਸਭ ਕੁਝ ਹਾਰਨ ਦਾ ਨਾਮ ਹੈ। ਜਿੱਤਣ ਦੀ ਕਾਮਨਾ ਪਿਆਰ ਨਹੀਂ। ਦਿਲਬਰ ਦੀ ਨਾਰਾਜ਼ਗੀ ਨੂੰ ਹੱਸ ਕੇ ਬਰਦਾਸ਼ਤ ਕਰਨਾ ਸੱਚੇ ਪਿਆਰ ਦੀ ਨਿਸ਼ਾਨੀ ਹੈ। ਮੁਹੱਬਤ ਵਿੱਚ ਜਿੱਥੇ ਵਸਲ ਦਾ ਆਨੰਦ ਹੈ ਉੱਥੇ ਵਿਛੋੜੇ ਦਾ ਸੱਲ ਵੀ ਭੁਗਤਣਾ ਪੈਂਦਾ ਹੈ। ਕਹਿੰਦੇ ਨੇ ਸੱਚੇ ਪਿਆਰ ਵਿੱਚ ਇਨਸਾਨ ਪਲ-ਪਲ ਖੁਰਦਾ ਹੈ, ਪਲ-ਪਲ ਮਰਦਾ ਹੈ। ਮਹਿਬੂਬ ਦੀ ਜੁਦਾਈ ਵਿੱਚ ਬਿਰਹਾ ਦੀ ਭੱਠੀ ਵਿੱਚ ਸੜਦਾ ਹੈ। ਇਸ਼ਕ ਦੀ ਕਸਕ ਨੂੰ ਉਹੀ ਸਮਝ ਸਕਦੇ ਹਨ ਜੋ ਇਸ ਤੜਪ ਨੂੰ ਹੰਢਾ ਰਹੇ ਹੋਣ। ਇਸ਼ਕ ਚਾਹੇ ਹਕੀਕੀ ਹੋਵੇ ਚਾਹੇ ਮਜਾਜ਼ੀ, ਇਸ ਨੂੰ ਪ੍ਰਾਪਤ ਕਰਨਾ ਕੰਡਿਆਂ ਦੀ ਸੇਜ 'ਤੇ ਸੌਣ ਦੇ ਬਰਾਬਰ ਹੈ। ਸ਼ਿਵ ਲਿਖਦਾ ਹੈ:

ਰੱਬ ਤਿਰਾ ਮਿਰਾ ਕਿਤੇ ਮੇਲ ਜੇ ਕਰੇ
ਸਾਰੇ ਮਾਰੂਥਲਾਂ ਦੀ ਭੜਾਸ ਡੀਕ ਲਾਂ।
ਇਕੋ ਛਾਲ ਮਾਰਾਂ ਤੇ ਮੈਂ ਟੱਪ ਜਾਂ ਸਮੁੰਦਰਾਂ ਨੂੰ
ਡੁੱਬ ਮਰਾਂ ਪਾਣੀਆਂ ਨੂੰ ਪੈਰ ਤੀਕ ਲਾਂ।

ਲੇਕਿਨ ਮੰਡੀਕਰਨ ਦੇ ਇਸ ਦੌਰ ਵਿੱਚ ਦਿਨ-ਬ-ਦਿਨ ਬਦਲ ਰਹੀਆਂ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਪਿਆਰ ਦਾ ਸਰੂਪ ਵੀ ਲਗਾਤਾਰ ਬਦਲਦਾ ਜਾ ਰਿਹਾ ਹੈ। ਅਜੋਕੀ ਨੌਜਵਾਨ ਪੀੜ੍ਹੀ ਲਈ ਪਿਆਰ ਜਜ਼ਬਾ ਨਹੀਂ, ਕਬਜ਼ਾ ਹੈ। ਰੂਹਾਨੀ ਪਿਆਰ ਉੱਤੇ ਦੁਨਿਆਵੀ ਪਿਆਰ ਭਾਰੀ ਪੈ ਰਿਹਾ ਹੈ। ਹੁਣ ਦੇ ਅਖੌਤੀ ਆਸ਼ਕ ਪਿਆਰ ਦੀ ਪਾਕੀਜ਼ਗੀ ਨੂੰ ਛਿੱਕੇ ਟੰਗ ਕੇ ਸਿਰਫ਼ ਥੋੜ੍ਹ-ਚਿਰੇ ਸੁਪਨ-ਸੰਸਾਰ ਨੂੰ ਬਿਨਾਂ ਕਿਸੇ ਡਰ-ਭੈਅ ਦੇ ਹਾਸਲ ਕਰਨ ਲਈ ਹਰ ਦਾਈਆ ਵਰਤਦੇ ਹਨ। ਹੁਣ ਪਿਆਰ ਰੂਹਾਂ ਦਾ ਮੇਲ ਨਹੀਂ ਸਗੋਂ ਹੈਸੀਅਤ, ਪੈਸਾ ਅਤੇ ਰੁਤਬਾ ਵੇਖ ਕੇ ਸੋਚ-ਸਮਝ ਕੇ ਕੀਤਾ ਜਾਣ ਵਾਲਾ ਸੌਦਾ ਬਣਦਾ ਜਾ ਰਿਹਾ ਹੈ। ਹੁਣ ਇਸ਼ਕ ਹੱਡਾਂ ਵਿੱਚ ਨਹੀਂ ਰਚਦਾ ਸਗੋਂ ਇਸ ਦੀ ਓਪਰੀ ਜਿਹੀ ਪਰਤ ਪੈਸੇ ਨਾਲ ਧੋਤੀ ਜਾਂਦੀ ਹੈ। ਜਿਸਮ ਤੱਕ ਸੀਮਿਤ ਰਿਸ਼ਤਾ ਕਦੇ ਮਨ ਦੀ ਖ਼ੁਸ਼ੀ ਨਹੀਂ ਦੇ ਸਕਦਾ। ਪਿਆਰ ਦੇ ਪੱਤਰੇ ਤਾਂ ਖ਼ੂਨੀ ਪੱਤਰੇ ਹਨ। ਪਲ ਦੋ ਪਲ ਦੀ ਸਰੀਰਿਕ ਖ਼ੁਸ਼ੀ ਨਾਲ ਇਤਿਹਾਸ ਨਹੀਂ ਬਣਦੇ। ਪਿਆਰ ਦਾ ਪੈਂਡਾ ਤਖ਼ਤ ਹਜ਼ਾਰੇ ਤੋਂ ਖੇੜਿਆਂ ਤੱਕ ਅਤੇ ਜਾਂ ਫਿਰ ਸ਼ਹਿਰ ਭੰਬੋਰ ਤੋਂ ਤਪਦੇ ਥਲਾਂ ਤੱਕ ਦਾ ਹੈ। ਇਸ ਪਾਕੀਜ਼ਾ ਰੂਹਾਨੀ ਅਹਿਸਾਸ ਨੂੰ ਵਨ ਨਾਈਟ ਸਟੈਂਡ ਜਿਹੀ ਬਿਰਤੀ ਨਾਲ ਗੰਧਲਾ ਕੀਤਾ ਜਾ ਰਿਹਾ ਹੈ। ਉਸ ਪਾਕਿ-ਪਵਿੱਤਰ ਅਹਿਸਾਸ ਤੋਂ ਪ੍ਰਭਾਵਿਤ ਹੋ ਕੇ ਕਿਸੇ ਸ਼ਾਇਰ ਨੇ ਲਿਖਿਆ ਹੈ:

ਜੋ ਇਸ਼ਕ ਨਮਾਜ਼ਾਂ ਪੜ੍ਹਦੇ ਨੇ ਉਹ ਥਾਂ-ਥਾਂ ਸਿਜਦੇ ਕਰਦੇ ਨਹੀਂ
ਜੋ ਇਕ ਦੇ ਹੋ ਕੇ ਜਿਉਂਦੇ ਨੇ ਉਹ ਮਰ ਵੀ ਜਾਣ ਤਾਂ ਮਰਦੇ ਨਹੀਂ।

ਸੰਪਰਕ: 86995-60020

# ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ

ਸਮਾਜ ਮਨੁੱਖ ਦੇ ਆਪਸੀ ਸਬੰਧਾਂ ਨਾਲ ਬਣਿਆ ਹੁੰਦਾ ਹੈ। ਪ੍ਰਸਿੱਧ ਵਿਦਵਾਨ ਅਰਸਤੂ ਦਾ ਕਹਿਣਾ ਹੈ: 'ਮਨੁੱਖ ਇਕ ਸਮਾਜਿਕ ਜੀਵ ਹੈ।' ਭਾਵ ਸਮਾਜ ਤੋਂ ਬਿਨਾਂ ਮਨੁੱਖ ਜਾਨਵਰ ਹੀ ਹੈ ਅਤੇ ਇਸ ਤੋਂ ਬਿਨਾਂ ਮਨੁੱਖ ਅਤੇ ਪਸ਼ੂ ਵਿਚਲਾ ਫ਼ਰਕ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਚਿੰਤਕ ਮੈਕਸ ਵੈਬਰ ਦਾ ਮੰਨਣਾ ਹੈ: 'ਸਮਾਜਿਕ ਸਬੰਧ ਉਸ ਸਥਿਤੀ ਦਾ ਨਾਂ ਹੈ ਜਿਸ ਵਿੱਚ ਘੱਟ ਤੋਂ ਘੱਟ ਦੋ ਅਤੇ ਉਸ ਤੋਂ ਜ਼ਿਆਦਾ ਅਜਿਹੇ ਵਿਅਕਤੀ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਨੂੰ ਇਕ ਦੂਸਰੇ ਦਾ ਗਿਆਨ ਹੁੰਦਾ ਹੈ ਅਤੇ ਜੋ ਇਕ ਦੂਜੇ ਦੀਆਂ ਕਿਰਿਆਵਾਂ ਦੇ ਅਰਥ ਕੱਢ ਕੇ ਆਪਸ ਵਿੱਚ ਕੁਝ ਵਿਵਹਾਰ ਕਰਦੇ ਹਨ।' ਇਨ੍ਹਾਂ ਸਬੰਧਾਂ ਵਿੱਚ ਆਪਸੀ ਮਤਭੇਦ ਵੀ ਹੋ ਸਕਦੇ ਹਨ ਜਾਂ ਹੁੰਦੇ ਵੀ ਹਨ। ਕਾਰਲ ਮਾਰਕਸ ਅਨੁਸਾਰ ਇਹੀ ਮਤਭੇਦ ਵਿਕਾਸ ਦਾ ਕਾਰਨ ਬਣਦੇ ਹਨ। ਉਸ ਨੇ ਇਸ ਨੂੰ ਵਿਰੋਧ ਵਿਕਾਸ ਦਾ ਸਿਧਾਂਤ ਕਿਹਾ ਹੈ। ਇਨ੍ਹਾਂ ਸਬੰਧਾਂ ਵਿੱਚ ਪਿਆਰ-ਨਫ਼ਰਤ, ਨੇੜਤਾ-ਦੂਰੀ ਅਤੇ ਮੋਹ-ਈਰਖਾ ਦਾ ਹੋਣਾ ਵੀ ਜ਼ਰੂਰੀ ਮੰਨਿਆ ਜਾਂਦਾ ਹੈ। ਪਰ ਜੇ ਇਹ ਆਪਸੀ ਰਿਸ਼ਤਾ ਇੱਕਪਾਸੜ ਤੇ ਕੱਟੜ ਹੋ ਜਾਵੇ ਤਾਂ ਖ਼ਤਰਨਾਕ ਹੁੰਦਾ ਹੈ, ਭਾਵ ਮੋਹ ਤੇ ਨਫ਼ਰਤ ਦੋਨਾਂ ਦਾ ਸਿਖਰ ਬੁਰਾ ਹੈ। ਸਾਡਾ ਸਮਾਜ ਅੱਜ ਤੱਕ ਮੋਹ ਦੀ ਸਿਖਰ ਤੱਕ ਤਾਂ ਵਧਣ ਵਿੱਚ ਸਫਲ ਨਹੀਂ ਹੋਇਆ ਪਰ ਨਫ਼ਰਤ ਦੀ ਹਮਸਾਈ ਹਿੰਸਾ ਦੀ ਸਿਖਰ ਵੱਲ ਵਧ ਗਿਆ ਹੈ ਜਿਸ ਦੇ ਨਤੀਜੇ ਵਜੋਂ ਵਿਚਾਰਕ ਵਾਦ-ਵਿਵਾਦ ਮਨਫ਼ੀ ਹੁੰਦਾ ਜਾ ਰਿਹਾ ਹੈ। ਹਿੰਸਾ ਆਪਣੇ ਪੈਰ ਪਸਾਰ ਰਹੀ ਹੈ। ਇਕ ਸਧਾਰਨ ਮਨੁੱਖ ਤੇ ਸਮਾਜਿਕ ਕਾਰਕੁੰਨ ਦਾ ਸਮਾਜ ਵਿੱਚ ਵਿਚਰਨਾ ਬੇਹੱਦ ਔਖਾ ਹੋ ਗਿਆ ਹੈ।



ਮਨੁੱਖ ਨੂੰ ਸਮਾਜਿਕ ਪ੍ਰਾਣੀ ਬਣਾਉਣ ਵਿੱਚ ਪਰਿਵਾਰ ਤੇ ਹੋਰ ਸਮਾਜਿਕ ਸੰਸਥਾਵਾਂ ਤੋਂ ਬਾਅਦ ਸਿੱਖਿਆ ਸੰਸਥਾਵਾਂ ਦਾ ਵੱਡਾ ਯੋਗਦਾਨ ਹੁੰਦਾ ਹੈ। ਇਹ ਵਿਅਕਤੀ ਨੂੰ ਵਿਹਾਰਕ-ਬੌਧਿਕ ਵਿਕਾਸ ਦੇ ਗੁਰ ਸਿਖਾਉਂਦੀਆਂ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਜਿਵੇਂ-ਜਿਵੇਂ ਮਨੁੱਖ ਤਕਨੀਕੀ ਵਿਕਾਸ ਕਰ ਰਿਹਾ ਹੈ ਉਵੇਂ-ਉਵੇਂ ਹੀ ਉਹ ਅਸਹਿਜ ਅਤੇ ਹੰਕਾਰੀ ਬਣਦਾ ਜਾ ਰਿਹਾ ਹੈ। ਸੋਚਣ ਦੇ ਬਾਵਜੂਦ ਇਸ ਦਾ ਕੋਈ ਹੱਲ ਨਹੀਂ ਲੱਭ ਰਿਹਾ। ਪਰਿਵਾਰ ਤੋਂ ਲੈ ਕੇ ਸਿੱਖਿਆ ਸੰਸਥਾਵਾਂ ਤੱਕ ਇਸ ਅਲਾਮਤ ਦੀਆਂ ਸ਼ਿਕਾਰ ਹੁੰਦੀਆਂ ਜਾ ਰਹੀਆਂ ਹਨ। ਮਨੁੱਖ ਦੀਆਂ ਮੌਕਾਪ੍ਰਸਤ ਰੁਚੀਆਂ ਨੇ ਉਸ ਦੇ ਕਿਰਦਾਰ ਨੂੰ ਬਦਲ ਦਿੱਤਾ ਹੈ। ਪਹਿਲਾਂ ਪੰਜਾਬੀਆਂ ਨੂੰ ਹਮਲਾਵਰਾਂ ਤੋਂ ਸਵੈ-ਰੱਖਿਆ ਲਈ ਲੜਨਾ ਪੈਂਦਾ ਸੀ, ਹੁਣ ਦੂਜਿਆਂ ਨੂੰ ਪਛਾੜਨ ਲਈ ਆਪਣਿਆਂ ਨਾਲ ਲੜਦੇ ਹਨ ਅਤੇ ਆਪਣੇ ਸਭਿਆਚਾਰ ਦਾ ਨੁਕਸਾਨ ਕਰਦੇ ਹਨ। ਸਮਾਜ ਵਿੱਚ ਫੈਲੀ ਇਸ ਬਿਮਾਰੀ ਨੇ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਨੂੰ ਵੀ ਤਾਰ-ਤਾਰ ਕਰ ਦਿੱਤਾ ਹੈ। ਇਸ ਰਿਸ਼ਤੇ ਨੂੰ ਸਭ ਰਿਸ਼ਤਿਆਂ ਨਾਲੋਂ ਵੱਡਾ ਮੰਨਿਆ ਜਾਂਦਾ ਸੀ। ਅਧਿਆਪਕ ਦੀ ਘੂਰ ਵਿਦਿਆਰਥੀ ਲਈ ਸਫਲਤਾ ਵੱਲ ਕਦਮ ਹੁੰਦਾ ਸੀ ਪਰ ਹੁਣ ਇਸ ਘੂਰ ਨੂੰ ਵਿਦਿਆਰਥੀ ਆਪਣੇ ਆਤਮ-ਸਨਮਾਨ ਉੱਤੇ ਸੱਟ ਸਮਝਣ ਲੱਗੇ ਹਨ ਅਤੇ ਇਨ੍ਹਾਂ ਨੇ ਬਦਲਾਖੋਰੀ ਵੱਲ ਰੁਖ ਕਰ ਲਿਆ ਹੈ। ਬਹੁਤ ਸਾਰੀਆਂ ਅਜਿਹੀਆਂ ਉਦਾਹਰਨਾਂ ਹਨ ਜਿਨ੍ਹਾਂ ਵਿੱਚ ਅਧਿਆਪਕ ਨੂੰ ਹਮਲਿਆਂ ਕਾਰਨ ਜਾਨੋਂ ਹੱਥ ਧੋਣੇ ਪਏ ਹਨ ਜਾਂ ਗਹਿਰੀਆਂ ਸੱਟਾਂ ਲੱਗਣ ਕਾਰਨ ਅਪੰਗ ਜ਼ਿੰਦਗੀ ਜਿਊਣੀ ਪੈਂਦੀ ਹੈ। ਉਹ ਸੱਟਾਂ ਤੇ ਆਤਮ-ਸਨਮਾਨ ਗੁਆਚ ਜਾਣ ਕਾਰਨ ਗਹਿਰੇ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਕਦੇ ਵੀ ਪਹਿਲਾਂ ਵਾਲੇ ਸਥਾਨ 'ਤੇ ਲਿਆਉਣ ਵਿੱਚ ਕਾਮਯਾਬ ਨਹੀਂ ਹੁੰਦੇ।

ਸਿੱਖਿਆ ਸੰਸਥਾਵਾਂ ਵਿੱਚ ਦਿਨ-ਬ-ਦਿਨ ਹੋ ਰਹੀਆਂ ਹਿੰਸਕ ਘਟਨਾਵਾਂ ਕਾਰਨ ਅਧਿਆਪਕ ਵਰਗ ਬਚ-ਬਚ ਕੇ ਰਹਿਣ ਲੱਗਾ ਹੈ। ਉਹ ਕਲਾਸ ਵਿੱਚ ਵੀ ਉਸ ਤਰੀਕੇ ਦੀਆਂ ਸਿਰਜਣਾਤਮਕ ਗੱਲਾਂ ਨਹੀਂ ਕਰਦਾ/ਕਰ ਸਕਦਾ ਜਿਹੜੀਆਂ ਵਿਦਿਆਰਥੀਆਂ ਲਈ ਲਾਹੇਵੰਦ ਹੁੰਦੀਆਂ ਹਨ। ਉਹ ਅਧਿਆਪਕ ਜਿਨ੍ਹਾਂ ਨੇ ਨੌਜਵਾਨਾਂ ਦਾ ਰਾਹ ਦਸੇਰਾ ਬਣ ਕੇ ਸਮਾਜਿਕ ਤਬਦੀਲੀ ਵਿੱਚ ਹਿੱਸਾ ਪਾਉਣਾ ਸੀ, ਕੋਈ ਵੀ ਕਾਰਜ ਕਰਨ ਲੱਗਿਆਂ ਆਪਣੇ-ਆਪ ਨੂੰ ਬੇਵੱਸ ਮਹਿਸੂਸ ਕਰਦੇ ਹਨ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਿਰਜਣਾਤਮਕ ਕੰਮਾਂ ਵਿੱਚ ਲਾਉਣ ਤੋਂ ਡਰਨਾ ਸਮਾਜ ਲਈ ਵੱਡਾ ਘਾਟਾ ਹੈ। ਬਹੁਤ ਸਾਰੇ ਅਧਿਆਪਕ ਬੜੀ ਹੀ ਲਾਚਾਰੀ ਅਤੇ ਦੁਖੀ ਹਿਰਦੇ ਨਾਲ ਬੋਲਦੇ ਸੁਣੇ ਹਨ ਕਿ, 'ਵਿੱਦਿਅਕ ਅਦਾਰਿਆਂ ਵਿੱਚ ਕੰਮ ਕਰਨਾ ਹੁਣ ਸਭ ਤੋਂ ਔਖਾ ਲੱਗਣ ਲੱਗ ਪਿਆ ਹੈ।' ਇੱਕ ਅਧਿਆਪਕ ਜਿਹੜਾ ਵਿਦਿਆਰਥੀ ਨੂੰ ਜ਼ਿੰਦਗੀ ਵਿੱਚ ਆਈ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਟਾਕਰਾ ਕਰਨਾ ਸਿਖਾਉਂਦਾ ਸੀ ਹੁਣ ਉਹ ਖ਼ੁਦ ਹੀ ਟੁੱਟਿਆ ਨਜ਼ਰ ਆਉਂਦਾ ਹੈ। ਇਸ ਲਈ ਅਜੋਕੀ ਪੀੜ੍ਹੀ ਦੇ ਨੌਜਵਾਨਾਂ ਵਿੱਚ ਪਲਿਆ 'ਸਰਵ ਗੁਣ ਸੰਪੰਨਤਾ' ਦਾ ਵਹਿਮ ਉਨ੍ਹਾਂ ਨੂੰ ਇਕ ਵਧੀਆ ਵਿਦਿਆਰਥੀ/ਸਮਾਜਿਕ ਪ੍ਰਾਣੀ ਬਣਨ ਤੋਂ ਵਾਂਝਾ ਕਰਦਾ ਜਾ ਰਿਹਾ ਹੈ। ਇਹ ਸਾਡੇ ਸਮਾਜ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ।

ਜਸਵਿੰਦਰ ਕੌਰ
ਖੋਜਾਰਥੀ, ਪੰਜਾਬੀ ਵਿਭਾਗ,

# ਗਰਮੀਆਂ ਦੇ ਸੀਜਨ ਦੌਰਾਨ ਬਿਜਲੀ ਦੀ ਹੁਣ ਨਹੀਂ ਆਵੇਗੀ ਦਿੱਕਤ, ਪਾਵਰਕਾਮ ਕਰ ਰਿਹਾ ਇਹ ਤਿਆਰੀ

**ਕਿਸ਼ਨ ਪਾਲ**

ਜਲੰਧਰ 1 ਮਾਰਚ। ਹਰੇਕ ਘਰੇਲੂ ਖਪਤਕਾਰ ਨੂੰ 300 ਯੂਨਿਟ ਮੁਫ਼ਤ ਬਜਲੀ ਦਿੱਤੇ ਜਾਣ ਕਾਰਨ ਘਰੇਲੂ ਕੁਨੈਕਸ਼ਨਾਂ ਦੀ ਗਿਣਤੀ ਵਿਚ ਵੱਡੇ ਪੱਧਰ 'ਤੇ ਵਾਧਾ ਹੋਇਆ ਹੈ। ਇਸ ਕਾਰਨ ਇਸ ਵਾਰ ਗਰਮੀ ਦੇ ਸੀਜਨਾਂ ਵਚ ਬਿਜਲੀ ਦੀ ਮੰਗ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਹੱਦ ਤੱਕ ਵਧ ਜਾਵੇਗੀ। ਇਸੇ ਲੜੀ ਵਿਚ ਪਾਵਰਕਾਮ ਨੇ ਲਾਈਨਾਂ ਨੂੰ ਅਪਡੇਟ ਕਰਨ ਦੀ ਪ੍ਰਕਿਰਿਆ ਤੇਜ ਕਰ ਦਿੱਤੀ ਹੈ। ਐਕਸੀਅਨਾਂ ਨੂੰ ਆਪੋ-ਆਪਣੇ ਇਲਾਕਿਆਂ ਵਿਚ ਪੈਟਰੋਲਿੰਗ ਕਰਕੇ ਲਾਈਨਾਂ ਦੀ ਜਾਂਚ ਕਰਨ ਨੂੰ ਕਿਹਾਂ ਗਆ ਹੈ, ਤਾਂਕਿ ਪ੍ਰੇਸ਼ਾਨੀ ਦਾ ਕਾਰਨ ਬਣਨ ਵਾਲੀਆਂ ਲਾਈਨਾਂ ਦੀ ਪਛਾਣ ਕਰਕੇ ਉਨ੍ਹਾਂ 'ਤੇ ਕੰਮ ਕੀਤਾ ਜਾ ਸਕੇ। ਇਸ ਕੜੀ ਦੀ ਸ਼ੁਰੂਆਤ ਵਿਚ ਸ਼ਹਿਰ ਦੀਆਂ ਚਾਰਾਂ ਡਿਵੀਜਨਾਂ ਅਧੀਨ 10-10 ਟਰਾਂਸਫਾਰਮਰਾਂ ਦਾ ਲੋਡ ਵਧਾਇਆ ਜਾਵੇਗਾ ਅਤੇ 2-2 ਨਵੇਂ ਫੀਡਰਾਂ ਦਾ ਨਿਰਮਾਣ ਕੀਤਾ ਜਾਵੇਗਾ। ਵਿਭਾਗ ਗਰਮੀ ਤੋਂ ਪਹਿਲਾਂ ਹੀ ਪੂਰੇ ਇੰਤਜਾਮ ਕਰਕੇ ਚੱਲਣਾ ਚਾਹੁੰਦਾ ਹੈ ਤਾਂ ਕ ਗਰਮੀਂ ਵਚ ਜੱਦੋ-ਜਹਿਦ ਜ਼ਿਆਦਾ ਨਾ ਹੋ ਸਕੇ। ਫਾਲਟ ਪੈਣਾ ਵਿਭਾਗ ਲਈ ਕਈ ਕਾਰਨਾਂ ਨਾਲ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਇਸ ਨਾਲ ਖਰਚੇਂ ਵਚ ਵਾਧਾ ਹੁੰਦਾ ਹੈ ਅਤੇ ਫੀਲਡ ਸਟਾਫ ਨੂੰ ਖਪਤਕਾਰਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਟਾਫ ਦੀ ਗੱਲ ਕੀਤੀ ਜਾਵੇ ਤਾਂ ਪੱਕੇ ਸਟਾਫ ਦੀ ਘਾਟ ਕਾਰਨ ਸੀ. ਐੱਚ. ਬੀ. (ਕੰਪਲੇਂਟ ਹੈਂਡਲਿੰਗ ਬਾਈਕ) ਦਾ ਠੇਕਾ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਵਿਭਾਗ ਇਨ੍ਹਾਂ ਸਭ ਗੱਲਾਂ ਤੋਂ ਬਚਣ ਲਈ ਫਾਲਟਾਂ ਵਚ ਕਮੀ ਲਿਆਉਣ ਨੂੰ ਮਹੱਤਵ ਦੇ ਰਿਹਾ ਹੈ ਤਾਂ



ਜੋ ਖਪਤਕਾਰਾਂ ਨੂੰ ਬਿਹਤਰ ਸਹੂਲਤਾਂ ਦਿੱਤੀਆਂ ਜਾ ਸਕਣ। ਕਈ ਖਪਤਕਾਰ ਜ਼ਿਆਦਾ ਲੋਡ ਦੀ ਵਰਤੋਂ ਕਰਦੇ ਹਨ ਜਦਕਿ ਉਨ੍ਹਾਂ ਦੇ ਕਾਗਜਾਂ ਵਚ ਘੱਟ ਲੋਡ ਵਿਖਾਇਆ ਜਾਂਦਾ ਹੈ। ਵਿਭਾਗ ਵੱਲੋਂ ਖਪਤਕਾਰਾਂ ਨੂੰ ਲੋਡ ਵਧਾਉਣ ਲਈ ਵਾਰ-ਵਾਰ ਕਿਹਾ ਜਾ ਚੁੱਕਾ ਹੈ ਪਰ ਇਸ ਦੇ ਬਾਵਜੂਦ ਲੋਡ ਵਧਾਉਣ ਪ੍ਰਤੀ ਜ਼ਿਆਦਾ ਰਿਸਪਾਂਸ ਵੇਖਣ ਨੂੰ ਨਹੀਂ ਮਿਲ ਰਿਹਾ। ਵਿਭਾਗ ਦਾ ਕਹਿਣਾ ਹੈਂ ਕ ਲੋਕਾਂ ਵੱਲੋਂ ਜਾਣਕਾਰੀ ਛੁਪਾਉਣ ਕਾਰਨ ਉਨ੍ਹਾਂ ਨੂੰ ਇਲਾਕੇ ਵਿਚ ਵਰਤੇ ਜਾਣ ਵਾਲੇ ਸਹੀ ਲੋਡ ਦਾ ਪਤਾ ਨਹੀਂ ਚੱਲ ਪਾਉਂਦਾ। ਗਰਮੀ ਕਾਰਨ ਏ. ਸੀਜ ਦੀ ਵਰਤੋਂ ਨਾਲ ਲਾਈਨਾਂ 'ਤੇ ਲੋਡ ਵਧ ਜਾਂਦਾ ਹੈ ਅਤੇ ਟਰਾਂਸਫਾਰਮਰਾਂ ਵਚ ਖਰਾਬੀ ਆਉਣਾ ਆਮ ਗੱਲ ਬਣ ਜਾਂਦੀ ਹੈ। ਇਸ ਦਾ ਹੱਲ ਉਦੋਂ ਹੀ ਹੋ ਸਕਦਾ ਹੈ, ਜਦੋਂ ਖਪਤਕਾਰ ਆਪਣੇ ਘਰਾਂ ਵਚ ਵਰਤੇ ਜਾਣ ਵਾਲੇ ਲੋਡ ਬਾਰੇ ਵਿਭਾਗ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾਉਣ। ਇਸਤੇਮਾਲ ਹੋਣ ਵਾਲੇ ਲੋਡ ਦਾ ਪਤਾ ਲੱਗਣ 'ਤੇ ਵਿਭਾਗ ਆਪਣੇ ਟਰਾਂਸਫਾਰਮਰਾਂ ਦੀ ਸਮਰੱਥਾ ਨੂੰ ਵਧਾਏਗਾ, ਜਿਸ ਨਾਲ ਖਰਾਬੀਂ ਵਚ ਘਾਟ ਆਵੇਗੀ। ਨਾਰਥ ਜੋਨ ਦੇ ਚੀਫ ਇੰਜੀ. ਰਮੇਸ਼ ਲਾਲ ਸਾਰੰਗਲ ਨੇਂ ਕਹਾਂ ਕ ਗਰਮੀ ਆਉਣ 'ਚ ਬਹੁਤ ਹੀ ਘੱਟ ਸਮਾਂ ਰਹਿ ਗਿਆ ਹੈ, ਜਿਸ ਕਾਰਨ ਬਿਜਲੀ ਦੀ ਖਪਤ ਵਧਣ ਵਾਲੀ ਹੈ। ਅਜਿਹੇ ਹਾਲਾਤਾਂ ਵਚ ਲੋਅ-ਵੋਲਟੇਜ ਕਾਰਨ ਫਾਲਟ ਵਧਦੇ ਹਨ ਅਤੇ ਖਪਤਕਾਰਾਂ ਨੂੰ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਫਾਲਟ ਘੱਟ ਕਰਨ ਲਈ ਵਿਭਾਗ ਵੱਲੋਂ ਟਰਾਂਸਫਾਰਮਰਾਂ ਦਾ ਲੋਡ ਵਧਾਇਆ ਜਾਵੇਗਾ, ਜਿਸ ਨਾਲ ਲੋਅ- ਵੋਲਟੇਜ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ।

## ਗੁਜਰਾਤ ਤੱਟ ਕੋਲੋਂ ਕਿਸ਼ਤੀ 'ਚੋਂ ਮਿਲੀ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ

ਨਵੀਂ ਦਿੱਲੀ 1 ਮਾਰਚ। ਭਾਰਤੀ ਜਲ ਸੈਨਾ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ () ਨੇ ਸਾਂਝੀ ਮੁਹਿੰਮ 'ਚ ਗੁਜਰਾਤ ਤੱਟ ਕੋਲੋਂ ਇਕ ਈਰਾਨੀ ਕਿਸ਼ਤੀ ਤੋਂ 5 ਵਿਦੇਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ 3300 ਕਿਲੋ ਨਸੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਨੇ ਬੁੱਧਵਾਰ ਨੂੰ ਕਿਹਾ ਕਿ ਜਲ ਸੈਨਾ, ਗੁਜਰਾਤ ਐਂਟੀ ਟੈਰਰਿਸਟ ਸਕੁਐਡ ਅਤੇ ਦਾ ਇਹ ਸਾਂਝਾ ਆਪ੍ਰੇਸਨ ਕੌਮਾਂਤਰੀ ਸਮੁੰਦਰੀ ਸੀਮਾ ਰੇਖਾ () ਦੇ ਨਾਲ ਲੱਗਦੇ ਅਰਬ



ਸਾਗਰ ਵਿਚ ਚਲਾਇਆ ਗਿਆ। ਜਬਤ ਕੀਤੀ ਖੇਪ ਵਿਚ ਚਰਸ, ਮੇਥਾਮਫੇਟਾਮਾਈਨ ਅਤੇ ਮੋਰਫਿਨ ਸਾਮਲ ਹੈ, ਜੋ ਭਾਰਤ 'ਚ ਪਾਬੰਦੀਸੁਦਾ ਹੈ। ਜਲ ਸੈਨਾ ਨੇ ਚਾਲਕ ਦਲ ਦੇ ਮੈਂਬਰਾਂ ਨੂੰ ਫੜਿਆ ਅਤੇ ਜਿਨ੍ਹਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਹਵਾਲੇ ਕਰ ਦਿੱਤਾ ਗਿਆ। ਜਲ ਸੈਨਾ ਦੇ ਬੁਲਾਰੇ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰ ਕੇ ਕਿਹਾ ਕਿ ਭਾਰਤੀ ਜਲ ਸੈਨਾ ਨੇ ਇਕ ਸਾਂਝੀ ਮੁਹਿੰਮ ਵਿਚ ਲੱਗਭਗ 3300 ਕਿਲੋਗ੍ਰਾਮ ਪਾਬੰਦੀਸ਼ੁਦਾ ਸਮੱਗਰੀ ਲੈ ਕੇ ਜਾ ਰਹੀ ਇਕ ਸ਼ੱਕੀ ਕਿਸ਼ਤੀ ਨੂੰ ਫੜਿਆ । ਇਹ ਹਾਲ ਹੀ ਦੇ ਸਮੇਂ 'ਚ ਜਬਤ ਕੀਤੀ ਗਈ ਨਸੀਲੇ ਪਦਾਰਥਾਂ ਦੀ ਸਭ ਤੋਂ ਵੱਡੀ ਖੇਪ ਹੈ। ਪੋਸਟ 'ਚ ਕਿਹਾ ਗਿਆ ਹੈ ਕਿ ਇਹ ਜਾਣਕਾਰੀ ਨਿਗਰਾਨੀ ਮਿਸਨ 'ਤੇ ਤਾਇਨਾਤ ਪੀ81 ਜਹਾਜ ਤੋਂ ਮਿਲੀ ਸੀ ਅਤੇ ਇਸ ਦੀ ਪੁਸਟੀ ਨੇ ਵੀ ਕੀਤੀ ਸੀ। ਜਿਸ ਤੋਂ ਬਾਅਦ ਭਾਰਤੀ ਜਲ ਸੈਨਾ ਦੇ ਮਿਸਨ ਨੇ ਜੰਗੀ ਬੇੜੇ ਨੂੰ ਤਾਇਨਾਤ ਕੀਤਾ ਸੀ।

## ਨੌਜਵਾਨ ਨੂੰ ਬੰਧਕ ਬਣਾ ਕੇ ਰੱਖਣ 'ਤੇ ਮਾਮਲਾ ਦਰਜ

ਲੁਧਿਆਣਾ 1 ਮਾਰਚ। ਥਾਣਾ ਮਿਹਰਬਾਨ ਪੁਲਸ ਨੇ ਨੌਜਵਾਨ ਨੂੰ ਬੰਧਕ ਬਣਾ ਕੇ ਰੱਖਣ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਪਿੰਡ ਸੀੜਾ ਦੇ ਰਹਿਣ ਵਾਲੇ ਜਗਦੀਪ ਸਿੰਘ ਦੇ ਬਿਆਨਾਂ 'ਤੇ ਤਫਤੀਸ ਦੌਰਾਨ ਇਕ ਅਣਪਛਾਤੇ ਵਿਅਕਤੀ ਨੂੰ ਨਾਮਜਦ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਜਗਦੀਪ ਸਿੰਘ ਗਿੱਲ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਕਮਲਜੀਤ ਸਿੰਘ 19 ਫਰਵਰੀ ਨੂੰ ਬਿਨਾਂ ਦੱਸੇ ਘਰੋਂ ਚਲਾ ਗਿਆ ਸੀ ਅਤੇ ਵਾਪਸ ਨਹੀਂ ਆਇਆ। ਉਸ ਨੂੰ ਸੱਕ ਹੈ ਕਿ ਕਿਸੇ ਨੇ ਆਪਣੇ ਨਿੱਜੀ ਫਾਇਦੇ ਲਈ ਉਸ ਦੇ ਭਰਾ ਨੂੰ ਬੰਧਕ ਬਣਾ ਕੇ ਰੱਖਿਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਨੌਜਵਾਨ ਦੀ ਭਾਲ ਲਈ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ।

## ਸ਼ੇਅਰ ਮਾਰਕਿਟ 'ਚ ਇਨਵੈਸਟਮੈਂਟ ਦਾ ਝਾਂਸਾ ਦੇ ਕੇ 1.28 ਕਰੋੜ ਰੁਪਏ ਦੀ ਠੱਗੀ

ਸੰਗਰੂਰ 29 ਫਰਵਰੀ। ਸੰਗਰੂਰ ਜ਼ਿਲ੍ਹਾ ਪੁਲਸ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਸਾਈਬਰ ਕ੍ਰਾਈਮ ਇਨਵੈਸਟੀਗੇਸਨ ਯੂਨਿਟ ਸੰਗਰੂਰ ਵੱਲੋਂ ਬ੍ਰਿਜ ਮੋਹਨ ਭੰਡਾਰੀ ਪੁੱਤਰ ਕ੍ਰਿਸਨ ਗੋਪਾਲ ਭੰਡਾਰੀ ਵਾਸੀ ਧੂਰੀ ਨਾਲ ਸੇਅਰ ਮਾਰਕਿਟ 'ਚ ਇਨਵੈਸਟ ਕਰਵਾਉਣ ਦੇ ਨਾਂ 'ਤੇ 1 ਕਰੋੜ, 28 ਲੱਖ, 46 ਹਜਾਰ 800 ਰੁਪਏ ਦੀ ਠੱਗੀ ਮਾਰਨ ਵਾਲੇ ਰਾਏਪੁਰ, ਛੱਤੀਸਗੜ੍ਹ ਦੇ ਇੱਕ ਗਿਰੋਹ ਦੇ 2 ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕੋਲੋਂ 30 ਲੱਖ ਰੁਪਏ ਵਾਪਸ ਕਰਵਾਏ ਗਏ ਹਨ। ਇਸ ਗਿਰੋਹ ਸਬੰਧੀ ਹੋਰ ਜਾਣਕਾਰੀ ਦਿੰਦਿਆ ਐੱਸ. ਐੱਸ. ਪੀ. ਚਾਹਲ ਅਤੇ ਐੱਸ. ਪੀ. ਪਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਗਿਰੋਹ ਦੇ ਮੈਂਬਰਾਂ ਵਲੋਂ ਬ੍ਰਿਜ ਮੋਹਨ ਭੰਡਾਰੀ ਨਾਲ ਮੋਬਾਇਲ ਫੋਨ ਜਰੀਏ ਸੰਪਰਕ ਕਰਕੇ ਸੇਅਰ ਮਾਰਕਿਟ ਵਿਚ ਇਨਵੈਸਟ ਕਰਵਾਉਣ ਲਈ ਭਰੋਸੇ ਵਿੱਚ ਲਿਆ ਗਿਆ। ਫਿਰ ਅਗਸਤ, 2023 ਤੋਂ ਲਗਾਤਾਰ ਮੁੱਦਈ ਪਾਸੋਂ ਸਾਰਾ ਪੈਸਾ ਕਿਸ਼ਤਾਂ ਵਿੱਚ ਵੱਖ-ਵੱਖ ਬੈਂਕ ਖਾਤਿਆਂ ਵਿੱਚ ਪਵਾਇਆ ਗਿਆ। ਫਿਰ ਮੁਦੱਈ ਵੱਲੋਂ ਪੁਲਸ ਵਿਭਾਗ ਨੂੰ ਦਰਖਾਸਤ ਦੇਣ ਉਪਰੰਤ ਵੱਖ-ਵੱਖ ਧਰਾਵਾਂ ਤਹਿਤ ਥਾਣਾ ਸਿਟੀ ਧੂਰੀ ਵਿਖੇ ਮੁਕੱਦਮਾ ਰਜਿਸਟਰ ਕੀਤਾ ਗਿਆ। ਮੁਕੱਦਮਾ ਦਰਜ ਹੋਣ 'ਤੇ ਐੱਸ. ਐੱਸ. ਪੀ. ਚਾਹਲ ਦੇ ਦਿਸਾ-ਨਿਰਦੇਸਾਂ ਅਨੁਸਾਰ ਇੰਸਪੈਕਟਰ ਹਰਜੀਤ ਕੌਰ, ਇੰਚਾਰਜ ਸਾਇਬਰ ਕ੍ਰਾਈਮ ਇਨਵੈਸਟੀਗੇਸਨ ਯੂਨਿਟ, ਸੰਗਰੂਰ ਸਮੇਤ ਸਟਾਫ ਵੱਲੋਂ ਉਕਤ ਅਪਰਾਧ ਬਾਬਤ ਫੌਰੀ ਕਾਰਵਾਈ ਕਰਕੇ ਰਾਏਪੁਰ, ਛੱਤੀਸਗੜ੍ਹ ਵਿਖੇ ਛਾਪੇਮਾਰੀ ਕੀਤੀ ਗਈ ਅਤੇ ਇਸ ਠੱਗੀ ਵਿੱਚ ਸਾਮਲ ਦੋਸੀ ਆਕਾਸ ਬਜਾਜ ਪੁੱਤਰ ਅੰਮ੍ਰਿਤ ਬਜਾਜ ਅਤੇ ਤਰੁਣ ਧਰਮਦਸਾਨੀ ਪੁੱਤਰ ਲੇਟ ਰਾਜ

## 'ਨਕਲੀ ਪੀ. ਐੱਮ. ਓ. ਅਧਿਕਾਰੀ ਪਿੱਛੋਂ' ਹੁਣ ਫੜਿਆ ਗਿਆ 'ਹਵਾਈ ਫੌਜ ਦਾ ਨਕਲੀ ਵਿੰਗ ਕਮਾਂਡਰ'

ਦੇਸ਼ ਵਿਚ ਨਕਲੀ ਖਾਧ ਪਦਾਰਥ, ਦਵਾਈਆਂ, ਖਾਦਾਂ, ਕੀਟਨਾਸ਼ਕਾਂ, ਕਰੰਸੀ ਆਦਿ ਦੀਆਂ ਗੱਲਾਂ ਤਾਂ ਸੁਣੀਆਂ ਜਾਂਦੀਆਂ ਸਨ ਪਰ ਹੁਣ ਇਹ ਬੀਮਾਰੀ ਨਕਲੀ ਆਈ. ਏ. ਐੱਸ. ਤੇ ਆਈ. ਪੀ .ਐੱਸ. ਅਧਿਕਾਰੀਆਂ ਤੋਂ ਵੀ ਅੱਗੇ ਪ੍ਰਧਾਨ ਮੰਤਰੀ ਦਫਤਰ (ਪੀ. ਐੱਮ. ਓ.) ਦੇ ਨਕਲੀ ਅਧਿਕਾਰੀ ਅਤੇ ਨਕਲੀ ਹਵਾਈ ਫੌਜ ਅਧਿਕਾਰੀ ਤੱਕ ਪੁੱਜ ਗਈ ਹੈ। 16 ਮਾਰਚ, 2023 ਨੂੰ ਇਕ ਹਾਈ-ਪ੍ਰੋਫਾਈਲ ਮਾਮਲੇ 'ਚ ਜੰਮੂ-ਕਸ਼ਮੀਰ ਪੁਲਸ ਨੇ ਸ਼੍ਰੀਨਗਰ 'ਚ ਖੁਦ ਨੂੰ ਪ੍ਰਧਾਨ ਮੰਤਰੀ ਦਫਤਰ ਦਾ ਐਡੀਸ਼ਨਲ ਡਾਇਰੈਕਟਰ (ਰਣਨੀਤੀ ਤੇ ਮੁਹਿੰਮ) ਦੱਸਣ ਅਤੇ ਜਾਰੀ ਦਸਤਾਵੇਜਾਂ ਦੇ ਆਧਾਰ 'ਤੇ ਅਧਿਕਾਰਤ ਪ੍ਰੋਟੋਕਾਲ ਪ੍ਰਾਪਤ ਕਰਨ ਵਾਲੇ 'ਕਿਰਨ ਭਾਈ ਪਟੇਲ' ਨਾਂ ਦੇ ਵਿਅਕਤੀ ਨੂੰ ਫੜਿਆ ਸੀ। ਇਸ ਵਿਅਕਤੀ ਨੇ ਮੱਧ ਕਸ਼ਮੀਰ 'ਚ ਕਈ ਥਾਵਾਂ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਉਸ ਨਾਲ ਐੱਸ. ਡੀ. ਐੱਮ. ਰੈਂਕ ਦਾ ਇਕ ਅਧਿਕਾਰੀ ਵੀ ਸੀ। 'ਕਿਰਨ ਭਾਈ ਪਟੇਲ' 'ਤੇ ਦੋਸ਼ ਹੈ ਕਿ ਉਸ ਨੇ ਪਹਿਲਾਂ ਵੀ ਧੋਖਾਧੜੀ ਦਾ ਸਹਾਰਾ ਲੈ ਕੇ ਲੋਕਾਂ ਨੂੰ ਠੱਗਿਆ ਸੀ। ਕਸ਼ਮੀਰ ਪੁਲਸ ਦੇ ਮੁਖੀ ਵਿਜੇ ਕੁਮਾਰ ਅਨੁਸਾਰ ਇਸ ਦੀ 'ਸਕਿਓਰਿਟੀ ਕਵਰ' ਪ੍ਰਦਾਨ ਕਰਨਾ ਫੀਲਡ ਅਫਸਰ ਪੱਧਰ 'ਤੇ ਹੋਈ ਇਕ ਭਿਆਨਕ ਭੁੱਲ ਸੀ। ਅਤੇ ਹੁਣ 21 ਫਰਵਰੀ, 2024 ਨੂੰ ਦਿੱਲੀ ਕੈਂਟ ਸਥਿਤ ਹਵਾਈ ਫੌਜ ਸਟੇਸ਼ਨ ਦੇ ਗੇਟ 'ਤੇ ਪੁੱਜੇ ਵਿਨਾਇਕ ਚੱਢਾ ਨਾਂ ਦੇ ਵਿਅਕਤੀ ਨੂੰ ਫੜਿਆ ਗਿਆ ਹੈ, ਜੋ ਖੁਦ ਨੂੰ ਵਿੰਗ ਕਮਾਂਡਰ ਦੱਸ ਕੇ ਜਾਅਲੀ ਦਸਤਾਵੇਜਾਂ ਦੇ ਸਹਾਰੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਹਵਾਈ ਫੌਜ ਸਟੇਸ਼ਨ ਦਾ ਪਹਿਲਾ ਸੁਰੱਖਿਆ ਗੇਟ ਪਾਰ ਕਰਨ 'ਚ ਸਫਲ ਹੋ ਗਿਆ ਪਰ ਦੂਜੇ ਗੇਟ 'ਤੇ ਫੜਿਆ ਗਿਆ। ਤਲਾਸ਼ੀ ਦੌਰਾਨ ਉਸ ਕੋਲੋਂ ਕਈ ਸਰੁੱਖਿਆ ਮੁਲਾਜਮਾਂ ਦੇ ਨਾਂ 'ਤੇ ਜਾਰੀ ਰਿਆਇਤੀ ਸ਼ਰਾਬ ਦੇ ਜਾਅਲੀ ਕਾਰਡ ਅਤੇ ਇਕ ਜਾਅਲੀ ਪਛਾਣ ਪੱਤਰ ਵੀ ਬਰਾਮਦ ਕੀਤਾ ਗਿਆ। ਦੋਸ਼ੀ ਨੂੰ ਜਾਅਲੀ ਦਸਤਾਵੇਜ ਕਿੱਥੋਂ ਮਿਲੇ, ਇਸ ਦੀ ਜਾਂਚ ਦੌਰਾਨ ਪੁਲਸ ਨੇ ਸੁਲਤਾਨਪੁਰੀ ਤੋਂ ਇਕ ਵਿਅਕਤੀ ਨੂੰ ਫੜਿਆ ਹੈ।

# ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਨੇ ਵਿਭਾਗ ਦੇ ਪ੍ਰਮੁੱਖ ਪ੍ਰਾਜੈਕਟਾਂ ਦਾ ਲਿਆ ਜਾਇਜਾ

**ਏਜੰਸੀਆਂ**

ਚੰਡੀਗੜ੍ਹ 1 ਮਾਰਚ। ਜਲ ਸਪਲਾਈ ਅਤੇ ਸੈਨੀਟੇਸਨ ਮੰਤਰੀ ਬ੍ਰਹਮ ਸੰਕਰ ਜਿੰਪਾ ਨੇ ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰਮੁੱਖ ਜਲ ਸਪਲਾਈ ਅਤੇ ਸੈਨੀਟੇਸਨ ਪ੍ਰਾਜੈਕਟਾਂ ਦਾ ਜਾਇਜ਼ਾ ਲੈਣ ਲਈ ਵਿਭਾਗ ਦੇ ਸਾਰੇ ਸੀਨੀਅਰ ਅਧਿਕਾਰੀਆਂ ਨਾਲ ਵਿਆਪਕ ਸਮੀਖਿਆ ਕੀਤੀ। ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਐੱਸ. ਅਵਹਾੜ ਨੇ ਸਰੋਤਾਂ ਨੂੰ ਜਮੀਨੀ ਪਾਣੀ ਦੀ ਥਾਂ ਸਤਹੀ ਪਾਣੀ 'ਚ ਤਬਦੀਲੀ ਲਈ ਵਿਭਾਗ ਵੱਲੋਂ 2174.41 ਕਰੋੜ ਰੁਪਏ ਦੀ ਲਾਗਤ ਨਾਲ ਚਲਾਈਆਂ ਜਾ ਰਹੀਆਂ 15 ਵਿਆਪਕ ਸਰਫੇਸ ਵਾਟਰ ਸਪਲਾਈ ਸਕੀਮਾਂ ਦੀ ਪ੍ਰਗਤੀ ਸਬੰਧੀ ਜਾਣਕਾਰੀ ਦਿੱਤੀ, ਜਿਸ 'ਚ 1721 ਪਿੰਡਾਂ ਨੂੰ ਕਵਰ ਕੀਤਾ ਗਿਆ ਹੈ। ਮੰਤਰੀ ਨੇ ਇਨ੍ਹਾਂ ਵਿਆਪਕ ਸਤਹੀ ਜਲ ਸਪਲਾਈ ਸਕੀਮਾਂ ਨੂੰ ਤੇਜੀ ਨਾਲ ਲਾਗੂ ਕਰਨ ਦੀ ਮਹੱਤਤਾ 'ਤੇ ਜੋਰ ਦਿੱਤਾ ਤਾਂ ਜੋ ਇਨ੍ਹਾਂ ਸਤਹੀ ਜਲ ਪ੍ਰਾਜੈਕਟਾਂ ਅਧੀਨ ਆਉਂਦੇ ਸਾਰੇ ਵਸਨੀਕਾਂ ਨੂੰ ਸਮੇਂ ਸਿਰ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ। ਸਵੱਛ ਭਾਰਤ ਮਿਸਨ (ਗ੍ਰਾਮੀਣ) ਫੇਜ-2 ਅਧੀਨ ਪਿੰਡਾਂ ਦੀ ਕਾਇਆ ਕਲਪ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਹੋਰ ਕਦਮ ਚੁੱਕਦਿਆਂ ਵਿਭਾਗ ਵੱਲੋਂ 92935 ਵਿਅਕਤੀਗਤ ਘਰੇਲੂ ਪਖਾਨਿਆਂ ਦੇ ਨਿਰਮਾਣ ਲਈ 139.40 ਕਰੋੜ ਰੁਪਏ,



2400 ਕਮਿਊਨਿਟੀ ਸੈਨੇਟਰੀ ਕੰਪਲੈਕਸਾਂ ਲਈ 50.40 ਕਰੋੜ ਰੁਪਏ, ਠੋਸ ਕੂੜਾ-ਕਰਕਟ ਪ੍ਰਬੰਧਨ ਲਈ 9042 ਗ੍ਰਾਮ ਪੰਚਾਇਤਾਂ ਵਾਸਤੇ 53.20 ਕਰੋੜ ਰੁਪਏ, ਤਰਲ ਰਹਿੰਦ-ਖੂੰਹਦ ਪ੍ਰਬੰਧਨ ਲਈ 4846 ਗ੍ਰਾਮ ਪੰਚਾਇਤਾਂ ਵਾਸਤੇ 181.90 ਕਰੋੜ ਰੁਪਏ ਦੀ ਰਾਸੀ ਦੀ ਵੰਡ ਕੀਤੀ ਗਈ ਹੈ। ਕੰਢੀ ਅਤੇ ਪਾਣੀ ਦੇ ਸੰਕਟ ਨਾਲ ਜੂਝਣ ਵਾਲੇ ਹੋਰ ਖੇਤਰਾਂ 'ਚ ਪਾਣੀ ਦੀ ਕਮੀ ਨੂੰ ਹੱਲ ਕਰਨ ਵੱਲ ਵਿਸੇਸ ਧਿਆਨ ਦੇਣ ਲਈ ਕਿਹਾ ਗਿਆ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਜਿੰਪਾ ਨੇ ਅਧਿਕਾਰੀਆਂ ਨੂੰ ਵਿਭਾਗ ਦੀਆਂ ਸਮੂਹ ਸ੍ਰੇਣੀਆਂ ਦੀ ਤਰੱਕੀ ਪ੍ਰਕਿਰਿਆ 'ਚ ਤੇਜੀ ਲਿਆਉਣ ਦੀ ਹਦਾਇਤ ਕੀਤੀ। ਇਸ ਦੇ ਨਾਲ ਹੀ ਵੱਖ-ਵੱਖ ਕਰਮਚਾਰੀ ਯੂਨੀਅਨਾਂ ਵੱਲੋਂ ਉਠਾਏ ਗਏ ਮੁੱਦਿਆਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਵਿਭਾਗ ਅੰਦਰ ਕੰਮ ਲਈ ਅਨੁਕੂਲ ਮਾਹੌਲ ਨੂੰ ਬਰਕਰਾਰ ਰੱਖਦਿਆਂ ਕਾਨੂੰਨ ਤੇ ਨਿਯਮਾਂ ਅਨੁਸਾਰ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਿਆਪਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਦੇ ਨਾਲ-ਨਾਲ ਠੋਸ ਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਵੱਲ ਵਿਸੇਸ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਪਿੰਡਾਂ ਨੂੰ ਮਾਡਲ ਪਿੰਡ ਬਣਾਇਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਸ਼ੇਸ਼ ਸਕੱਤਰ ਕਮ ਮਿਸ਼ਨ ਡਾਇਰੈਕਟਰ ਸਵੱਛ ਭਾਰਤ ਮਿਸ਼ਨ ਅਮਿਤ ਤਲਵਾਰ ਵੀ ਹਾਜ਼ਿਰ ਸਨ।

# ਮੁਕੇਸ਼ ਅੰਬਾਨੀ ਦੀ ਰਿਲਾਇੰਸ ਨੇ ਕੀਤੀ ਸਭ ਤੋਂ ਵੱਧ ਕਮਾਈ, ਟਾਟਾ ਦੀ ਇਸ ਕੰਪਨੀ ਨੂੰ ਹੋਇਆ ਘਾਟਾ

**ਏਜੰਸੀਆਂ**

ਨਵੀਂ ਦਿੱਲੀ 1 ਮਾਰਚ। ਸੈਂਸੈਕਸ ਦੀਆਂ ਚੋਟੀ ਦੀਆਂ 10 ਸਭ ਤੋਂ ਕੀਮਤੀ ਕੰਪਨੀਆਂ 'ਚੋਂ 8 ਦਾ ਬਾਜਾਰ ਮੁੱਲ (ਮਾਰਕੀਟ ਕੈਪ) ਪਿਛਲੇ ਹਫਤੇ 1,10,106.83 ਕਰੋੜ ਰੁਪਏ ਵਧਿਆ ਹੈ। ਇਸ 'ਚ ਰਿਲਾਇੰਸ ਇੰਡਸਟਰੀਜ ਲਿਮਟਿਡ () ਨੂੰ ਸਭ ਤੋਂ ਜ਼ਿਆਦਾ ਫਾਇਦਾ ਹੋਇਆ ਹੈ। ਪਿਛਲੇ ਹਫਤੇ ਬੀ.ਐੱਸ.ਈ. ਦਾ 30 ਸੇਅਰਾਂ ਵਾਲਾ ਸੈਂਸੈਕਸ 716.16 ਅੰਕ ਭਾਵ 0.97 ਫੀਸਦੀ ਵਧਿਆ ਸੀ। ਪਿਛਲੇ ਹਫਤੇ ਰਿਲਾਇੰਸ ਇੰਡਸਟਰੀਜ, ਆਈ.ਸੀ.ਆਈ.ਸੀ.ਆਈ. ਬੈਂਕ, ਭਾਰਤੀ ਜੀਵਨ ਬੀਮਾ ਨਿਗਮ (ਐੱਲ. ਆਈ. ਸੀ.), ਆਈ.ਟੀ.ਸੀ. ਅਤੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ () ਦਾ ਬਾਜਾਰ ਮੁੱਲ ਵਧਿਆ ਹੈ। ਇਸ ਦੌਰਾਨ ਟਾਟਾ ਕੰਸਲਟੈਂਸੀ ਸਰਵਿਸਿਜ (ਟੀਸੀਐਸ) ਅਤੇ ਇਨਫੋਸਿਸ ਦੇ ਬਾਜਾਰ ਪੂੰਜੀਕਰਣ ਵਿੱਚ ਸਮੂਹਿਕ ਤੌਰ 'ਤੇ 38,477.49 ਕਰੋੜ ਰੁਪਏ ਦੀ ਗਿਰਾਵਟ ਆਈ ਹੈ। ਸਮੀਖਿਆ ਅਧੀਨ ਹਫਤੇ 'ਚ ਰਿਲਾਇੰਸ ਇੰਡਸਟਰੀਜ ਦਾ ਬਾਜਾਰ ਪੂੰਜੀਕਰਣ 43,976.96 ਕਰੋੜ ਰੁਪਏ ਵਧ ਕੇ 20,20,470.88 ਕਰੋੜ ਰੁਪਏ ਹੋ ਗਿਆ। ਸੁੱਕਰਵਾਰ ਨੂੰ ਤੇਲ ਤੋਂ ਲੈ ਕੇ ਦੂਰਸੰਚਾਰ ਖੇਤਰ ਵਿੱਚ ਕੰਮ ਕਰਨ ਵਾਲੇ ਸਮੂਹ ਦੇ ਸੇਅਰ 2,996.15 ਰੁਪਏ ਦੇ ਆਪਣੇ 52 ਹਫਤੇ ਦੇ ਨਵੇਂ ਉੱਚੇ ਪੱਧਰ 'ਤੇ ਪਹੁੰਚ ਗਏ। ਆਈਸੀਆਈਸੀਆਈ ਬੈਂਕ ਦਾ ਮੁਲਾਂਕਣ ਹਫਤੇ ਦੌਰਾਨ 27,012.47 ਕਰੋੜ ਰੁਪਏ ਵਧ ਕੇ 7,44,808.72 ਕਰੋੜ ਰੁਪਏ ਹੋ ਗਿਆ। ਜਦੋਂ ਕਿ ਦਾ ਬਾਜਾਰ ਪੂੰਜੀਕਰਣ 17,235.62 ਕਰੋੜ ਰੁਪਏ ਵਧ ਕੇ 6,74,655.88 ਕਰੋੜ ਰੁਪਏ ਹੋ ਗਿਆ। ਦਾ ਬਾਜਾਰ ਪੂੰਜੀਕਰਣ 8,548.19 ਕਰੋੜ ਰੁਪਏ ਵਧ ਕੇ



5,13,640.37 ਕਰੋੜ ਰੁਪਏ ਅਤੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ ਦਾ ਮੁੱਲ 4,534.71 ਕਰੋੜ ਰੁਪਏ ਵਧ ਕੇ 5,62,574.38 ਕਰੋੜ ਰੁਪਏ ਹੋ ਗਿਆ। ਸਟੇਟ ਬੈਂਕ ਆਫ ਇੰਡੀਆ () ਦਾ ਬਾਜਾਰ ਮੁੱਲ 4,149.94 ਕਰੋੜ ਰੁਪਏ ਵਧ ਕੇ 6,77,735.03 ਕਰੋੜ ਰੁਪਏ 'ਤੇ ਪਹੁੰਚ ਗਿਆ। ਬੁੱਧਵਾਰ ਨੂੰ, ਐਸਬੀਆਈ ਮਾਰਕੀਟ ਮੁਲਾਂਕਣ ਦੇ ਮਾਮਲੇ ਵਿੱਚ ਪੰਜਵੀਂ ਸਭ ਤੋਂ ਵੱਡੀ ਕੰਪਨੀ ਬਣ ਗਈ। ਇਸਨੇ ਮੁਲਾਂਕਣ ਦੇ ਮਾਮਲੇ ਵਿੱਚ ਆਈਟੀ ਕੰਪਨੀ ਇੰਫੋਸਿਸ ਨੂੰ ਪਿੱਛੇ ਛੱਡ ਦਿੱਤਾ। ਸਮੀਖਿਆ ਅਧੀਨ ਹਫਤੇ 'ਚ ਭਾਰਤੀ ਏਅਰਟੈੱਲ ਦਾ ਬਾਜਾਰ ਮੁੱਲ 3,855.73 ਕਰੋੜ ਰੁਪਏ ਵਧ ਕੇ 6,34,196.63 ਕਰੋੜ ਰੁਪਏ ਅਤੇ ਬੈਂਕ ਦਾ ਬਾਜਾਰ ਮੁੱਲ 793.21 ਕਰੋੜ ਰੁਪਏ ਵਧ ਕੇ 10,79,286.5 ਕਰੋੜ ਰੁਪਏ 'ਤੇ ਪਹੁੰਚ ਗਿਆ। ਇਸ ਰੁਝਾਨ ਦੇ ਉਲਟ, ਟਾਟਾ ਕੰਸਲਟੈਂਸੀ ਸਰਵਿਸਿਜ (ਟੀਸੀਐਸ) ਦਾ ਮੁਲਾਂਕਣ 27,949.73 ਕਰੋੜ ਰੁਪਏ ਘਟ ਕੇ 14,66,030.97 ਕਰੋੜ ਰੁਪਏ ਰਹਿ ਗਿਆ। ਇੰਫੋਸਿਸ ਦਾ ਮਾਰਕੀਟ ਕੈਪ 10,527.76 ਕਰੋੜ ਰੁਪਏ ਘਟ ਕੇ 6,96,045.32 ਕਰੋੜ ਰੁਪਏ ਰਹਿ ਗਿਆ। ਸੈਂਸੈਕਸ ਦੀਆਂ ਟਾਪ 10 ਕੰਪਨੀਆਂ 'ਚ ਰਿਲਾਇੰਸ ਇੰਡਸਟਰੀਜ ਪਹਿਲੇ ਸਥਾਨ 'ਤੇ ਰਹੀ। ਇਸ ਤੋਂ ਬਾਅਦ ਕ੍ਰਮਵਾਰ ਟੀਸੀਐਸ, ਐਚਡੀਐਫਸੀ ਬੈਂਕ, ਆਈਸੀਆਈਸੀਆਈ ਬੈਂਕ, ਇਨਫੋਸਿਸ, ਐਸਬੀਆਈ, ਐਲਆਈਸੀ, ਭਾਰਤੀ ਏਅਰਟੈੱਲ, ਹਿੰਦੁਸਤਾਨ ਯੂਨੀਲੀਵਰ ਅਤੇ ਆਈ.ਟੀ.ਸੀ. ਦਾ ਸਥਾਨ ਰਿਹਾ।

# 2000 ਰੁਪਏ ਦੇ ਨੋਟ ਵਾਪਸ ਲੈਣ ਦਾ ਦਿਖਾਈ ਦਿੱਤਾ ਅਸਰ

**ਏਜੰਸੀਆਂ**

ਨਵੀਂ ਦਿੱਲੀ 1 ਮਾਰਚ। ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ.) ਵੱਲੋਂ 2,000 ਰੁਪਏ ਦੇ ਨੋਟਾਂ ਨੂੰ ਸਰਕੂਲੇਸਨ ਤੋਂ ਹਟਾਏ ਜਾਣ ਦਾ ਅਸਰ ਨਜਰ ਆਉਣ ਲੱਗਾ ਹੈ। ਤੁਹਾਨੂੰ ਦੱਸ ਦੇਈਏ ਕਿ ਸੈਂਟਰਲ ਬੈਂਕ ਨੇ 19 ਮਈ 2023 ਨੂੰ 2,000 ਰੁਪਏ ਦੇ ਬੈਂਕ ਨੋਟਾਂ ਨੂੰ ਪ੍ਰਚਲਨ ਤੋਂ ਵਾਪਸ ਲੈਣ ਦਾ ਐਲਾਨ ਕੀਤਾ ਸੀ। ਹੁਣ ਆਰਬੀਆਈ ਨੇ ਇਸ ਦੇ ਚੰਗੇ ਲਾਭਾਂ ਦੀ ਗਿਣਤੀ ਕੀਤੀ ਹੈ। ਆਰਬੀਆਈ ਦੇ ਅੰਕੜਿਆਂ ਅਨੁਸਾਰ 9 ਫਰਵਰੀ ਨੂੰ ਖਤਮ ਹੋਏ ਹਫਤੇ ਵਿੱਚ ਸਰਕੂਲੇਸਨ ਵਿੱਚ ਮੁਦਰਾ ਦੀ ਵਾਧਾ ਦਰ ਇੱਕ ਸਾਲ ਪਹਿਲਾਂ 8.2 ਪ੍ਰਤੀਸਤ ਤੋਂ ਘੱਟ ਕੇ 3.7 ਪ੍ਰਤੀਸਤ ਰਹਿ ਗਈ। ਕਰੰਸੀ ਇਨ ਸਰਕੂਲੇਸਨ () ਤੋਂ ਭਾਵ ਸਰਕੂਲੇਸਨ ਵਿੱਚ ਮੌਜੂਦ ਨੋਟਾਂ ਅਤੇ ਸਿੱਕਿਆਂ ਤੋਂ ਹੈ। ਇਸ ਦੇ ਨਾਲ ਹੀ ਜਨਤਾ ਕੋਲ ਮੌਜੂਦ ਮੁਦਰਾ ਤੋਂ ਭਾਵ ਬੈਂਕਾਂ ਵਿੱਚ ਜਮ੍ਹਾ ਨਕਦੀ ਨੂੰ ਘਟਾ ਕੇ ਪ੍ਰਚਲਨ ਵਿੱਚ ਮੌਜੂਦਾ ਨੋਟਾਂ ਅਤੇ ਸਿੱਕਿਆਂ ਤੋਂ ਹੁੰਦਾ ਹੈ। ਆਰਬੀਆਈ ਅਨੁਸਾਰ ਜਨਵਰੀ ਵਿੱਚ ਵਪਾਰਕ ਬੈਂਕਾਂ ਵਿੱਚ ਜਮ੍ਹਾਂ ਰਕਮਾਂ ਵਿੱਚ ਦੋਹਰੇ ਅੰਕਾਂ ਦਾ ਵਾਧਾ ਹੋਇਆ ਹੈ। ਇਸ ਦਾ ਕਾਰਨ 2,000 ਰੁਪਏ ਦੇ ਨੋਟਾਂ ਨੂੰ ਬੰਦ ਕਰਨਾ ਵੀ ਹੈ। ਕੇਂਦਰੀ ਬੈਂਕ ਦੇ ਅੰਕੜਿਆਂ ਅਨੁਸਾਰ, ਰਿਜਰਵ ਕਰੰਸੀ (ਆਰਐਮ) ਦੀ ਵਾਧਾ



ਦਰ 9 ਫਰਵਰੀ, 2024 ਨੂੰ ਘਟਾ ਕੇ 5.8 ਪ੍ਰਤੀਸਤ ਹੋ ਗਈ, ਜੋ ਇੱਕ ਸਾਲ ਪਹਿਲਾਂ 11.2 ਪ੍ਰਤੀਸਤ ਸੀ। ਵਿੱਚ ਤੋਂ ਇਲਾਵਾ ਕੇਂਦਰੀ ਬੈਂਕ ਵਿੱਚ ਬੈਂਕਾਂ ਦੀ ਜਮ੍ਹਾਂ ਰਕਮ ਅਤੇ ਹੋਰ ਜਮ੍ਹਾਂ ਸਾਮਲ ਹਨ। ਆਰਬੀਆਈ ਅਨੁਸਾਰ, ਦੇ ਸਭ ਤੋਂ ਵੱਡੇ ਹਿੱਸੇ, ਦੀ ਵਿਕਾਸ ਦਰ ਇੱਕ ਸਾਲ ਪਹਿਲਾਂ 8.2 ਪ੍ਰਤੀਸਤ ਤੋਂ ਘੱਟ ਕੇ 3.7 ਪ੍ਰਤੀਸਤ ਹੋ ਗਈ ਹੈ। ਇਸ ਦਾ ਕਾਰਨ ਸਪੱਸਟ ਰੂਪ ਨਾਲ 2 ਹਜਾਰ ਰੁਪਏ ਦੇ ਨੋਟ ਵਾਪਸ ਲੈਣਾ ਹੈ। 31 ਜਨਵਰੀ ਤੱਕ, 2,000 ਰੁਪਏ ਦੇ ਨੋਟਾਂ ਵਿੱਚੋਂ ਲਗਭਗ 97.5 ਪ੍ਰਤੀਸਤ ਬੈਂਕਿੰਗ ਪ੍ਰਣਾਲੀ ਵਿੱਚ ਵਾਪਸ ਆ ਗਏ ਸਨ, ਅਤੇ ਅਜਿਹੇ 8,897 ਕਰੋੜ ਰੁਪਏ ਦੇ ਨੋਟ ਅਜੇ ਵੀ ਲੋਕਾਂ ਕੋਲ ਹਨ। 19 ਮਈ, 2023 ਨੂੰ ਕਾਰੋਬਾਰ ਦੀ ਸਮਾਪਤੀ 'ਤੇ 2,000 ਰੁਪਏ ਦੇ ਬੈਂਕ ਨੋਟਾਂ ਦੀ ਕੁੱਲ ਕੀਮਤ 3.56 ਲੱਖ ਕਰੋੜ ਰੁਪਏ ਸੀ। ਅਜਿਹੇ ਨੋਟ ਰੱਖਣ ਵਾਲੇ ਲੋਕਾਂ ਅਤੇ ਇਕਾਈਆਂ ਨੂੰ ਸੁਰੂ ਵਿੱਚ 30 ਸਤੰਬਰ, 2023 ਤੱਕ ਇਨ੍ਹਾਂ ਨੂੰ ਬਦਲਣ ਜਾਂ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਸੀ। ਬਾਅਦ ਵਿੱਚ ਇਹ ਸਮਾਂ ਸੀਮਾ 7 ਅਕਤੂਬਰ 2023 ਤੱਕ ਵਧਾ ਦਿੱਤੀ ਗਈ। 8 ਅਕਤੂਬਰ, 2023 ਤੋਂ, ਲੋਕਾਂ ਨੂੰ ਆਰਬੀਆਈ ਦੇ 19 ਦਫਤਰਾਂ ਵਿੱਚ ਮੁਦਰਾ ਬਦਲਣ ਜਾਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਉਹੀ ਰਕਮ ਜਮ੍ਹਾ ਕਰਨ ਦਾ ਵਿਕਲਪ ਦਿੱਤਾ ਗਿਆ ਹੈ।

# ਪੁਲਸ ਵਲੋਂ ਮੋਬਾਇਲ ਫੋਨ ਅਤੇ ਸਿਮ ਵੇਚਣ ਅਤੇ ਖਰੀਦਣ ਸਮੇਂ ਸਖਤ ਹਦਾਇਤਾਂ ਜਾਰੀ

ਜਲੰਧਰ 1 ਮਾਰਚ। ਡਿਪਟੀ ਕਮਿਸ਼ਨਰ ਪੁਲਸ ਲਾਅ ਐਂਡ ਆਰਡਰ ਅੰਕੁਰ ਗੁਪਤਾ ਨੇ ਫੌਜ਼ਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਾਈਬਰ ਕ੍ਰਾਈਮ ਨੂੰ ਰੋਕਣ ਲਈ, ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ, ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣ ਲਈ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪੁਲਸ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਆਉਂਦੇ ਸਾਰੇ ਮੋਬਾਇਲ ਫੋਨ ਅਤੇ ਸਿਮ ਵਿਕਰੇਤਾ, ਮੋਬਾਇਲ ਫੋਨ ਅਤੇ ਸਿਮ ਵੇਚਦੇ ਸਮੇਂ ਖ਼ਰੀਦਦਾਰ ਪਾਸੋਂ ਪਛਾਣ ਪੱਤਰ/ਆਈ. ਡੀ. ਪਰੂਫ/ਫੋਟੋ ਹਾਸਲ ਕੀਤੇ ਬਿਨਾਂ ਮੋਬਾਇਲ ਫੋਨ ਅਤੇ ਸਿਮ ਨਹੀਂ ਵੇਚਣਗੇ ਅਤੇ ਮੋਬਾਇਲ ਫੋਨ ਨੂੰ ਗ੍ਰਾਹਕ/ਵਿਕਰੇਤਾ ਪਾਸੋਂ ਖ਼ਰੀਦ ਕਰਨ ਸਮੇਂ ਗ੍ਰਾਹਕ/ਵਿਕਰੇਤਾ ਨੂੰ ਵੀ ਆਪਣੀ ਫਰਮ ਦੀ ਮੋਹਰ ਅਤੇ ਦਸਤਖਤਾਂ ਹੇਠ 'ਪ੍ਰਚੇਜ਼ ਸਰਟੀਫਿਕੇਟ' ਦੇਣਗੇ। ਇਸ ਤੋਂ ਇਲਾਵਾ ਫੋਨ ਖਰੀਦਣ ਸਮੇਂ ਖ਼ਰੀਦਦਾਰ ਜਾਂ ਕੋਈ ਉਸਦਾ ਰਿਸ਼ਤੇਦਾਰ/ਜਾਣਕਾਰ ਵਿਅਕਤੀ, ਜਿਸ ਦੇ ਅਕਾਊਂਟ 'ਚੋਂ ਯੂ. ਪੀ. ਆਈ. ਪੇਮੈਂਟ ਜਾਂ ਕਾਰਡ ਦੁਆਰਾ ਜਾਂ ਆਨ-ਲਾਈਨ ਅਦਾਇਗੀ ਕੀਤੀ ਜਾਂਦੀ ਹੈ ਤਾਂ ਉਸ ਵਿਅਕਤੀ ਦਾ ਆਈ. ਡੀ. ਪਰੂਫ ਵੀ ਦੁਕਾਨਦਾਰ ਹਾਸਲ ਕਰਨ ਦੇ ਜ਼ਿੰਮੇਵਾਰ ਹੋਣਗੇ ਅਤੇ ਗ੍ਰਾਹਕ ਦਾ ਨਾਂ ਅਤੇ ਜਨਮ ਮਿਤੀ, ਪਿਤਾ ਦਾ ਨਾਂ, ਘਰ ਦਾ ਪੂਰਾ ਪਤਾ, ਜਿਸ ਨੂੰ ਫੋਨ ਜਾਂ ਸਿਮ ਵੇਚਿਆ ਹੈ ਜਾਂ ਜਿਸ ਪਾਸੋਂ ਫੋਨ ਖ਼ਰੀਦਿਆ ਹੈ ਉਸ ਦਾ ਆਈ. ਡੀ. ਪਰੂਫ, ਮੋਬਾਇਲ ਅਤੇ ਸਿਮ ਖਰੀਦਣ ਵਾਲੇ ਵਿਅਕਤੀ ਦੇ ਅੰਗੂਠੇ ਦਾ ਨਿਸ਼ਾਨ ਅਤੇ ਦਸਤਖਤ, ਮੋਬਾਇਲ ਫੋਨ ਵੇਚਣ/ਖਰੀਦਣ ਦੀ ਮਿਤੀ ਅਤੇ ਸਮਾਂ, ਜਿਸ ਵਿਅਕਤੀ ਦੇ ਅਕਾਊਂਟ 'ਚੋਂ ਪੇਮੈਂਟ ਹੋਈ ਹੈ, ਉਸ ਵਿਅਕਤੀ ਦਾ ਆਈ. ਡੀ.ਪਰੂਫ ਅਤੇ ਗ੍ਰਾਹਕ ਦੀ ਫੋਟੋ ਅਨੁਸਾਰ ਰਿਕਾਰਡ ਰਜਿਸਟਰ ਮੇਨਟੇਨ ਕਰਨਗੇ। ਇਹ ਹੁਕਮ 29.02.2024 ਤੋਂ 13.04.2024 ਤੱਕ ਲਾਗੂ ਰਹੇਗਾ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਦੇ 69 ਸਕੂਲਾਂ ਨੂੰ ਵੰਡੀ 5.17 ਕਰੋੜ ਦੀ 'ਬੈਸਟ ਸਕੂਲ ਐਵਾਰਡ' ਰਾਸ਼ੀ

**ਸਰਦੂਲ ਸਿੰਘ**

ਚੰਡੀਗੜ੍ਹ 1 ਮਾਰਚ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਪੰਜਾਬ ਦੇ 69 ਸਕੂਲਾਂ ਨੂੰ 5.17 ਕਰੋੜ ਦੀ 'ਬੈਸਟ ਸਕੂਲ ਐਵਾਰਡ' ਰਾਸ਼ੀ ਦੀ ਵੰਡ ਕੀਤੀ ਗਈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕਰਕੇ ਦੇਸ਼ ਦਾ ਮੋਹਰੀ ਸੂਬਾ ਬਣ ਰਿਹਾ ਹੈ। ਸੂਬੇ ਦੇ ਸਕੂਲਾਂ ਦੀਆਂ ਇਮਾਰਤਾਂ ਖੂਬਸੂਰਤ ਬਣਾਉਣ ਦੇ ਨਾਲ-ਨਾਲ ਸਿੱਖਿਆ ਦੀ ਕੁਆਲਟੀ ਸੁਧਾਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸੂਬੇ ਦੇ ਹਰ ਜ਼ਿਲ੍ਹੇ ਦੇ ਇੱਕ-ਇੱਕ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲ ਦੀ ਚੋਣ ਕਰਕੇ ਹਰੇਕ ਸਕੂਲ ਨੂੰ ਕ੍ਰਮਵਾਰ 10 ਲੱਖ, 7.5 ਲੱਖ ਅਤੇ 5 ਲੱਖ ਰੁਪਏ ਬਤੌਰ ਇਨਾਮੀ ਰਾਸ਼ੀ ਦਿੱਤੀ ਗਈ। ਸੂਬੇ ਦੇ ਸਰਕਾਰੀ ਸਕੂਲਾਂ ਵਿਚ ਵਿੱਦਿਅਕ ਅਤੇ ਸਹਿ-ਵਿੱਦਿਅਕ ਪੈਰਾਮੀਟਰਾਂ ਦੇ ਆਧਾਰ 'ਤੇ ਹਰੇਕ ਜ਼ਿਲ੍ਹੇ ਵਿਚੋਂ ਸਰਵੋਤਮ ਸਕੂਲ ਦੀ ਚੋਣ ਕੀਤੀ ਗਈ ਹੈ। ਇਸ ਮੌਕੇ ਬੋਲਦਿਆਂ ਸਕੂਲ ਸਿੱਖਿਆ ਮੰਤਰੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਬਿਹਤਰੀਨ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਸੀਨੀਅਰ ਸੈਕੰਡਰੀ ਸਕੂਲਾਂ ਦੀ ਸ਼੍ਰੇਣੀ ਵਿਚ ਜਿਨ੍ਹਾਂ ਸਕੂਲਾਂ ਨੂੰ ਸਨਮਾਨਿਤ ਕੀਤਾ ਗਿਆ ਉਨ੍ਹਾਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਹਣਾ ਸਿੰਘ ਰੋਡ, ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਜ਼ਿਲ੍ਹਾ ਬਰਨਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਵਾਨਗੜ੍ਹ, ਜ਼ਿਲ੍ਹਾ ਬਠਿੰਡਾ, ਡਾ. ਚੰਦਾ ਸਿੰਘ ਮਰਵਾਹਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਉਸਮਾਨ ਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਲਾਹੜ, ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲਾਡੋਵਾਲੀ ਹੋਡ, ਜ਼ਿਲ੍ਹਾ ਜਲੰਧਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਿਆਲਾ ਕਲਾਂ, ਜ਼ਿਲ੍ਹਾ ਮਾਨਸਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਜ਼ਿਲ੍ਹਾ ਮੋਗਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਸੋਈ, ਜ਼ਿਲ੍ਹਾ ਮਲੇਰਕੋਟਲਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਬੁਲ ਖੁਰਾਣਾ, ਲੰਬੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਜ਼ਿਲ੍ਹਾ ਪਠਾਨਕੋਟ,



ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਹਾਦਰਗੜ੍ਹ ਜ਼ਿਲ੍ਹਾ ਪਟਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬਸੀ, ਤਖਤਗੜ੍ਹ ਜ਼ਿਲ੍ਹਾ ਰੂਪਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਦਾਮਪੁਰ ਜ਼ਿਲ੍ਹਾ ਸੰਗਰੂਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਨੌਲੀ, ਜ਼ਿਲ੍ਹਾ ਐੱਸ.ਏ.ਐੱਸ. ਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਾਡਲਾ ਜ਼ਿਲ੍ਹਾ ਐੱਸ.ਬੀ.ਐੱਸ. ਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨਤਾਰਨ ਸ਼ਾਮਲ ਹਨ। ਇਸੇ ਤਰ੍ਹਾਂ ਹਾਈ ਸਕੂਲਾਂ ਦੀ ਸ਼੍ਰੇਣੀ ਵਿਚ ਜਿਨ੍ਹਾਂ ਸਕੂਲਾਂ ਨੂੰ ਸਨਮਾਨਿਤ ਕੀਤਾ ਗਿਆ ਉਨ੍ਹਾਂ ਵਿੱਚ ਸਰਕਾਰੀ ਹਾਈ ਸਕੂਲ ਗੁਰੂ ਵਾਲੀ, ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਹਾਈ ਸਕੂਲ ਕੈਰੇ ਜ਼ਿਲ੍ਹਾ ਬਰਨਾਲਾ, ਸਰਕਾਰੀ (ਕੰ) ਹਾਈ ਸਕੂਲ ਭੁੱਚੋ ਮੰਡੀ ਜ਼ਿਲ੍ਹਾ ਬਠਿੰਡਾ, ਸਰਕਾਰੀ ਹਾਈ ਸਕੂਲ ਬੀੜ ਸਿੱਖਾਂ ਵਾਲੀ ਜ਼ਿਲ੍ਹਾ ਫ਼ਰੀਦਕੋਟ, ਸਰਕਾਰੀ ਹਾਈ ਸਕੂਲ ਬਡਾਲੀ ਮਾਈ ਕਈ, ਜ਼ਿਲ੍ਹਾ ਸ਼੍ਰੀ ਫਤਹਿਗੜ੍ਹ ਸਾਹਿਬ, ਸਰਕਾਰੀ ਹਾਈ ਸਕੂਲ ਸ਼ੇਰਗੜ੍ਹ ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਹਾਈ ਸਕੂਲ ਸਤੀਏ ਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ, ਸ਼ਹੀਦ ਮੇਜਰ ਵਜਿੰਦਰ ਸਿੰਘ ਸਹੀ ਸਰਕਾਰੀ ਹਾਈ ਸਕੂਲ ਗਿੱਲਾਂਵਾਲੀ (ਕਿਲ੍ਹਾ ਦਰਸ਼ਨ ਸਿੰਘ) ਜ਼ਿਲ੍ਹਾ ਗੁਰਦਾਸਪੁਰ, ਸਰਕਾਰੀ ਹਾਈ ਸਕੂਲ ਅਮਰੋਹ, ਜ਼ਿਲ੍ਹਾ ਹੁਸ਼ਿਆਰਪੁਰ, ਸਰਕਾਰੀ ਹਾਈ ਸਕੂਲ ਨੁੱਸੀ ਜ਼ਿਲ੍ਹਾ ਜਲੰਧਰ, ਸਰਕਾਰੀ ਹਾਈ ਸਕੂਲ ਤਲਵੰਡੀ ਪਾਈਂ, ਜ਼ਿਲ੍ਹਾ ਕਪੂਰਥਲਾ, ਸਰਕਾਰੀ ਹਾਈ ਸਕੂਲ ਬੁੱਲ੍ਹੇਪੁਰ ਜ਼ਿਲ੍ਹਾ ਲੁਧਿਆਣਾ, ਸਰਕਾਰੀ ਹਾਈ ਸਕੂਲ ਦੋਦੜਾ ਜ਼ਿਲ੍ਹਾ ਮਾਨਸਾ, ਸਰਕਾਰੀ ਹਾਈ ਸਕੂਲ ਦੌਲਤਪੁਰ ਉੱਚਾ, ਜ਼ਿਲ੍ਹਾ ਮੋਗਾ, ਸਰਕਾਰੀ ਹਾਈ ਸਕੂਲ ਨੰਗਲ ਜ਼ਿਲ੍ਹਾ ਮਾਲੇਰਕੋਟਲਾ, ਸਰਕਾਰੀ ਹਾਈ ਸਕੂਲ ਲੰਡੇ ਰੋਡੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਸਰਕਾਰੀ ਹਾਈ ਸਕੂਲ ਫਤਿਹਪੁਰ ਪਠਾਨਕੋਟ, ਸਰਕਾਰੀ ਹਾਈ ਸਕੂਲ ਢਕਾਨਸੂੰ ਕਲਾਂ ਜ਼ਿਲ੍ਹਾ ਪਟਿਆਲਾ, ਸਰਕਾਰੀ ਹਾਈ ਸਕੂਲ ਸਸਕੌਰ ਜ਼ਿਲ੍ਹਾ ਰੂਪਨਗਰ, ਸਰਕਾਰੀ ਹਾਈ ਸਕੂਲ ਰਾਜੋਮਾਜਰਾ ਜ਼ਿਲ੍ਹਾ ਸੰਗਰੂਰ, ਸ਼ਹੀਦ ਸੂਬੇਦਾਰ ਬਲਬੀਰ ਸਿੰਘ ਸਰਕਾਰੀ ਹਾਈ ਸਕੂਲ ਦੱਪਰ ਜ਼ਿਲ੍ਹਾ ਐੱਸ.ਏ.ਐੱਸ. ਨਗਰ, ਸਰਕਾਰੀ ਹਾਈ ਸਕੂਲ ਚਾਂਦਪੁਰ ਰੁੜਕੀ ਜ਼ਿਲ੍ਹਾ ਐੱਸ.ਬੀ.ਐੱਸ. ਨਗਰ, ਸਰਕਾਰੀ ਹਾਈ ਸਕੂਲ ਅਲਗੋਂ ਕੋਠੀ ਜ਼ਿਲ੍ਹਾ ਤਰਨ ਤਾਰਨ ਸ਼ਾਮਲ ਹਨ। ਇਸੇ ਤਰ੍ਹਾਂ ਮਿਡਲ ਸਕੂਲ ਦੀ ਸ਼੍ਰੇਣੀ ਵਿਚ ਸਰਕਾਰੀ ਮਿਡਲ ਸਕੂਲ ਕੋਟ ਮਾਹਣਾ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਸਰਕਾਰੀ ਮਿਡਲ ਸਕੂਲ ਧਨੌਲਾ ਖੁਰਦ ਜ਼ਿਲ੍ਹਾ ਬਰਨਾਲਾ, ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ ਜ਼ਿਲ੍ਹਾ ਬਠਿੰਡਾ, ਸਰਕਾਰੀ ਮਿਡਲੂ ਸਕੂਲ ਸਿਰਸੜੀ ਜ਼ਿਲ੍ਹਾ ਫ਼ਰੀਦਕੋਟ, ਸਰਕਾਰੀ ਮਿਡਲ ਸਕੂਲ ਬਹਾਦਰਗੜ੍ਹ ਜ਼ਿਲ੍ਹਾ ਸ਼੍ਰੀ ਫਤਹਿਗੜ੍ਹ ਸਾਹਿਬ, ਸਰਕਾਰੀ ਮਿਡਲ ਸਕੂਲ ਹੌਜ਼ ਖ਼ਾਸ ਜ਼ਿਲ੍ਹਾ ਫਾਜ਼ਿਲਕਾ, ਸਰਕਾਰੀ ਮਿਡਲ ਸਕੂਲ ਆਸਲ ਜ਼ਿਲ੍ਹਾ ਫਿਰੋਜ਼ਪੁਰ, ਸਰਕਾਰੀ ਮਿਡਲ ਸਕੂਲ ਰਸੂਲਪੁਰ ਬੇਟ ਜ਼ਿਲ੍ਹਾ ਗੁਰਦਾਸਪੁਰ,ਸਰਕਾਰੀ ਮਿਡਲ ਸਕੂਲ ਡਲੇਵਾਲ ਜ਼ਿਲ੍ਹਾ ਹਸ਼ਿਆਰਪੁਰ, ਸਰਕਾਰੀ ਮਿਡਲ ਸਕੂਲ ਟਾਹਲੀ ਜ਼ਿਲ੍ਹਾ ਜਲੰਧਰ, ਸਰਕਾਰੀ ਮਿਡਲ ਸਕੂਲ ਭੰਡਾਲ ਦੋਨਾ ਜ਼ਿਲ੍ਹਾ ਕਪੂਰਥਲਾ, ਸਰਕਾਰੀ ਮਿਡਲ ਸਕੂਲ ਰੋਹਣੋ ਕਲਾਂ ਜ਼ਿਲ੍ਹਾ ਲੁਧਿਆਣਾ, ਸਰਕਾਰੀ ਮਿਡਲ ਸਕੂਲ ਝੰਡੇਮਾਜਰਾ ਜ਼ਿਲ੍ਹਾ ਐੱਸ.ਏ.ਐੱਸ. ਨਗਰ, ਸਰਕਾਰੀ ਮਿਡਲ ਸਕੂਲ ਜੱਬੋਵਾਲ ਜ਼ਿਲ੍ਹਾ ਐੱਸ.ਬੀ.ਐੱਸ. ਨਗਰ, ਸਰਕਾਰੀ ਮਿਡਲ ਸਕੂਲ ਬੇਲਾ ਜ਼ਿਲ੍ਹਾ ਤਰਨਤਾਰਨ ਸ਼ਾਮਲ ਹਨ।